Punjabi Parwaz

# ਪੰਜਾਬੀ ਪਰਵਾਜ਼

ਅੰਕ 71ਵਾਂ (ਸ਼ਿਕਾਗੋ): 31 ਜਨਵਰੀ ਤੋਂ 13 ਫਰਵਰੀ 2026 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548

# ਪੰਥਕ ਜਥੇਬੰਦੀਆਂ ਵੱਲੋਂ ਸਿੱਖ ਸੰਘਰਸ਼ ਨੂੰ ਜਾਰੀ ਰੱਖਣ ਦਾ ਅਹਿਦ

***ਸਰਬੱਤ ਖਾਲਸਾ ਸੰਸਥਾ ਦਾ ਵਿਧੀ ਵਿਧਾਨ ਘੜਨ ਬਾਰੇ ਸਹਿਮਤੀ**

***ਨੌਜਵਾਨਾਂ ਦੇ ਹਵਾਲੇ ਕੀਤੀ ਜਾਵੇਗੀ ਸਿੱਖ ਸੰਘਰਸ਼ ਦੀ ਵਾਗਡੋਰ**

**ਜਸਵੀਰ ਸਿੰਘ ਸ਼ੀਰੀ**

ਲੰਘੀ 26 ਜਨਵਰੀ ਨੂੰ ਚਾਰ ਰੈਡੀਕਲ ਸਿੱਖ ਜਥੇਬੰਦੀਆਂ ਵੱਲੋਂ ਸ੍ਰੀ ਅੰਮ੍ਰਿਤਸਰ ਵਿਖੇ ਜਨਵਰੀ 1986 ਵਿੱਚ ਆਯੋਜਤ ਕੀਤੇ ਗਏ ਸਰਬੱਤ ਖਾਲਸਾ ਦੀ 40ਵੀਂ ਵਰ੍ਹੇਗੰਢ ਦੀ ਯਾਦ ਵਿੱਚ ਕਾਨਫਰੰਸ ਆਯੋਜਤ ਕੀਤੀ ਗਈ। ਇਸ ਕਾਨਫਰੰਸ ਵਿੱਚ ਮੁੱਖ ਤੌਰ 'ਤੇ ਭਾਈ ਜਗਤਾਰ ਸਿੰਘ ਹਵਾਰਾ ਕਮੇਟੀ, ਪੰਚ ਪ੍ਰਧਾਨੀ ਜਥਾ, ਅਕਾਲੀ ਦਲ ਅੰਮ੍ਰਿਤਸਰ ਨੇ ਹਿੱਸਾ ਲਿਆ। ਇਨ੍ਹਾਂ ਸਿੱਖ ਜਥੇਬੰਦੀਆਂ ਵੱਲੋਂ ਇਹ ਕਾਨਫਰੰਸ ਗੁਰਦੁਆਰਾ ਸੰਤੋਖਸਰ ਅੰਮ੍ਰਿਤਸਰ ਦੇ ਨੇੜੇ ਆਯੋਜਤ ਕੀਤੀ ਗਈ। ਚਾਰੋਂ ਜਥੇਬੰਦੀਆਂ ਦੇ ਸੀਨੀਅਰ ਪੰਥਕ ਲੀਡਰਾਂ ਵੱਲੋਂ ਇਸ ਇਕੱਠ ਨੂੰ ਸੰਬੋਧਨ ਕੀਤਾ ਗਿਆ ਅਤੇ 26 ਜਨਵਰੀ 1986 ਨੂੰ ਆਯੋਜਤ ਕੀਤੇ ਗਏ ਸਰਬੱਤ ਖਾਲਸਾ ਦੇ ਮਹੱਤਵ ਤੇ ਇਸ ਦੀਆਂ ਭਵਿੱਖੀ ਸੰਭਾਵਨਾਵਾਂ ਬਾਰੇ ਚਰਚਾ ਕੀਤੀ ਗਈ। ਗੁਰਦੁਆਰਾ ਸੰਤੋਖਸਰ ਵਿਖੇ ਹੋਈ ਕਾਨਫਰੰਸ ਤੋਂ ਬਾਅਦ ਇਕੱਤਰ ਹੋਏ ਆਗੂਆਂ ਅਤੇ ਵਰਕਰਾਂ ਨੇ ਅਕਾਲ ਤਖਤ ਸਾਹਿਬ ਤੱਕ ਮਾਰਚ ਕੀਤਾ। ਇਸ ਮੌਕੇ ਭਾਈ ਦਲਜੀਤ ਸਿੰਘ ਬਿੱਟੂ, ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰੋਫੈਸਰ ਮੋਹਿੰਦਰਪਾਲ ਸਿੰਘ ਅਤੇ ਜਗਤਾਰ ਸਿੰਘ ਹਵਾਰਾ ਕਮੇਟੀ ਦੇ ਭਾਈ ਭੁਪਿੰਦਰ ਸਿੰਘ ਮੌਜੂਦ ਸਨ।

ਪਿੱਛੋਂ ਅਕਾਲ ਤਖਤ ਸਾਹਿਬ ਵਿਖੇ ਨਤਮਸਤਕ ਹੋਣ ਤੋਂ ਬਾਅਦ ਇਨ੍ਹਾਂ ਜਥੇਬੰਦੀਆਂ ਦੇ ਆਗੂਆਂ ਅਤੇ ਕਾਰਕੁਨਾਂ ਵੱਲੋਂ ਇੱਕ ਸਾਂਝਾ ਐਲਾਨਨਾਮਾ ਪੜ੍ਹ ਕੇ ਸੁਣਾਇਆ ਗਿਆ।




ਦਲ ਖਾਲਸਾ ਦੇ ਕਾਰਜਕਾਰੀ ਪ੍ਰਧਾਨ ਪਰਮਜੀਤ ਸਿੰਘ ਮੰਡ ਵੱਲੋਂ ਇਹ ਸਾਂਝਾ ਐਲਾਨਨਾਮਾ ਪੜ੍ਹਿਆ ਗਿਆ। ਉਨ੍ਹਾਂ ਤੋਂ ਇਲਾਵਾ ਹੋਰ ਬੁਲਾਰਿਆਂ ਨੇ ਵੀ ਇਸ ਮੌਕੇ ਸੰਬੋਧਨ ਕੀਤਾ ਅਤੇ 26 ਜਨਵਰੀ 1986 ਨੂੰ ਆਯੋਜਤ ਕੀਤੇ ਗਏ ਸਰਬੱਤ ਖਾਲਸੇ ਦੀ ਇਤਿਹਾਸਕ ਦੇਣ ਅਤੇ ਭਵਿੱਖ ਦੇ ਸਿੱਖ ਸੰਘਰਸ਼ ਲਈ ਇਸ ਦੇ ਮਹੱਤਵ ਬਾਰੇ ਚਾਨਣਾ ਪਾਇਆ ਗਿਆ। ਇਸ ਮੌਕੇ ਇਕੱਠੇ ਹੋਏ ਸਿੰਘਾਂ ਨੇ ਦੋ ਮਤੇ ਪਾਸ ਕੀਤੇ। ਪਹਿਲੇ ਮਤੇ ਵਿੱਚ ਕਿਹਾ ਗਿਆ ਕਿ ਆਉਣ ਵਾਲੇ ਸਮੇਂ ਵਿੱਚ ਸਰਬੱਤ ਖਾਲਸਾ ਬੁਲਾਉਣ ਲਈ ਇਸ ਦਾ ਬਾਕਾਇਦਾ ਵਿਧੀ ਵਿਧਾਨ ਘੜਿਆ ਜਾਵੇਗਾ। ਇਕੱਠ ਨੇ ਐਲਾਨ ਕੀਤਾ ਕਿ ਵਿਸ਼ਵ ਭਰ ਵਿੱਚ ਪੰਥਕ ਜਥੇਬੰਦੀਆਂ/ਸੰਸਥਾਵਾਂ ਨਾਲ ਵਿਚਾਰ ਚਰਚਾ ਕਰਨ ਤੋਂ ਬਾਅਦ ਸਰਬੱਤ ਖਾਲਸਾ ਜਿਹੀ ਸੰਸਥਾ ਦੇ ਨਿਯਮ, ਅਸੂਲ ਅਤੇ ਇਸ ਦੀ ਅਜੋਕੇ ਸਮੇਂ ਲਈ ਢੁਕਵੀਂ ਕਾਰਜਵਿਧੀ ਦਾ ਐਲਾਨ ਕੀਤਾ ਜਾਵੇਗਾ। ਇਸ ਵਿੱਚ ਇਕੱਤਰਤਾ, ਸ਼ਮੂਲੀਅਤ, ਵਿਚਾਰ-ਵਟਾਂਦਰਾ, ਸੰਸਥਾਗਤ ਸੇਫਗਾਰਡਸ, ਪੱਧਰ ਤੇ ਪਾਰਦਰਸ਼ਤਾ ਆਦਿ ਬਾਰੇ ਅਤੇ ਇਸ ਨੂੰ ਲਾਗੂ ਕਰਨ ਦੀ ਵਿਧੀ ਆਦਿ ਰੇਖਾਂਕਿਤ ਕੀਤੀ ਜਾਵੇਗੀ। ਇਹ ਸਾਰਾ ਕੁਝ ਖਾਲਸੇ ਦੀ ਵਿਰਾਸਤ ਦੀ ਰੋਸ਼ਨੀ ਅਤੇ ਅਸੂਲਾਂ ਅਧੀਨ ਉਲੀਕਿਆ ਜਾਵੇਗਾ।

ਪੰਥਕ ਇਕੱਤਰਤਾ ਵੱਲੋਂ ਐਲਾਨ ਕੀਤਾ ਗਿਆ ਕਿ 29 ਅਪ੍ਰੈਲ 2026 ਨੂੰ ਖਾਲਿਸਤਾਨ ਦੇ ਐਲਾਨਨਾਮੇ ਬਾਰੇ

⇒ ਬਾਕੀ ਸਫਾ 2 ਉਤੇ ਪੜ੍ਹੋ

# ਭਾਰਤ ਅਤੇ ਯੂਰਪੀਅਨ ਯੂਨੀਅਨ ਵਿਚਕਾਰ ਫਰੀ ਟਰੇਡ ਸਮਝੌਤੇ 'ਤੇ ਸਹਿਮਤੀ ਬਣੀ

***ਕੁਝ ਕਾਨੂੰਨੀ ਅੜਿੱਕਿਆਂ ਕਾਰਨ 6 ਮਹੀਨੇ ਬਾਅਦ ਹੋਣਗੇ ਦਸਤਖਤ**

***ਯੂਰਪ ਦਾ ਨੱਬੇ ਫੀਸਦੀ ਮਾਲ ਹੋਵੇਗਾ ਆਯਾਤ ਸ਼ੁਲਕ ਤੋਂ ਮੁਕਤ**

ਭਾਰਤ ਅਤੇ ਯੂਰਪੀਅਨ ਯੂਨੀਅਨ ਵਿਚਕਾਰ ਕਰ ਮੁਕਤ ਵਪਾਰ ਸਮਝੌਤਾ ਲਗਪਗ ਸਿਰੇ ਚੜ੍ਹ ਗਿਆ ਦੱਸਿਆ ਜਾਂਦਾ ਹੈ; ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਨੁਸਾਰ ਇਸ 'ਤੇ ਦਸਤਖਤ 6 ਕੁ ਮਹੀਨੇ ਬਾਅਦ ਕੀਤੇ ਜਾਣਗੇ, ਕਿਉਂਕਿ ਇਸ ਸੰਬੰਧ ਵਿੱਚ ਕਈ ਕਾਨੂੰਨੀ ਪ੍ਰਬੰਧ/ਉਪਬੰਧ ਕਰਨੇ ਜ਼ਰੂਰੀ ਹਨ। ਉਨ੍ਹਾਂ ਕਿਹਾ ਕਿ ਇਹ ਸਮਝੌਤਾ ਸਾਰੇ ਸਮਝੌਤਿਆਂ ਦੀ ਮਾਂ ਹੈ ਅਤੇ ਗਲੋਬਲ ਡਬਲ ਇੰਜਨ ਸਾਬਤ ਹੋਵੇਗਾ। ਉਸ ਵਕਤ ਜਦੋਂ ਅਮਰੀਕਾ ਵੱਲੋਂ ਭਾਰਤੀ ਵਸਤਾਂ ਦੀ ਬਰਾਮਦ 'ਤੇ 50% ਟੈਕਸ ਲਗਾਇਆ ਹੋਇਆ ਤਾਂ ਹਿੰਦੋਸਤਾਨੀ ਕਾਰੋਬਾਰੀ ਖੇਤਰ ਲਈ ਇਹ ਸਮਝੌਤਾ ਰਾਹਤ ਬਣ ਕੇ ਬਹੁੜੇਗਾ। ਇਸ ਸਮਝੌਤੇ ਤਹਿਤ ਭਾਰਤ ਵੱਲ ਦਰਾਮਦ ਹੋਣ ਵਾਲੀਆਂ ਬਹੁਤ ਸਾਰੀਆਂ ਵਸਤਾਂ 'ਤੇ ਜ਼ੀਰੋ ਫੀਸਦੀ ਟੈਕਸ ਲੱਗੇਗਾ।

⇒ ਬਾਕੀ ਸਫਾ 3 ਉਤੇ ਪੜ੍ਹੋ









# ਅਮਰੀਕਾ ਵੱਲੋਂ ਇਰਾਨ ਦੀ ਮੁਕੰਮਲ ਫੌਜੀ ਘੇਰਾਬੰਦੀ

***ਸਮੁੰਦਰੀ ਬੇੜੇ, ਲੜਾਕੂ ਜਾਹਾਜ਼, ਟੌਮਹੌਕ ਮਿਜ਼ਾਈਲਾਂ ਤੇ ਤੀਹ ਹਜ਼ਾਰ ਫੌਜੀ ਤਾਇਨਾਤ *ਇਰਾਨ ਵੱਲੋਂ ਵੀ ਵੱਡੇ ਹਮਲੇ ਨੂੰ ਡੱਕਣ ਦੀ ਤਿਆਰੀ**

**ਜਸਵੀਰ ਸਿੰਘ ਮਾਂਗਟ**

ਅਮਰੀਕਾ ਵੱਲੋਂ ਭਾਵੇਂ ਇਰਾਨ ਨੂੰ ਚਾਰੇ ਪਾਸਿਓਂ ਘੇਰ ਲਿਆ ਗਿਆ ਹੈ, ਪਰ ਅਮਰੀਕੀ ਸਮੁੰਦਰੀ ਜੰਗੀ ਬੇੜੇ ਇਰਾਨ ਦੇ ਲਾਗੇ ਖਿਸਕ ਰਹੇ ਹਨ ਅਤੇ ਇਨ੍ਹਾਂ ਵਿੱਚੋਂ ਇਬਰਾਹਿਮ ਲਿੰਕ ਬੰਗਾਲ ਦੀ ਖਾੜੀ ਵਿੱਚ ਪਹੁੰਚ ਚੁੱਕਾ ਹੈ। ਰੂਜ਼ਵੈਲਟ ਵੀ ਇਰਾਨ ਵੱਲ ਅਗਰਸਰ ਹੈ। ਇਨ੍ਹਾਂ ਯੁੱਧ ਪੋਤਾਂ (ਨਵੀਂ ਹਲਚਲ/ਯੋਜਨਾਬੰਦੀ) ਦੇ ਨਾਲ ਇਨ੍ਹਾਂ ਦੀ ਰਾਖੀ ਲਈ ਤਾਇਨਾਤ ਪਣਡੁੱਬੀਆਂ ਹਨ, ਜਿਨ੍ਹਾਂ 'ਤੇ ਟੌਮਹੌਕ ਮਿਜ਼ਾਈਲਾਂ ਤਾਇਨਾਤ ਕੀਤੀਆਂ ਗਈਆਂ ਹਨ। ਇਹ ਕੈਰੀਅਰ ਗਰੁੱਪ ਇੱਕ ਵੱਡਾ ਕਾਫਲਾ ਬਣਦਾ ਹੈ, ਜਿਸ ਨੂੰ ਅਮਰੀਕੀ ਰਾਸ਼ਟਰਪਤੀ ਟਰੰਪ ਨੇ 'ਅਰਮਾਡਾ' ਅਤੇ ਫਲੋਟਿਲਾ ਕਿਹਾ ਹੈ।

ਅਮਰੀਕੀ ਰਾਸ਼ਟਰਪਤੀ ਦਾ ਆਖਣਾ ਹੈ ਕਿ ਬੀਤੇ ਹਫਤੇ ਇਰਾਨ ਨੇ ਫੜੇ ਗਏ ਮੋਸਾਦ ਦੇ ਏਜੰਟਾਂ ਅਤੇ ਪ੍ਰਦਰਸ਼ਨਕਾਰੀਆਂ ਦੀਆਂ 800 ਫਾਂਸੀਆਂ ਰੋਕ ਦਿੱਤੀਆਂ ਹਨ; "ਅਸੀਂ ਉਨ੍ਹਾਂ 'ਤੇ ਨੇੜਿਉਂ ਨਜ਼ਰ ਰੱਖ ਰਹੇ ਹਾਂ, ਵੇਖਦੇ ਹਾਂ ਕੀ ਹੁੰਦਾ ਹੈ।" ਸ਼ਾਇਦ ਹਮਲੇ ਦੀ ਲੋੜ ਨਾ ਪਵੇ। ਪਰ ਇਸ ਦੇ ਬਾਵਜੂਦ ਇਰਾਨ ਨੇ ਪੂਰੀ ਤਰ੍ਹਾਂ ਆਪਣੇ ਆਪ ਨੂੰ ਤਿਆਰ ਕਰ ਲਿਆ ਹੈ। ਉਸ ਦੇ ਫੌਜੀ ਸੂਤਰਾਂ ਦਾ ਆਖਣਾ ਹੈ ਕਿ ਜੇ ਜੰਗ ਛਿੜਦੀ ਹੈ ਤਾਂ ਇਸ ਦੇ ਪਹਿਲੇ ਅੱਧੇ ਘੰਟੇ ਵਿੱਚ 3000 ਮਿਜ਼ਾਈਲਾਂ ਦਾਗੀਆਂ ਜਾਣਗੀਆਂ। ਇਰਾਨ ਨੇ ਫਤਹਿ-2 ਮਿਜ਼ਾਈਲਾਂ ਵੀ ਤਾਇਨਾਤ ਕੀਤੀਆਂ ਹਨ। ਇਹ ਹਾਈਪਰਸੋਨਿਕ ਮਿਜ਼ਾਈਲਾਂ ਹਨ, ਜਿਹੜੀਆਂ ਕਿਸੇ ਵੀ ਨਿਸ਼ਾਨੇ 'ਤੇ ਸਟੀਕ ਹਮਲਾ ਕਰ ਸਕਦੀਆਂ ਹਨ। ਅਮਰੀਕਾ ਵੱਲੋਂ 500 ਹਮਲਾਵਰ ਜਹਾਜ਼ ਵੱਖ-ਵੱਖ ਥਾਵਾਂ 'ਤੇ ਤਿਆਰ ਰੱਖੇ ਗਏ ਹਨ। ਜੌਰਡਨ ਵਿਚਲਾ ਅਮਰੀਕਾ ਦਾ ਫੌਜੀ ਬੇਸ ਇਸ ਜੰਗ ਲਈ ਮੁੱਖ ਅੱਡਾ ਬਣੇਗਾ।

ਅਮਰੀਕੀ ਲੜਾਕੇ ਜੈਟ ਐਫ-16 ਅਤੇ ਐਫ-35 ਮੌਜੂਦ ਤਿਆਰ-ਬਰ-ਤਿਆਰ ਰੱਖੇ ਗਏ ਹਨ। ਇੱਥੋਂ ਤੱਕ ਕਿ ਜਹਾਜ਼ਾਂ ਵਿੱਚ ਤੇਲ ਭਰਨ ਵਾਲੇ ਟੈਂਕਰ ਅਤੇ ਆਸਮਾਨ ਵਿੱਚ ਲੜਾਕੇ ਜਹਾਜ਼ਾਂ ਵਿੱਚ ਤੇਲ ਭਰਨ ਵਾਲੇ ਫਿਊਲ ਟੈਂਕਰ ਨੁਮਾ ਜਹਾਜ਼ ਤਿਆਰ ਖੜ੍ਹੇ ਹਨ। ਮੱਧ ਏਸ਼ੀਆ ਬਾਰੇ ਫੌਜੀ ਮਾਹਿਰਾਂ ਦਾ ਆਖਣਾ ਹੈ ਕਿ ਦੂਜੀ ਸੰਸਾਰ ਜੰਗ ਤੋਂ ਬਾਅਦ ਇਹ ਸੱਭ ਤੋਂ ਵੱਡੀ ਫੌਜੀ ਤਿਆਰੀ ਹੈ। ਇਰਾਨ ਦੀ ਕੀਤੀ ਗਈ ਇਸ ਘੇਰਾਬੰਦੀ ਵਿੱਚ ਅਮਰੀਕੀ ਸੈਨਾ ਦੇ ਤਿੰਨੋ ਵਿੰਗ ਸਰਗਰਮ ਕੀਤੇ ਗਏ ਹਨ। ਸਮੁੰਦਰੀ, ਹਵਾਈ ਅਤੇ ਥਲ ਸੈਨਾ ਇਰਾਨ 'ਤੇ ਹਮਲੇ ਲਈ ਪੱਬਾਂ ਭਾਰ ਵਿਖਾਈ ਦਿੰਦੀ ਹੈ। ਥਲ ਸੈਨਾ ਦੇ 30,000 ਫੌਜੀਆਂ ਨੂੰ ਇਰਾਨ 'ਤੇ ਹਮਲਾ ਕਰਨ ਲਈ ਤਿਆਰ ਰੱਖਿਆ ਗਿਆ ਹੈ। ਅਮਰੀਕਾ ਦੇ ਲੜਾਕੂ ਹਵਾਈ ਜਹਾਜ਼ ਜਾਰਡਨ, ਕਤਰ, ਯੂ.ਏ.ਈ. ਕੁਵੈਤ ਆਦਿ ਵਿੱਚ ਮੌਜੂਦ ਫੌਜੀ ਅਡਿੱਆਂ 'ਤੇ ਵੀ ਮੌਜੂਦ ਹਨ। ਪਰ ਇਨ੍ਹਾਂ ਮੁਲਕਾਂ ਨੇ ਉਂਝ ਆਪਣੇ ਏਅਰ ਬੇਸ ਅਮਰੀਕਾ ਨੂੰ ਨਾ ਵਰਤਣ ਲਈ ਕਿਹਾ ਹੈ। ਇਸ ਤੋਂ ਇਲਾਵਾ ਇਹ ਵੀ ਕਿਹਾ ਜਾ ਰਿਹਾ ਹੈ ਕਿ ਡੀਗੋਗਾਰਸ਼ੀਆ ਸਮੇਤ ਕਈ ਹੋਰ ਲੁਕਵੇਂ ਹਵਾਈ ਅੱਡਿਆਂ 'ਤੇ ਵੀ ਅਮਰੀਕੀ ਲੜਾਕੇ ਜਾਹਾਜ਼ ਮੌਜੂਦ ਹਨ। ਲੰਘੇ ਹਫਤੇ ਸ਼ਨੀਵਾਰ ਅਤੇ ਐਤਵਾਰ ਦੀ ਅੱਧੀ ਰਾਤ ਨੂੰ ਅਮਰੀਕਾ ਅਤੇ ਇਜ਼ਰਾਇਲ ਵੱਲੋਂ ਇਰਾਨ ਦਾ ਰਡਾਰ ਸਿਸਟਮ ਜਾਮ ਕਰ ਦਿੱਤਾ ਗਿਆ ਸੀ ਅਤੇ ਇਸ ਦਰਮਿਆਨ ਇਰਾਨ ਨੇ ਆਪਣੇ ਹਵਾਈ ਖੇਤਰ ਨੂੰ ਖਾਲੀ ਕਰਵਾ ਲਿਆ ਸੀ।

ਦੂਜੇ ਪਾਸੇ ਇਰਾਨੀ ਫੌਜ ਦੇ ਮੁਖੀ ਨੇ ਕਿਹਾ ਕਿ ਇਰਾਨ ਦੁਸ਼ਮਣ ਦੇ ਕਿਸੇ ਵੀ ਹਮਲੇ ਦਾ ਮੂੰਹ ਤੋੜ ਜਵਾਬ ਦੇਣ ਲਈ ਤਿਆਰ ਹੈ। ਇਰਾਨ ਨੇ ਆਪਣੇ ਬਾਰਡਰਾਂ, ਪ੍ਰਮਾਣੂ ਟਿਕਾਣਿਆਂ ਅਤੇ ਹੋਰ ਸੰਵੇਦਨਸ਼ੀਲ ਸਥਾਨਾਂ ਦੁਆਲੇ ਆਪਣੀਆਂ ਮਿਜ਼ਾਈਲਾਂ ਤਾਣ ਰੱਖੀਆਂ ਹਨ। ਪਿਛਲੇ ਹਫਤੇ ਇਰਾਨ ਵਿੱਚ ਵੱਡੀ ਫੌਜੀ ਨਕਲੋ ਹਰਕਤ ਵੇਖਣ ਨੂੰ ਮਿਲੀ ਸੀ। ਇਰਾਨ ਨੇ ਆਪਣੀਆਂ ਅੰਡਰਗਰਾਊਂਡ ਮਿਜ਼ਾਈਲ ਫੈਕਟਰੀਆਂ ਵਿੱਚੋਂ ਮਿਜ਼ਾਈਲਾਂ ਦਾ ਇੱਕ ਵੱਡਾ ਲਸ਼ਕਰ ਕੱਢਿਆ ਅਤੇ ਸੰਵੇਦਨਸ਼ੀਲ ਟਿਕਾਣਿਆਂ ਵੱਲ ਭੇਜ ਦਿੱਤਾ।

ਇਸ ਤੋਂ ਇਲਾਵਾ ਇਰਾਨ ਵੱਲੋਂ ਆਪਣੇ ਸ਼ਹਿਰਾਂ ਦੇ ਇਰਦ-ਗਿਰਦ ਅਤੇ ਸਰਹੱਦਾਂ 'ਤੇ ਵੱਡੀ ਗਿਣਤੀ ਵਿੱਚ ਮਿਜ਼ਾਈਲਾਂ ਤਾਇਨਾਤ ਕੀਤੀਆਂ ਹਨ। ਇਸ ਤੱਥ ਦੀ ਵੀ ਪੁਸ਼ਟੀ ਹੋਈ ਹੈ ਕਿ ਇਰਾਨ ਨੇ ਰੂਸ ਤੋਂ ਪ੍ਰਾਪਤ ਕੀਤਾ ਐਸ-400 ਸੁਰੱਖਿਆ ਸਿਸਟਮ ਤਾਇਨਾਤ ਕਰ ਦਿੱਤਾ ਹੈ। ਬੀਤੇ ਹਫਤੇ ਚੀਨ ਦੇ 16 ਮਾਲ ਵਾਹਕ ਜਹਾਜ਼ ਇਰਾਨ ਵਿੱਚ ਉਤਰੇ ਸਨ। ਕਿਹਾ ਜਾ ਰਿਹਾ ਹੈ ਕਿ ਇਨ੍ਹਾਂ ਵਿੱਚ ਵੀ ਚੀਨ ਵੱਲੋਂ ਇਰਾਨ ਨੂੰ ਆਪਣਾ ਮਿਜ਼ਾਈਲ ਸੁਰੱਖਿਆ ਸਿਸਟਮ ਅਤੇ ਹੋਰ ਫੌਜੀ ਸਾਜ਼ੋ ਸਮਾਨ ਦਿੱਤਾ ਗਿਆ ਹੈ। ਇਰਾਨ ਦੇ ਨੀਮ ਫੌਜੀ ਦਸਤੇ ਇਰਾਨ ਰੈਵਲਿਊਸ਼ਨਰੀ ਗਾਰਡਜ਼ ਨੇ ਕਿਹਾ ਕਿ ਉਹ ਪਹਿਲਾਂ ਦੇ ਕਿਸੇ ਵੀ ਸਮੇਂ ਨਾਲੋਂ ਜੰਗ ਲਈ ਵਧੇਰੇ ਤਿਆਰ ਹਨ। ਉਨ੍ਹਾਂ ਕਿਹਾ, "ਸਾਡੀਆਂ ਉਂਗਲਾਂ ਹਥਿਆਰਾਂ ਦੇ ਘੋੜਿਆਂ 'ਤੇ ਹਨ।" ਇਰਾਨ ਦੀ ਸੁਪਰੀਮ ਸੁਰੱਖਿਆ ਕੌਂਸਲ ਦੇ ਨਜ਼ਦੀਕ ਸਮਝੇ ਜਾਂਦੇ ਚੈਨਲ ਟੈਲੀਗਰਾਮ 'ਤੇ ਇੱਕ ਇੰਟਰਵਿਊ ਵਿੱਚ ਆਈ.ਆਰ. ਜੀ.ਸੀ ਦੇ ਕਮਾਂਡਰ ਮੁਹੰਮਦ ਪਾਕਪੋਰ ਨੇ ਕਿਹਾ ਕਿ ਅਮਰੀਕਾ ਅਤੇ ਇਜ਼ਰਾਇਲ ਨੂੰ ਕਿਸੇ ਗਲਤ ਫਹਿਮੀ ਵਿੱਚ ਨਹੀਂ ਰਹਿਣਾ ਚਾਹੀਦਾ।

ਯਾਦ ਰਹੇ, ਇਰਾਨ ਅਤੇ ਅਮਰੀਕਾ ਵਿਚਾਲੇ ਤਣਾਅ 28 ਦਸੰਬਰ ਤੋਂ ਬਾਅਦ ਮੁੜ ਵਧਣ ਲੱਗਾ ਸੀ ਜਦੋਂ ਇਰਾਨੀ ਕਰੰਸੀ ਰਿਆਲ ਦੀ ਬਦਹਾਲੀ ਅਤੇ ਆਰਥਕ ਤੰਗੀ ਕਾਰਨ ਇਸ ਦੇਸ਼ ਵਿੱਚ ਪ੍ਰਦਰਸ਼ਨ ਸ਼ੁਰੂ ਹੋਏ ਸਨ। ਇਹ ਪ੍ਰਦਰਸ਼ਨ ਇੱਕ-ਦੋ ਦਿਨ ਵਿੱਚ ਹੀ ਪੂਰੇ ਇਰਾਨ ਦੇ ਸ਼ਹਿਰਾਂ ਵਿੱਚ ਫੈਲ ਗਏ ਤੇ ਹਿੰਸਕ ਹੋ ਗਏ ਸਨ। ਇਸ ਹਿੰਸਾ ਵਿੱਚ ਸੁਰੱਖਿਆ ਕਰਮਚਾਰੀਆਂ ਸਮੇਤ 3000 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਸੀ। ਇਨ੍ਹਾਂ ਪ੍ਰਦਰਸ਼ਨਾਂ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵਾਰ-ਵਾਰ ਕਿਹਾ ਸੀ ਕਿ ਜੇ ਇਰਾਨ ਸਰਕਾਰ ਨੇ ਇਰਾਨੀ ਪ੍ਰਦਸ਼ਨਕਾਰੀਆਂ 'ਤੇ ਗੋਲੀ ਚਲਾਈ ਤਾਂ ਉਹ ਪ੍ਰਦਰਸ਼ਨਕਾਰੀਆਂ ਦੀ ਮੱਦਦ 'ਤੇ ਆਉਣਗੇ। ਇਸ ਤੋਂ ਇਲਾਵਾ ਅਮਰੀਕੀ ਅਤੇ ਇਜ਼ਰਾਇਲੀ ਅਧਿਕਾਰੀ ਇਹ ਸਵੀਕਾਰ ਵੀ ਕਰ ਰਹੇ ਸਨ ਕਿ ਉਨ੍ਹਾਂ ਵੱਲੋਂ ਪ੍ਰਦਰਸ਼ਨਕਾਰੀਆਂ ਦੀ ਮਦਦ ਕੀਤੀ ਜਾ ਰਹੀ ਹੈ। ਟਰੰਪ ਨੇ ਕਿਹਾ ਸੀ, "ਪ੍ਰਦਰਸ਼ਨ ਜਾਰੀ ਰੱਖੋ ਮੱਦਦ ਆ ਰਹੀ ਹੈ।"

ਮੋਸਾਦ ਦੇ ਇੱਕ ਸਾਬਕਾ ਅਫਸਰ ਨੇ ਤਾਂ ਸ਼ੱਰੇਆਮ ਐਕਸ 'ਤੇ ਲਿਖ ਦਿੱਤਾ ਸੀ ਕਿ ਮੋਸਾਦ ਦੇ ਏਜੰਟ ਪ੍ਰਦਰਸ਼ਨਕਾਰੀਆਂ ਦੀ ਮਦਦ ਕਰ ਰਹੇ ਹਨ। ਪਰ ਇਰਾਨ ਨੇ ਇਨ੍ਹਾਂ ਵਿਰੋਧ ਪ੍ਰਦਰਸ਼ਨਾਂ ਨੂੰ ਸਮਝਦਾਰੀ ਨਾਲ ਨਜਿੱਠਿਆ। ਆਰਥਕ ਤੰਗੀ ਵਿਰੁੱਧ ਪ੍ਰਦਰਸ਼ਨ ਕਰ ਰਹੇ ਲੋਕਾਂ ਦੇ ਰੋਸ ਨੂੰ ਜਾਇਜ਼ ਮੰਨਦਿਆਂ ਉਨ੍ਹਾਂ ਖਿਲਾਫ ਢਿੱਲ ਵਰਤੀ ਜਦੋਂ ਕਿ ਹਿੰਸਾ ਕਰਨ ਵਾਲੇ ਪਰਦਰਸ਼ਨਕਾਰੀਆਂ ਵਿਰੁੱਧ ਸਖਤ ਰਵੱਈਆ ਅਪਣਾਇਆ। ਇਸ ਨਾਲ ਇਰਾਨ ਦੇ ਆਮ ਲੋਕ ਤੇਜ਼ੀ ਨਾਲ ਸਰਕਾਰ ਵਿਰੋਧੀ ਪ੍ਰਦਰਸ਼ਨਾਂ ਤੋਂ ਹਟ ਕੇ ਸਰਕਾਰ ਦੇ ਹੱਕ ਵਿੱਚ ਕੀਤੇ ਜਾ ਰਹੇ ਪ੍ਰਦਰਸ਼ਨਾਂ ਵੱਲ ਪਰਤੇ। ਇਸ ਸਾਰੇ ਘਟਨਾਕ੍ਰਮ ਨੇ ਅਮਰੀਕਾ ਅਤੇ ਇਜ਼ਰਾਇਲ ਨੂੰ ਇਰਾਨ 'ਤੇ ਹਮਲਾ ਕਰਨ ਤੋਂ ਰੋਕੀ ਰੱਖਿਆ। ਅਮਰੀਕਾ ਤੇ ਇਜ਼ਰਾਇਲ ਇਰਾਨ ਵਿੱਚ ਅੰਦਰੂਨੀ ਅਫਰਾ-ਤਫਰੀ ਫੈਲਾਅ ਕੇ ਹਮਲਾ ਕਰਨਾ ਚਾਹੁੰਦੇ ਸਨ। ਇਹ ਵੀ ਜਾਪਦਾ ਹੈ ਕਿ ਅਮਰੀਕਾ ਇਰਾਨ ਨਾਲ ਲੰਮੀ ਲੜਾਈ ਵਿੱਚ ਉਲਝਣ ਲਈ ਤਿਆਰ ਨਹੀਂ ਹੈ। ਅਸਲ ਵਿੱਚ ਉਹ ਵੈਨੇਜ਼ੂਏਲਾ ਵਾਂਗ ਇੱਕ ਤੇਜ਼ ਅਤੇ ਥੋੜ੍ਹਚਿਰੇ ਫੌਜੀ ਉਪਰੇਸ਼ਨ ਰਾਹੀਂ ਆਇਤੁਲਾ ਖਾਮੇਨੀ ਨੂੰ ਗੱਦੀ ਤੋਂ ਪਾਸੇ ਕਰਨਾ ਚਾਹੁੰਦੇ ਹਨ। ਵੀਅਤਨਾਮ ਤੋਂ ਲੈ ਕੇ ਅਫਗਾਨਿਸਤਾਨ ਤੱਕ ਲੰਮੀਆਂ ਜੰਗਾਂ ਦੇ ਤਜਰਬੇ ਅਮਰੀਕਾ ਲਈ ਮਾੜੇ ਹੀ ਸਾਬਤ ਹੋਏ ਹਨ। ਇਸ ਹਾਲਾਤ 'ਤੇ ਟਿੱਪਣੀ ਕਰਦਿਆਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਸਾਡੀ ਨੇਵੀ, ਹਵਾਈ ਸੈਨਾ ਅਤੇ ਜ਼ਮੀਨੀ ਫੌਜੀ ਦਸਤੇ ਇਰਾਨ ਵੱਲ ਵਧ ਰਹੇ ਹਨ; "ਪਰ ਹੋ ਸਕਦਾ ਹੈ ਕਿ ਇਨ੍ਹਾਂ ਨੂੰ ਵਰਤਣ ਦੀ ਲੋੜ ਹੀ ਨਾ ਪਏ।"

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਅਮਰੀਕਾ ਵੱਲੋਂ ਬੀਤੇ ਹਫਤੇ ਜਾਰੀ ਕੀਤੀ ਗਈ ਨਵੀਂ ਸੁਰੱਖਿਆ ਨੀਤੀ ਵਿੱਚ ਆਪਣੇ ਹੋਮਲੈਂਡ ਦੀ ਰਾਖੀ ਨੂੰ ਪਹਿਲ ਦਿੱਤੀ ਗਈ ਹੈ। ਇਸ ਨੀਤੀ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਅਮਰੀਕਾ ਮੁੱਖ ਤੌਰ 'ਤੇ ਆਪਣੀ ਖੁਦ ਦੀ ਸੁਰੱਖਿਆ 'ਤੇ ਵਿਸ਼ੇਸ਼ ਤੌਰ 'ਤੇ ਧਿਆਨ ਕੇਂਦਰਤ ਰੱਖੇਗਾ, ਜਦਕਿ ਅਮਰੀਕਾ ਦੇ ਭਾਈਵਾਲ ਮੁਲਕ ਆਪਣੀ ਸੁਰੱਖਿਆ ਮੁੱਖ ਤੌਰ 'ਤੇ ਆਪ ਵੇਖਣਗੇ ਅਤੇ ਅਮਰੀਕੀ ਸੁਰੱਖਿਆ ਸੈਕਟਰ ਵੱਲੋਂ ਉਨ੍ਹਾਂ ਦੀ ਇੱਕ ਸੀਮਤ ਮਦਦ ਹੀ ਕੀਤੀ ਜਾਵੇਗੀ। ਇਸ ਤੋਂ ਇਲਾਵਾ ਪੱਛਮੀ ਅਰਧ ਗੋਲੇ (ਵੈਸਟਰਨ ਹੈਮੀਸਫੀਅਰ) ਵਿੱਚ ਅਮਰੀਕਾ ਨੇ ਆਪਣਾ ਪ੍ਰਭਾਵ ਕਾਇਮ ਰੱਖਣ ਅਤੇ ਵਧਾਉਣ ਦੀ ਗੱਲ ਕੀਤੀ ਹੈ।

ਇਸ ਤੋਂ ਪਹਿਲਾਂ ਰਾਸ਼ਟਰਪਤੀ ਜੋਅ ਬਾਇਡਨ ਕਾਰਜਕਾਲ ਵੇਲੇ ਅਪਣਾਈ ਗਈ ਅਮਰੀਕੀ ਸੁਰੱਖਿਆ ਰਣਨੀਤੀ ਵਿੱਚ ਚੀਨ ਨੂੰ ਲੰਮੇ ਦਾਅ ਤੋਂ ਅਤੇ ਰੂਸ ਨੂੰ ਤਤਕਾਲੀ ਸਮੇਂ ਵਿੱਚ ਅਮਰੀਕਾ ਦੀ ਸੁਰੱਖਿਆ ਲਈ ਗੰਭੀਰ ਖਤਰਾ ਮੰਨਿਆ ਗਿਆ ਸੀ। ਨਾਟੋ ਦੇ ਪੂਰਬੀ ਯੂਰਪੀ ਖੇਤਰਾਂ ਨੂੰ ਪ੍ਰਭਾਵਤ ਕਰਨ ਵਾਲੇ ਰੂਸ ਬਾਰੇ ਨਵੀਂ ਨੀਤੀ ਵਿੱਚ ਕਿਹਾ ਗਿਆ ਹੈ ਕਿ ਇਹ ਖਤਰਾ ਲਗਾਤਾਰਤਾ ਵਾਲਾ ਪਰ ਨਿਯਮਤ (ਮੈਨੇਜ) ਕਰਨ ਯੋਗ ਹੈ। ਜਦਕਿ ਇਸ ਨਵੀਂ ਸੁਰੱਖਿਆ ਨੀਤੀ ਵਿੱਚ ਚੀਨ ਨਾਲ ਅਦਬਪੂਰਣ ਰਿਸ਼ਤੇ ਰੱਖਣ ਦੀ ਗੱਲ ਕਹੀ ਗਈ ਹੈ। ਨਵੀਂ ਤੇ ਪੁਰਾਣੀ ਸੁਰੱਖਿਆ ਨੀਤੀ ਵਿੱਚ ਹੋਮਲੈਂਡ ਦੀ ਸੁਰੱਖਿਆ 'ਤੇ ਬਰਾਬਰ ਧਿਆਨ ਦਿੱਤਾ ਗਿਆ ਹੈ; ਪਰ ਅਮਰੀਕੀ ਸੁਰੱਖਿਆ ਲਈ ਮਹਿਸੂਸੇ ਜਾ ਰਹੇ ਪ੍ਰਤੱਖ ਖਤਰਿਆਂ ਬਾਰੇ ਮੱਤਭੇਦ ਮੌਜੂਦ ਹਨ।

ਅਮਰੀਕਾ ਦੇ ਨਜ਼ਦੀਕੀ ਭਾਈਵਾਲ ਤਾਈਵਾਨ ਦਾ ਇਸ ਨਵੇਂ ਦਸਤਾਵੇਜ਼ ਵਿੱਚ ਕੋਈ ਜ਼ਿਕਰ ਨਹੀਂ ਹੈ, ਜਿਸ ਨੂੰ ਚੀਨ ਤੋਂ ਇੱਕ ਪ੍ਰਤੱਖ ਖ਼ਤਰਾ ਮੌਜੂਦ ਹੈ। ਨਵੀਂ ਜਾਰੀ ਕੀਤੀ ਗਈ ਸੁਰੱਖਿਆ ਨੀਤੀ ਵਿੱਚ ਸਰਹੱਦਾਂ ਦੀ ਸੁਰੱਖਿਆ ਦੇ ਮਾਮਲੇ ਵਿੱਚ ਪਹਿਲੀਆਂ ਸਰਕਾਰਾਂ ਦੀ ਆਲੋਚਨਾ ਕੀਤੀ ਗਈ ਹੈ, ਜਿਨ੍ਹਾਂ ਨੇ ਦੇਸ਼ ਦੀਆਂ ਸਰਹੱਦਾਂ ਰਾਹੀਂ ਬੇਸ਼ੁਮਾਰ ਪਰਵਾਸੀਆਂ ਨੂੰ ਆਉਣ ਦਿੱਤਾ। ਲਾਤੀਨੀ ਅਮਰੀਕਾ ਨੂੰ ਇਸ ਨੀਤੀ ਵਿੱਚ ਆਪਣੇ ਸਿਖਰਲੇ ਏਜੰਡੇ 'ਤੇ ਰੱਖਿਆ ਗਿਆ ਹੈ। ਸਪਸ਼ਟ ਹੈ ਕਿ ਅਮਰੀਕਾ ਇਰਾਨ ਵਿੱਚ ਜਾਂ ਤੇ ਇੱਕ ਵੈਨੇਜ਼ੂਏਲਾ ਵਾਂਗ ਸੀਮਤ ਜਿਹੀ ਕਾਰਵਾਈ ਕਰਨੀ ਚਾਹੁੰਦਾ ਹੈ ਅਤੇ ਜਾਂ ਫਿਰ ਇਰਾਨ 'ਤੇ ਪ੍ਰਮਾਣੂ ਸਮਝੌਤੇ ਲਈ ਦਬਾਅ ਪਾਉਣ ਵਾਸਤੇ ਇਰਾਨ ਦੀ ਘੇਰਾਬੰਦੀ ਕਰ ਰਿਹਾ ਹੈ। ਉਂਝ ਇੱਡੀ ਵੱਡੀ ਫੌਜੀ ਨਕਲੋ ਹਰਕਤ ਬਿਨਾ ਕਾਰਨ ਤੋਂ ਨਹੀਂ ਹੋ ਸਕਦੀ।

# ਐੱਸ.ਵਾਈ.ਐੱਲ. ਨਹਿਰ ਸਬੰਧੀ ਵਾਰਤਾ 'ਤੇ ਸਹਿਮਤੀ ਬਣੀ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵਿਚਾਲੇ 27 ਜਨਵਰੀ ਨੂੰ ਸਤਲੁਜ ਯਮੁਨਾ ਲਿੰਕ ਨਹਿਰ (ਐੱਸ.ਵਾਈ.ਐੱਲ) ਦੇ ਮਾਮਲੇ 'ਤੇ ਹੋਈ ਛੇਵੇਂ ਗੇੜ ਦੀ ਮੀਟਿੰਗ 'ਚ ਗੱਲਬਾਤ ਸਾਰਥਕ ਤਰੀਕੇ ਨਾਲ ਅੱਗੇ ਵਧਾਉਣ 'ਤੇ ਸਹਿਮਤੀ ਬਣੀ। ਮੀਟਿੰਗ 'ਚ ਦੋਵੇਂ ਸੂਬਿਆਂ ਨੇ ਹੁਣ ਅਗਲੇ ਗੇੜ 'ਚ ਸਕੱਤਰ ਪੱਧਰ ਦੀ ਵਾਰਤਾ ਸ਼ੁਰੂ ਕਰਨ ਦਾ ਫ਼ੈਸਲਾ ਲਿਆ। ਇਸ ਤਹਿਤ ਪੰਜਾਬ ਅਤੇ ਹਰਿਆਣਾ ਦੇ ਜਲ ਸਰੋਤ ਵਿਭਾਗਾਂ ਦੇ ਸਕੱਤਰ ਪੰਦਰਾਂ ਦਿਨਾਂ 'ਚ ਇੱਕ ਵਾਰ ਇਸ ਮੁੱਦੇ 'ਤੇ ਗੱਲਬਾਤ ਕਰਨਗੇ ਅਤੇ ਆਪਣੀ ਰਿਪੋਰਟ ਮੁੱਖ ਮੰਤਰੀਆਂ ਨੂੰ ਸੌਂਪਣਗੇ।

ਸੁਪਰੀਮ ਕੋਰਟ ਦੇ ਨਿਰਦੇਸ਼ਾਂ ਤਹਿਤ ਦੋਵੇਂ ਸੂਬਿਆਂ ਵਿਚਾਲੇ ਕਰੀਬ ਅੱਧਾ ਘੰਟਾ ਹੋਈ ਮੀਟਿੰਗ ਬਿਨਾਂ ਕਿਸੇ ਠੋਸ ਨਤੀਜੇ ਤੋਂ ਸਮਾਪਤ ਹੋ ਗਈ। ਕੇਂਦਰ ਸਰਕਾਰ ਵੱਲੋਂ ਵਿਚੋਲਗੀ ਤੋਂ ਪਿੱਛੇ ਹਟਣ ਮਗਰੋਂ ਨਵੇਂ ਸਾਲ ਵਿੱਚ ਦੋਵੇਂ ਸੂਬਿਆਂ ਦੀ ਇਹ ਪਹਿਲੀ ਮੀਟਿੰਗ ਸੀ। ਬਿਨਾਂ ਕਿਸੇ ਤੱਥਾਂ 'ਤੇ ਚਰਚਾ ਕੀਤੇ ਦੋਵੇਂ ਮੁੱਖ ਮੰਤਰੀਆਂ ਨੇ ਸਪੱਸ਼ਟ ਕੀਤਾ ਕਿ ਪਹਿਲਾਂ ਅਧਿਕਾਰੀ ਆਪਣੇ ਪੱਧਰ 'ਤੇ ਚਰਚਾ ਕਰਨਗੇ ਅਤੇ ਜੋ ਤੱਥ ਸਾਹਮਣੇ ਆਉਣਗੇ, ਉਨ੍ਹਾਂ 'ਤੇ ਮੁੱਖ ਮੰਤਰੀ ਬਾਅਦ ਵਿੱਚ ਗੱਲਬਾਤ ਕਰਨਗੇ। ਸੁਪਰੀਮ ਕੋਰਟ ਵਿੱਚ ਇਸ ਮਾਮਲੇ ਦੀ ਅਗਲੀ ਸੁਣਵਾਈ 8 ਅਪਰੈਲ ਨੂੰ ਹੋਵੇਗੀ।

ਪੰਜਾਬ ਦੇ ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਨੇ ਜਦੋਂ ਪਾਣੀਆਂ ਦੇ ਮਾਮਲੇ ਦਾ ਪਿਛੋਕੜ ਤਰਤੀਬਵਾਰ ਦੱਸਣਾ ਸ਼ੁਰੂ ਕੀਤਾ ਤਾਂ ਮੁੱਖ ਮੰਤਰੀ ਭਗਵੰਤ ਮਾਨ ਨੇ ਟੋਕਦਿਆਂ ਕਿਹਾ ਕਿ ਇਨ੍ਹਾਂ ਤੱਥਾਂ ਤੋਂ ਹੁਣ ਸਭ ਜਾਣੂੰ ਹੀ ਹਨ। ਮਾਨ ਅਤੇ ਨਾਇਬ ਸਿੰਘ ਸੈਣੀ ਨੇ ਮੀਟਿੰਗ 'ਚ ਕਿਹਾ ਕਿ ਇਸ ਮੁੱਦੇ ਦਾ ਪਿਆਰ ਨਾਲ ਹੱਲ ਕੱਢਣਾ ਹੈ ਅਤੇ ਦੋਵੇਂ ਸੂਬਿਆਂ ਦਾ ਮਾਹੌਲ ਖ਼ਰਾਬ ਨਹੀਂ ਕਰਨਾ। ਸੂਤਰ ਦੱਸਦੇ ਹਨ ਕਿ ਪਾਣੀਆਂ ਦੇ ਮੁੱਦੇ 'ਤੇ ਦੋਵੇਂ ਸੂਬਿਆਂ ਦੇ ਮੁੱਖ ਸਕੱਤਰ ਵੀ ਗੱਲਬਾਤ ਲਈ ਬੈਠ ਸਕਦੇ ਹਨ। ਮੀਟਿੰਗ ਮਗਰੋਂ ਦੋਵੇਂ ਮੁੱਖ ਮੰਤਰੀਆਂ ਨੇ ਸਾਂਝੀ ਪ੍ਰੈੱਸ ਕਾਨਫਰੰਸ 'ਚ ਕਿਹਾ ਕਿ ਗੱਲਬਾਤ ਸੁਖਾਵੇਂ ਮਾਹੌਲ 'ਚ ਹੋਈ ਹੈ ਅਤੇ ਇਸ ਦੇ ਨਤੀਜੇ ਸਾਰਥਿਕ ਨਿਕਲਣਗੇ।

ਭਗਵੰਤ ਮਾਨ ਨੇ ਕਿਹਾ ਕਿ ਇਸ ਮਾਮਲੇ 'ਚ ਕਿਸੇ ਦਾ ਹੱਕ ਨਹੀਂ ਮਰਨਾ ਚਾਹੀਦਾ। ਉਨ੍ਹਾਂ ਕਿਹਾ, "ਅਸੀਂ ਭਾਈ ਘਨ੍ਹੱਈਆ ਜੀ ਦੇ ਵਾਰਸ ਹਾਂ, ਜੋ ਜੰਗ ਦੇ ਮੈਦਾਨ ਵਿੱਚ ਦੁਸ਼ਮਣਾਂ ਨੂੰ ਵੀ ਪਾਣੀ ਪਿਲਾਉਂਦੇ ਸਨ। ਹਰਿਆਣਾ ਸਾਡਾ ਦੁਸ਼ਮਣ ਨਹੀਂ, ਭਰਾ ਹੈ।" ਉਨ੍ਹਾਂ ਕਿਹਾ ਕਿ ਪੰਜਾਬ ਹਰਿਆਣਾ ਦਾ ਵੱਡਾ ਭਰਾ ਹੋਣ ਦੇ ਨਾਤੇ ਗੁਆਂਢੀ ਸੂਬੇ ਨਾਲ ਕੋਈ ਵੈਰ ਵਿਰੋਧ ਨਹੀਂ ਚਾਹੁੰਦਾ। ਐੱਸ.ਵਾਈ.ਐੱਲ. ਨਹਿਰ ਦੀ ਉਸਾਰੀ ਬਾਰੇ ਪੁੱਛੇ ਸਵਾਲ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਪਹਿਲਾਂ ਪਾਣੀਆਂ ਦਾ ਫ਼ੈਸਲਾ ਤਾਂ ਕਰ ਲਈਏ, ਫਿਰ ਨਹਿਰ ਵੀ ਬਣਾ ਲਵਾਂਗੇ।

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਵੀ ਮੀਟਿੰਗ ਦੇ ਮਾਹੌਲ ਨੂੰ ਸੁਖਾਵਾਂ ਦੱਸਦਿਆਂ ਕਿਹਾ ਕਿ ਹੁਣ ਅਧਿਕਾਰੀ ਪੱਧਰ ਦੀ ਗੱਲਬਾਤ ਨਾਲ ਅੱਗੇ ਵਧਿਆ ਜਾਵੇਗਾ। ਮੀਟਿੰਗ ਵਿੱਚ ਪੰਜਾਬ ਦੇ ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਅਤੇ ਹਰਿਆਣਾ ਦੇ ਸਿੰਜਾਈ ਮੰਤਰੀ ਸ਼ਰੂਤੀ ਚੌਧਰੀ ਵੀ ਹਾਜ਼ਰ ਸਨ।

**ਸਤਲੁਜ ਯਮੁਨਾ ਲਿੰਕ ਨਹਿਰ : ਇੱਕ ਨਜ਼ਰ**

214 ਕਿਲੋਮੀਟਰ ਲੰਮੀ ਸਤਲੁਜ ਯਮੁਨਾ ਲਿੰਕ ਨਹਿਰ ਦਾ 122 ਕਿਲੋਮੀਟਰ ਹਿੱਸਾ ਪੰਜਾਬ ਵਿੱਚ ਪੈਂਦਾ ਹੈ, ਜਿਸ ਦੀ ਉਸਾਰੀ ਹਾਲੇ ਲਟਕੀ ਹੋਈ ਹੈ। 2002 ਵਿੱਚ ਸੁਪਰੀਮ ਕੋਰਟ ਨੇ ਪੰਜਾਬ ਨੂੰ ਪਾਣੀਆਂ ਦੇ ਸਮਝੌਤੇ ਮੁਤਾਬਕ ਨਹਿਰ ਬਣਾਉਣ ਦੇ ਹੁਕਮ ਦਿੱਤੇ ਸਨ, ਪਰ 2004 ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ 1981 ਦਾ ਸਮਝੌਤਾ ਰੱਦ ਕਰਨ ਦਾ ਕਾਨੂੰਨ ਪਾਸ ਕਰ ਦਿੱਤਾ ਸੀ, ਜਿਸ ਨੂੰ 2016 ਵਿੱਚ ਸੁਪਰੀਮ ਕੋਰਟ ਨੇ ਰੱਦ ਕਰ ਦਿੱਤਾ ਸੀ।

**ਦੁਵੱਲੀ ਵਾਰਤਾ ਦਾ ਵੇਰਵਾ**

**ਪਹਿਲਾ ਗੇੜ: 18 ਮਈ 2020**
**ਦੂਜਾ ਗੇੜ: 14 ਅਕਤੂਬਰ 2022**
**ਤੀਜਾ ਗੇੜ: 4 ਜਨਵਰੀ 2023**
**ਚੌਥਾ ਗੇੜ: 9 ਜੁਲਾਈ 2025**
**ਪੰਜਵਾਂ ਗੇੜ: 5 ਅਗਸਤ 2025**

# ਪੰਥਕ ਜਥੇਬੰਦੀਆਂ ਵੱਲੋਂ ਸਿੱਖ ਸੰਘਰਸ਼ ਨੂੰ ਜਾਰੀ ਰੱਖਣ ਦਾ ਅਹਿਦ

ਇੱਕ ਸਾਂਝਾ ਨੀਤੀ ਦਸਤਾਵੇਜ਼ ਜਾਰੀ ਕੀਤਾ ਜਾਵੇਗਾ। ਉਨ੍ਹਾਂ ਨੋਟ ਕੀਤਾ ਕਿ 29 ਅਪ੍ਰੈਲ 1986 ਨੂੰ ਜਾਰੀ ਕੀਤਾ ਗਿਆ ਖਾਲਿਸਤਾਨ ਦਾ ਐਲਾਨਨਾਮਾ ਸਿੱਖ ਇਤਿਹਾਸ ਵਿੱਚ ਇੱਕ ਮੀਲ ਪੱਥਰ ਹੈ। ਇਨ੍ਹਾਂ ਜਥੇਬੰਦੀਆਂ ਨੇ ਇਸ ਪੱਖ ਉਤੇ ਵੀ ਸਰਬਸੰਮਤੀ ਨਾਲ ਰਾਏ ਬਣਾਈ ਕਿ ਇਸ ਤੋਂ ਬਾਅਦ 29 ਅਪ੍ਰੈਲ 1986 ਦੇ ਸਰਬੱਤ ਖਾਲਸਾ ਦੀ ਯਾਦ ਹਰ ਆਏ ਸਾਲ ਮਨਾਈ ਜਾਇਆ ਕਰੇਗੀ। ਇਕੱਤਰ ਹੋਈਆਂ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਇਸ ਨਾਲ ਇੱਕ ਸਿੱਧਾ ਸੁਨੇਹਾ ਜਾਵੇਗਾ ਕਿ ਸਿੱਖ ਏਥੇ ਆਪਣਾ ਖੁਦਮੁਖਤਾਰ ਖਿੱਤਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਸਿੱਖ ਰਾਜ ਨਿਯਮਤ ਰੂਪ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਅਤੇ ਮਹਾਰਾਜਾ ਰਾਜਾ ਰਣਜੀਤ ਸਿੰਘ ਦੇ ਰਾਜ ਦਾ ਹੀ ਜਾਰੀ ਰੂਪ ਹੋਏਗਾ। ਆਗੂਆਂ ਨੇ ਕਿਹਾ ਕਿ ਇਸ ਸੰਦਰਭ ਵਿੱਚ ਪਿਛਲੇ ਚਾਰ ਦਹਾਕਿਆਂ ਦੇ ਸੰਘਰਸਸ਼ੀਲ ਤਜ਼ਰਬੇ ਦੇ ਆਧਾਰ 'ਤੇ ਮੌਜੂਦਾ ਅੰਤਰਰਾਸ਼ਟਰੀ ਸਥਿਤੀਆਂ ਅਤੇ ਪੰਥਕ ਹਾਲਤਾਂ ਦੇ ਮੱਦੇਨਜ਼ਰ ਸਿੱਖ ਰੈਡੀਕਲ ਗਰੁੱਪਾਂ ਨੂੰ ਇੱਕ ਮੰਚ 'ਤੇ ਲਿਆਂਦਾ ਜਾਵੇਗਾ ਤੇ ਸਿੱਖ ਰਾਜ ਦੀ ਪ੍ਰਾਪਤੀ ਲਈ ਭਵਿੱਖੀ ਸਰਗਰਮੀਆਂ ਦਾ ਨੀਤੀ ਖਾਕਾ ਤਿਆਰ ਕੀਤਾ ਜਾਵੇਗਾ। ਇਸ ਮੌਕੇ ਇਹ ਐਲਾਨ ਵੀ ਕੀਤਾ ਗਿਆ ਕਿ ਮੌਜੂਦਾ ਸਿੱਖ ਲੀਡਰਸ਼ਿੱਪ ਆਜ਼ਾਦ ਅਤੇ ਖੁਦਮੁਖਤਾਰ ਸਿੱਖ ਰਾਜ ਦੀ ਕਾਇਮੀ ਲਈ ਪ੍ਰਤੀਬੱਧ ਹੈ।

ਇਸ ਤੋਂ ਇਲਾਵਾ ਸਿੱਖ ਫਲਸਫੇ ਦੇ ਆਧਾਰ 'ਤੇ ਸਿੱਖ ਰਾਜ ਦੇ ਢਾਂਚੇ ਨੂੰ ਵੀ ਰੇਖਾਂਕਿਤ ਕਰਨ ਦਾ ਯਤਨ ਕੀਤਾ ਜਾਵੇਗਾ, ਜਿਸ ਵਿੱਚ ਗੁਰਮਤਿ ਰਵਾਇਤਾਂ, ਅਸੂਲ ਅਤੇ ਖਾਲਸਾ ਪੰਥ ਦੀ ਆਨ-ਸ਼ਾਨ (ਡਿਗਨਿਟੀ) ਕਾਇਮ ਰਹਿ ਸਕੇ ਤੇ ਹਰ ਬਸ਼ਰ ਨੂੰ ਇਨਸਾਫ ਪ੍ਰਾਪਤ ਹੋਵੇ। ਇੱਥੇ ਇਹ ਪੱਖ ਵੀ ਸਾਫ ਕੀਤਾ ਗਿਆ ਕਿ ਭਵਿੱਖ ਦੇ ਸੰਘਰਸ਼ ਲਈ ਲੀਡਰਸ਼ਿਪ ਪ੍ਰਤੀਬੱਧ ਸਿੱਖ ਨੌਜਵਾਨਾਂ ਦੇ ਹਵਾਲੇ ਕੀਤੀ ਜਾਵੇਗੀ ਤਾਂ ਕਿ ਸਿੱਖ ਸੰਘਰਸ਼ ਸਹੀ ਹੱਥਾਂ ਅਤੇ ਦਿਸ਼ਾ ਵਿੱਚ ਜਾਰੀ ਰੱਖਿਆ ਜਾ ਸਕੇ। ਜਥੇਬੰਦੀਆਂ ਵੱਲੋਂ ਜਾਰੀ ਕੀਤੇ ਗਏ ਸਾਂਝੇ ਐਲਾਨਨਾਮੇ ਵਿੱਚ ਕਿਹਾ ਗਿਆ ਹੈ, "ਇਹ ਸਭਾ ਪੰਜਾਬ ਦੀ ਇੱਕ ਪ੍ਰਭੂਤਾ ਸੰਪਨ ਰਾਜ ਦੀ ਸਿਆਸੀ ਮੰਜ਼ਿਲ ਲਈ ਆਪਣੀ ਵਚਨਬੱਧਤਾ ਦਰਸਾਉਂਦੀ ਹੈ, ਜਿਸ ਨੂੰ ਮੌਜੂਦਾ ਸਮੇਂ ਵਿੱਚ ਖਾਲਿਸਤਾਨ ਕਿਹਾ ਜਾਂਦਾ ਹੈ- ਇੱਕ ਐਸਾ ਰਾਜ ਢਾਂਚਾ ਜੋ ਰਾਜ ਦੇ ਸਿੱਖ ਸੰਕਲਪ ਭਾਵ ਗੁਰਮਤਿ ਦੇ ਆਸ਼ੇ ਅਸੂਲਾਂ ਉੱਤੇ ਆਧਾਰਤ ਹੋਵੇ ਜੋ ਇਨਸਾਫ, ਸਵੈਮਾਣ, ਅੰਤਰਆਤਮਾ ਦੀ ਆਜ਼ਾਦੀ ਦੇਵੇ ਅਤੇ ਸਭਨਾ ਦਾ ਭਲਾ ਕਰੇ; ਜੋ ਅਸੂਲ ਆਧਾਰਤ ਸਿੱਖ ਰਾਜ ਦੇ ਰਾਜਪ੍ਰਬੰਧ ਨਾਲ ਮੇਲ ਖਾਂਦਾ ਹੋਵੇ।"

ਪੰਥਕ ਜਥੇਬੰਦੀਆਂ ਵੱਲੋਂ ਜਾਰੀ ਕੀਤੇ ਗਏ ਇਸ ਸਾਂਝੇ ਐਲਾਨਨਾਮੇ 'ਤੇ ਦਲ ਖਾਲਸਾ ਦੇ ਭਾਈ ਹਰਪਾਲ ਸਿੰਘ ਚੀਮਾ, ਪੰਚ ਪ੍ਰਧਾਨੀ ਜਥਾ ਦੇ ਭਾਈ ਦਲਜੀਤ ਸਿੰਘ, ਸ਼੍ਰੋਮਣੀ ਅਕਾਲੀ ਦਲ ਵੱਲੋਂ ਸ. ਸਿਮਰਨਜੀਤ ਸਿੰਘ ਮਾਨ ਅਤੇ ਭਾਈ ਜਗਤਾਰ ਸਿੰਘ ਹਵਾਰਾ ਕਮੇਟੀ ਵੱਲੋਂ ਭਾਈ ਭੁਪਿੰਦਰ ਸਿੰਘ ਦੇ ਦਸਤਖਤ ਹਨ।

# ਗਰੀਨਲੈਂਡ ਅਤੇ ਵਪਾਰੀ ਬਿਰਤੀ ਨਾਲ ਗੱਠਜੋੜ

ਪੰਜਾਬੀ ਪਰਵਾਜ਼ ਬਿਊਰੋ

## *ਗਰੀਨਲੈਂਡ ਉਤੇ ਰੂਸ-ਚੀਨ ਦੇ ਕਬਜ਼ੇ ਦਾ ਹਊਆ!

ਗਰੀਨਲੈਂਡ ਨੂੰ ਹਥਿਆਉਣ ਲਈ ਭਾਵੇਂ ਡੋਨਾਲਡ ਟਰੰਪ ਨੇ ਫੌਜੀ ਜ਼ੋਰ ਵਰਤਣ ਦੀ ਜ਼ਿੱਦ ਛੱਡ ਦਿੱਤੀ ਹੈ, ਪਰ ਇਸ 'ਤੇ ਕਾਬਜ਼ ਹੋਣ ਦੀ ਲਾਲਸਾ ਹਾਲੇ ਵੀ ਉਸ ਦੇ ਅੰਦਰੋਂ ਗਈ ਨਹੀਂ ਹੈ। ਹੁਣ ਗਰੀਨਲੈਂਡ ਨੂੰ ਅਮਰੀਕਾ ਹਵਾਲੇ ਕਰਨ ਲਈ ਅਮਰੀਕੀ ਰਾਸ਼ਟਰਪਤੀ ਨੇ ਰੂਸ-ਚੀਨ ਦੇ ਕਬਜ਼ੇ ਦਾ ਹਊਆ ਖੜ੍ਹਾ ਕਰ ਦਿੱਤਾ ਹੈ। ਦਲੀਲ ਇਹ ਦਿੱਤੀ ਹੈ ਕਿ ਸਿਰਫ ਅਮਰੀਕਾ ਹੀ ਗਰੀਨਲੈਂਡ ਦੀ ਰੱਖਿਆ ਕਰਨ ਦੇ ਸਮਰੱਥ ਹੈ। ਟਰੰਪ ਗਰੀਨਲੈਂਡ ਨੂੰ ਉਸ ਵਿੱਚ ਵਸਦੇ ਲੋਕਾਂ ਸਮੇਤ ਖਰੀਦਣ ਦਾ ਵਿਚਾਰ ਵੀ ਰੱਖਦੇ ਹਨ। ਇਹ ਕੁਦਰਤ ਅਤੇ ਇਸ ਦੀਆਂ ਦਾਤਾਂ ਨੂੰ ਵੇਖਣ ਦੀ ਵਪਾਰੀ ਬਿਰਤੀ ਹੈ।

ਸਾਰੀ ਦੁਨੀਆਂ ਦੀ ਰਾਜਨੀਤੀ ਦਾ ਅੱਜ ਇਸ ਵਪਾਰੀ ਬਿਰਤੀ ਨਾਲ ਗੱਠਜੋੜ ਹੈ, ਜਿਸ ਨੂੰ ਕੁਦਰਤ ਅਤੇ ਇਸ ਦੀਆਂ ਦਾਤਾਂ ਕਿਸੇ ਕਾਰੋਬਾਰੀ ਦੀ ਦੁਕਾਨ ਵਿੱਚ ਪਈਆਂ ਵਸਤਾਂ ਵਾਂਗ ਦਿਸਦੀਆਂ ਹਨ। ਕੁਦਰਤ ਨੂੰ, ਜੀਵ ਜੰਤੂਆਂ ਅਤੇ ਮਨੁੱਖੀ ਵੰਨ-ਸੁਵੰਨਤਾ ਨੂੰ ਕਿਸੇ ਸ਼ਾਇਰ ਦੀ ਸੋਹਜਾਤਮਕ ਨਜ਼ਰ ਨਾਲ ਵੇਖਣ ਦੀ ਸੱਤਿਆ ਵਪਾਰੀ-ਕਾਰੋਬਾਰੀ ਬੰਦੇ ਵਿੱਚ ਮੁੱਕ ਜਾਂਦੀ ਹੈ। ਉਸ ਕੋਲ ਵਸਤਾਂ ਦੀ ਠੋਸ ਹਕੀਕਤ ਅਤੇ ਹਿਸਾਬੀ ਕਿਤਾਬੀ ਜਮ੍ਹਾਂ ਘਟਾਓ ਹੀ ਅਖੀਰ ਨੂੰ ਬਾਕੀ ਬਚਦੇ ਹਨ। ਅਮਰੀਕੀ ਰਾਸ਼ਟਰਪਤੀ ਦਾ ਸਿਆਸੀ ਵਿਹਾਰ ਇਸ ਕਾਰੋਬਾਰੀ ਪਹੁੰਚ ਵਿੱਚੋਂ ਹੀ ਬਣਦਾ-ਵਿਗੜਦਾ ਵਿਖਾਈ ਦੇ ਰਿਹਾ। ਆਦਰਸ਼ਕ ਤੌਰ 'ਤੇ ਰਾਜਨੀਤਿਕ ਚਿੰਤਨ ਅਤੇ ਵਿਹਾਰ ਹਮੇਸ਼ਾ ਕਿਸੇ ਵੀ ਵਪਾਰਕ ਹਿੱਤ ਤੋਂ ਉੱਚਾ ਅਤੇ ਨਿਰਲੇਪ ਹੋਣਾ ਚਾਹੀਦਾ ਹੈ। ਤਦ ਹੀ ਅਸਲ ਵਿੱਚ ਰਾਜਨੀਤੀ ਸਮਾਜ ਵਿੱਚ ਆਪਣੀ ਸਹੀ ਭੂਮਿਕਾ ਨਿਭਾਅ ਸਕਦੀ ਹੈ। ਜਦੋਂ ਰਾਜਨੀਤੀ ਵਿੱਤੀ/ਕਾਰੋਬਾਰੀ ਸਰਮਾਏ ਦੇ ਮਾਤਹਿਤ ਹੋ ਜਾਵੇ, ਫਿਰ ਇਸੇ ਕਿਸਮ ਦੀਆਂ ਵਾਹਿਆਤ ਘਟਨਾਵਾਂ ਵਾਪਰਦੀਆਂ ਹਨ। ਬੀਤੇ ਦਿਨੀਂ ਸਵਿਟਜ਼ਰਲੈਂਡ ਦੇ ਦਾਵੋਸ ਵਿੱਚ 'ਵਰਲਡ ਇਕਨਾਮਿਕ ਫੋਰਮ' ਦੇ ਹੋਏ ਇੱਕ ਪੰਜ ਦਿਨਾਂ ਸੰਮੇਲਨ ਵਿੱਚ ਭਾਵੇਂ ਕਿਹਾ ਕਿ ਗਰੀਨਲੈਂਡ ਨੂੰ ਹਾਸਲ ਕਰਨ ਲਈ ਉਹ ਫੌਜੀ ਤਾਕਤ ਦੀ ਵਰਤੋਂ ਨਹੀਂ ਕਰਨਗੇ, ਪਰ ਉਨ੍ਹਾਂ ਉਮੀਦ ਕੀਤੀ ਕਿ ਗੱਲਬਾਤ ਨਾਲ ਇਸ ਮਸਲੇ ਦਾ ਕੋਈ ਨਾ ਕੋਈ ਹੱਲ ਨਿਕਲ ਆਵੇਗਾ। ਉਨ੍ਹਾਂ ਕਿਹਾ ਗਰੀਨਲੈਂਡ ਨੂੰ ਹਾਸਲ ਕਰਨ ਲਈ ਵੀ ਆਰਥਕ ਸਾਧਨਾਂ ਦੀ ਵਰਤੋਂ ਕੀਤੀ ਜਾਵੇਗੀ। ਯਾਦ ਰਹੇ, ਇਸੇ ਮਸਲੇ ਨੂੰ ਲੈ ਕੇ ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੋਨ ਨੇ ਜੀ-7 ਮੁਲਕਾਂ ਦੀ ਇੱਕ ਮੀਟਿੰਗ ਪੈਰਿਸ ਵਿੱਚ ਬੁਲਾਈ ਹੋਈ ਹੈ। ਅਮਰੀਕੀ ਰਾਸ਼ਟਰਪਤੀ ਨੇ ਇਸ ਮੀਟਿੰਗ ਵਿੱਚ ਹਿੱਸਾ ਲੈਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਉਹ ਫੈਸਲਾ ਲੈਣ ਵਾਲੇ ਆਗੂਆਂ ਨਾਲ ਬੈਠਕਾਂ ਕਰਨੀਆਂ ਪਸੰਦ ਕਰਦੇ ਹਨ। ਯਾਦ ਰਹੇ, ਦਾਵੋਸ ਵਿੱਚ ਵਰਲਡ ਇਕਨਾਮਿਕ ਫੋਰਮ ਦੀ ਹੋਈ ਪੰਜ ਦਿਨਾਂ ਮੀਟਿੰਗ ਤੋਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਇੱਕ ਬਿਆਨ ਵਿੱਚ ਕਿਹਾ ਸੀ ਕਿ ਜਿਹੜੇ ਯੂਰਪੀਅਨ ਮੁਲਕ ਗਰੀਨਲੈਂਡ 'ਤੇ ਅਮਰੀਕੀ ਕਬਜ਼ੇ ਦਾ ਵਿਰੋਧ ਕਰਨਗੇ, ਉਨ੍ਹਾਂ 'ਤੇ 10 ਫੀਸਦੀ ਆਯਾਤ ਟੈਰਿਫ ਲਗਾਇਆ ਜਾਵੇਗਾ; ਪਹਿਲੀ ਜੂਨ ਤੋਂ ਇਸ ਨੂੰ 25 ਫੀਸਦੀ ਕਰ ਦਿੱਤਾ ਜਾਵੇਗਾ।




ਟਰੰਪ ਦੇ ਇਸ ਬਿਆਨ 'ਤੇ ਪ੍ਰਤੀਕਰਮ ਪ੍ਰਗਟ ਕਰਦਿਆਂ ਯੂਰਪ ਦੇ ਅੱਠ ਵੱਡੇ ਮੁਲਕਾਂ- ਬ੍ਰਿਟਿਨ, ਡੈਨਮਾਰਕ, ਸਵੀਡਨ, ਫਰਾਂਸ, ਜਰਮਨੀ, ਨੀਦਰਲੈਂਡ ਅਤੇ ਫਿਨਲੈਂਡ ਨੇ ਆਪਣੇ ਇਕ ਸਾਂਝੇ ਬਿਆਨ ਵਿੱਚ ਕਿਹਾ ਕਿ ਗਰੀਨਲੈਂਡ ਦੇ ਮਸਲੇ 'ਤੇ ਉਹ ਪੂਰੀ ਤਰ੍ਹਾਂ ਇਕਮੱਤ ਹਨ ਅਤੇ ਟਰੰਪ ਦੀਆਂ ਨੀਤੀਆਂ ਯੂਰਪ ਅਤੇ ਉੱਤਰੀ ਅਮਰੀਕਾ ਵਿਚਕਾਰ ਰਿਸ਼ਤਿਆਂ ਨੂੰ ਵਿਗਾੜ ਰਹੀਆਂ ਹਨ। ਇੰਗਲੈਂਡ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਇਸ ਬਾਰੇ ਬੋਲਦਿਆਂ ਕਿਹਾ ਕਿ ਸਾਡੀ ਪਹੁੰਚ ਸਾਫ ਹੈ ਕਿ ਗਰੀਨਲੈਂਡ ਡੈਨਮਾਰਕ ਦਾ ਹਿੱਸਾ ਹੈ। ਨਾਟੋ ਮੁਲਕਾਂ ਨੂੰ ਆਪਣੇ ਪੱਖ ਵਿੱਚ ਕਰਨ ਲਈ ਟਰੰਪ ਵੱਲੋਂ ਟੈਰਿਫ ਲਗਾਉਣ ਦੀ ਧਮਕੀ ਠੀਕ ਨਹੀਂ ਹੈ। ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮਾਰਕਨ ਨੇ ਆਪਣੇ ਇੱਕ ਬਿਆਨ ਵਿੱਚ ਕਿਹਾ ਕਿ ਕੋਈ ਵੀ ਡਰਾਵਾ ਜਾਂ ਧਮਕੀ ਸਾਨੂੰ ਝੁਕਾਅ ਨਹੀਂ ਸਕਦੀ। ਪੂਰਾ ਯੂਰਪ ਗਰੀਨਲੈਂਡ ਦੇ ਮਸਲੇ 'ਤੇ ਸਾਂਝਾ ਰੁਖ ਅਪਣਾਵੇਗਾ। ਅਸੀਂ ਇਹ ਯਕੀਨੀ ਬਣਾਵਾਂਗੇ ਕਿ ਯੂਰਪ ਦੀ ਆਜ਼ਾਦੀ (ਸਾਵਰਨਿਟੀ) ਨਾਲ ਕੋਈ ਖਿਲਵਾੜ ਨਾ ਕਰ ਸਕੇ।

ਪਤਾ ਲੱਗਾ ਹੈ ਕਿ ਯੂਰਪੀ ਸੰਸਦ ਦੇ ਮੈਂਬਰ ਯੂਰਪ ਨਾਲ ਅਮਰੀਕਾ ਦੇ ਟਰੇਡ ਸਮਝੌਤੇ ਨੂੰ ਰੋਕਣ ਦਾ ਯਤਨ ਕਰ ਰਹੇ ਹਨ। ਯੂਨੀਅਨ ਪੀਪਲ ਪਾਰਟੀ ਦੇ ਪ੍ਰਧਾਨ ਮੈਨਫ੍ਰੇਡ ਵੇਬਰ ਨੇ ਗਰੀਨਲੈਂਡ ਸੰਬੰਧੀ ਗੱਲਬਾਤ ਕਰਦਿਆਂ ਕਿਹਾ ਕਿ ਟਰੰਪ ਦੀਆਂ ਗਰੀਨਲੈਂਡ ਬਾਰੇ ਧਮਕੀਆਂ ਦੇ ਮੱਦੇਨਜ਼ਰ ਅਮਰੀਕਾ ਨਾਲ ਵਪਾਰ ਸਮਝੌਤਾ ਸੰਭਵ ਨਹੀਂ ਹੈ। ਇਧਰ ਯੂਰਪੀਅਨ ਕਮਿਸ਼ਨ ਦੀ ਚੇਅਰਮੈਨ ਬਦਲੇ ਸੰਸਾਰ ਦੇ ਮੱਦੇਨਜ਼ਰ ਭਾਰਤ ਨਾਲ ਵਪਾਰ ਸਮਝੌਤਾ ਕਰਨ ਲਈ ਆਏ। ਕਮਿਸ਼ਨ ਪ੍ਰੈਜ਼ੀਡੈਂਟ ਉਰਸੁਲਾ ਵੋਨ ਡੇਰ ਲੇਅਨ ਅਤੇ ਉਨ੍ਹਾਂ ਦੇ ਇੱਕ ਹੋਰ ਸੀਨੀਅਰ ਅਧਿਕਾਰੀ ਨੂੰ 26 ਜਨਵਰੀ ਨੂੰ ਦਿੱਲੀ ਵਿੱਚ ਗਣਤੰਤਰ ਪ੍ਰੇਡ ਦਾ ਮੁਖ ਮਹਿਮਾਨ ਬਣਾਇਆ ਗਿਆ। ਇਸ ਦੇ ਨਾਲ ਯੂ.ਐਨ.ਓ. ਦੇ ਮਨੁੱਖੀ ਅਧਿਕਾਰ ਕਮਿਸ਼ਨ ਦੀ ਹੋਈ ਇੱਕ ਵੋਟਿੰਗ ਵਿੱਚ ਭਾਰਤ ਨੇ ਇਕਤਰਫਾ ਅਮਰੀਕਾ ਦੇ ਖਿਲਾਫ ਵੋਟ ਪਾਇਆ। ਭਾਰਤ ਦੀ ਦਲੀਲ ਹੈ ਕਿ ਕਿਸੇ ਵੀ ਮੁਲਕ ਨੂੰ ਦੂਜੇ ਮੁਲਕ ਦੇ ਅੰਦਰੂਨੀ ਮਾਮਲਿਆਂ ਵਿੱਚ ਦਖਲ ਦੇਣ ਦਾ ਹੱਕ ਨਹੀਂ ਹੈ। ਵੱਖ-ਵੱਖ ਮੁਲਕਾਂ ਦੇ ਇਨ੍ਹਾਂ ਪ੍ਰਤੀਕਰਮਾਂ ਤੋਂ ਇਲਾਵਾ ਗਰੀਨਲੈਂਡ ਦੇ ਹਜ਼ਾਰਾਂ ਲੋਕਾਂ ਨੇ ਜ਼ੋਰਦਾਰ ਪ੍ਰਦਰਸ਼ਨ ਕੀਤਾ। ਉਨ੍ਹਾਂ ਨੇ ਮਾਟੋ ਫੜੇ ਹੋਏ ਸਨ ਕਿ 'ਗਰੀਨਲੈਂਡ ਵਿਕਾਊ ਨਹੀਂ ਹੈ।' ਅੰਤਾਂ ਦੀ ਠੰਢ ਅਤੇ ਬਰਫਬਾਰੀ ਦੇ ਬਾਵਜੂਦ ਇਨ੍ਹਾਂ ਪ੍ਰਦਰਸ਼ਨਕਾਰੀਆਂ ਨੇ ਨਯੂਕ ਤੋਂ ਅਮਰੀਕੀ ਸਫਾਰਤਖਾਨੇ ਤੱਕ ਮਾਰਚ ਕੀਤਾ।

ਯੂਰਪੀਅਨ ਯੂਨੀਅਨ ਨਾਲ ਸੰਬੰਧਤ ਅੱਠ ਮੁਲਕਾਂ ਵੱਲੋਂ ਇਸ ਦਾ ਵਿਰੋਧ ਕੀਤੇ ਜਾਣ 'ਤੇ ਟਰੰਪ ਨੇ ਨਾਟੋ 'ਤੇ ਨਜ਼ਲਾ ਝਾੜਿਆ ਅਤੇ ਕਿਹਾ ਕਿ ਮੈਨੂੰ ਨਹੀਂ ਲਗਦਾ ਕਿ ਸੰਕਟ ਦੇ ਸਮੇਂ ਨਾਟੋ ਮੁਲਕ ਅਮਰੀਕਾ ਦਾ ਸਾਥ ਦੇਣਗੇ। ਟਰੰਪ ਦੇ ਇਸ ਬਿਆਨ 'ਤੇ ਇੰਗਲੈਂਡ ਨੇ ਇਤਰਾਜ਼ ਜਤਾਇਆ ਅਤੇ ਕਿਹਾ ਕਿ ਉਨ੍ਹਾਂ ਦਾ ਦੇਸ਼ ਹਰ ਸੰਕਟ ਵੇਲੇ ਅਮਰੀਕਾ ਨਾਲ ਖੜ੍ਹਾ ਰਿਹਾ ਹੈ। ਟਰੰਪ ਦੀ ਇਸ ਕਿਸਮ ਦੀ ਬੋਲਬਾਣੀ ਇਤਰਾਜ਼ਯੋਗ ਹੈ। ਮਗਰੋਂ ਟਰੰਪ ਨੇ ਵੀ ਅੰਗਰੇਜ਼ਾਂ ਦੀ ਇਹ ਗੱਲ ਮੰਨ ਲਈ ਅਤੇ ਕਿਹਾ ਕਿ ਇਰਾਕ ਅਤੇ ਅਫਗਾਨਿਸਤਾਨ ਵਿੱਚ ਇੰਗਲੈਂਡ ਦੀਆਂ ਫੌਜਾਂ ਨੇ ਵੀ ਕੁਰਬਾਨੀਆਂ ਕੀਤੀਆਂ ਹਨ। ਦਿਲਚਸਪ ਗੱਲ ਇਹ ਹੈ ਕਿ ਇੰਗਲੈਂਡ ਅੱਜ ਵੀ ਇਰਾਨ 'ਤੇ ਹਮਲੇ ਲਈ ਅਮਰੀਕਾ ਦਾ ਸਾਥ ਦੇ ਰਿਹਾ ਹੈ, ਜਦਕਿ ਗਰੀਨਲੈਂਡ ਦੇ ਮਸਲੇ 'ਤੇ ਇੰਗਲੈਂਡ ਸਮੇਤ ਸਾਰੇ ਯੂਰਪੀਨ ਮੁਲਕ ਡੈਨਮਾਰਕ ਅਤੇ ਗਰੀਨਲੈਂਡ ਦਾ ਪੱਖ ਪੂਰ ਰਹੇ ਹਨ। ਯੂਰਪੀਅਨ ਮੁਲਕਾਂ ਨੂੰ ਆਪਣੀ ਸਮਝ ਵਿਚਲੇ ਇਹ ਕਣ ਪਹਿਚਾਨਣੇ ਅਤੇ ਦੂਰ ਕਰਨੇ ਪੈਣਗੇ। ਅਮਰੀਕਾ ਦੀ ਗਰੀਨਲੈਂਡ ਪ੍ਰਤੀ ਪਹੁੰਚ ਉਸ ਨੂੰ ਯੂਰਪ ਦੇ ਆਹਮੋ-ਸਾਹਮਣੇ ਕਰ ਰਹੀ ਹੈ। ਇਹ ਖਿਚੋਤਾਣ ਨਾਟੋ ਦਾ ਅੰਤ ਵੀ ਕਰ ਸਕਦੀ ਹੈ। ਗਰੀਨਲੈਂਡ ਉੱਤਰੀ ਆਰਕਟਿਕ ਖੇਤਰ ਵਿੱਚ ਬੇਹੱਦ ਥੋੜ੍ਹੀ ਅਬਾਦੀ ਵਾਲਾ ਬੇਹੱਦ ਠੰਡਾ ਮੁਲਕ ਹੈ। ਇਹ ਡੈਨਮਾਰਕ ਦੇ ਅਧੀਨ ਇੱਕ ਸਵੈਸਾਸ਼ਤ ਖ਼ੁਦਮੁਖਤਾਰ ਖੇਤਰ ਹੈ। ਇੱਥੋਂ ਦੇ ਲੋਕ ਸਵੈ-ਸ਼ਾਸਨ ਦੇ ਅਧੀਨ ਅਮਨ-ਅਮਾਨ ਨਾਲ ਰਹਿ ਰਹੇ ਹਨ; ਪਰ ਅਮਰੀਕਾ ਨੂੰ ਇਸ ਧਰਤੀ ਹੇਠ ਛਿਪੇ ਮਿਨਰਲਜ਼ ਅਤੇ ਬਹੁਤ ਹੀ ਦੁਰਲੱਭ ਧਾਤਾਂ ਦਾ ਖਜ਼ਾਨਾ ਲਲਚਾਉਂਦਾ ਹੈ। ਇਹ ਧਾਤਾਂ ਮੁਬਾਈਲਾਂ, ਕੰਪਿਊਟਰਾਂ, ਇਲਕਟਰਿਕ ਕਾਰਾਂ ਅਤੇ ਹੋਰ ਆਧੁਨਿਕ ਸਾਜ਼ੋ ਸਮਾਨ ਬਣਾਉਣ ਲਈ ਬੇਹਦ ਜ਼ਰੂਰੀ ਹਨ। ਇਸ ਦੀ ਤੋਟ ਅਮਰੀਕਾ ਨੂੰ ਚੀਨ ਅੱਗੇ ਹੱਥ ਅੱਡਣ ਲਈ ਮਜਬੂਰ ਕਰਦੀ ਹੈ।

# ਭਾਰਤ ਅਤੇ ਯੂਰਪੀਅਨ ਯੂਨੀਅਨ ਵਿਚਕਾਰ ਫਰੀ ਟਰੇਡ ਸਮਝੌਤੇ 'ਤੇ ਸਹਿਮਤੀ ਬਣੀ

ਦੋਹਾਂ ਮੁਲਕਾਂ ਵੱਲੋਂ ਕੁੱਲ ਦਰਾਮਦ-ਬਰਾਮਦ ਦੀਆਂ ਤਕਰੀਬਨ 90 ਫੀਸਦੀ ਵਸਤਾਂ ਨੂੰ ਕਰ ਮੁਕਤ ਕੀਤੇ ਜਾਣ 'ਤੇ ਸਹਿਮਤੀ ਹੋਈ ਹੈ। ਇਸ ਸੰਬੰਧ ਵਿੱਚ ਯੂਰਪੀਅਨ ਯੂਨੀਅਨ ਦੇ ਆਗੂਆਂ ਨੇ ਅੱਜ ਕਿਹਾ ਕਿ ਦੋਹਾਂ ਮੁਲਕਾਂ ਵਿਚਕਾਰ ਇਹ ਕਰ ਮੁਕਤ ਵਪਾਰ ਸਮਝੌਤਾ ਇੱਕ ਇਤਿਹਾਸਕ ਮੀਲ ਪੱਥਰ ਸਾਬਤ ਹੋਵੇਗਾ। ਉਨ੍ਹਾਂ ਦਾ ਆਖਣਾ ਹੈ ਕਿ ਯੂਰਪੀਅਨ ਯੂਨੀਅਨ ਨਾਲ ਸੰਬੰਧਤ ਮੁਲਕਾਂ ਨੂੰ ਇਸ ਸਮਝੌਤੇ ਦੇ ਸਿੱਟੇ ਵਜੋਂ 4 ਬਿਲੀਅਨ ਯੂਰੋ ਦੀ ਬੱਚਤ ਹੋਵੇਗੀ।

ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਇਸ ਸਮਝੌਤੇ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਕਿਹਾ ਕਿ ਯੂਰਪੀਅਨ ਯੂਨੀਅਨ ਨਾਲ ਲੰਮੇ ਸਮੇਂ ਤੋਂ ਵਿਚਾਰ ਅਧੀਨ ਪਿਆ ਕਰ ਮੁਕਤ ਵਪਾਰ ਸਮਝੌਤਾ (ਫਰੀ ਟਰੇਡ ਐਗਰੀਮੈਂਟ) ਸਿਰੇ ਚੜ੍ਹ ਗਿਆ ਹੈ। ਉਨ੍ਹਾਂ ਕਿਹਾ ਕਿ ਦੁਵੱਲੇ ਕਾਰੋਬਾਰੀ ਰਿਸ਼ਤਿਆਂ ਵਿੱਚ ਇਹ ਸਮਝੌਤਾ ਬੇਹੱਦ ਲਾਭਕਾਰੀ ਸਾਬਤ ਹੋਵੇਗਾ। ਇੱਕ ਯੂਰਪੀਅਨ ਅੰਕੜਾ ਸ਼ੀਟ ਅਨੁਸਾਰ ਇਸ ਸਮਝੌਤੇ ਨਾਲ ਯੂਰਪ ਅਤੇ ਭਾਰਤ ਵਿਚਕਾਰ ਵਪਾਰ ਦੁਗਣਾ ਹੋ ਜਾਵੇਗਾ। ਇਸ ਨਾਲ ਭਾਰਤ ਵਿੱਚ ਸੇਵਾਵਾਂ ਦੇ ਖੇਤਰ ਤੱਕ ਪਹੁੰਚ ਵਿਸ਼ਾਲ ਹੋਵੇਗੀ; ਖਾਸ ਕਰਕੇ ਵਿੱਤੀ ਅਤੇ ਸਮੁੰਦਰੀ ਆਵਾਜਾਈ ਦੇ ਖੇਤਰ ਵਿਚ। ਇਸ ਨਾਲ ਵਪਾਰ ਦੇ ਨਵੇਂ ਖੇਤਰ ਵੀ ਖੁਲ੍ਹਣਗੇ ਅਤੇ ਨਵੀਆਂ ਨੌਕਰੀਆਂ ਪੈਦਾ ਹੋਣਗੀਆਂ।

ਇਸ ਸਮਝੌਤੇ ਦੇ ਤਹਿਤ ਬਹੁਤ ਸਾਰੀਆਂ ਯੂਰਪੀਨ ਵਸਤਾਂ ਦੇ ਭਾਰਤ ਵੱਲ ਆਯਾਤ 'ਤੇ ਜ਼ੀਰੋ ਫੀਸਦੀ ਟੈਕਸ ਲੱਗੇਗਾ। ਇਨ੍ਹਾਂ ਵਸਤਾਂ ਵਿੱਚ ਇਲੈਕਟਰੌਨਿਕ ਸਾਜ਼ੋ-ਸਮਾਨ, ਹਵਾਈ ਜਹਾਜ਼ ਅਤੇ ਸਪੇਸ ਵਾਹਨ, ਅੱਖਾਂ ਦੇ ਇਲਾਜ ਵਾਲੀਆਂ ਵਸਤਾਂ, ਮੈਡੀਕਲ ਅਤੇ ਸਰਜੀਕਲ ਸਾਜ਼ੋ-ਸਮਾਨ ਪਲਾਸਟਿਕ, ਵੱਖ-ਵੱਖ ਕਿਸਮ ਦੇ ਮੋਤੀ, ਕੀਮਤੀ ਪੱਥਰ, ਧਾਤਾਂ, ਵੱਖ-ਵੱਖ ਕਿਸਮ ਦੇ ਰਸਾਇਣ, ਗੱਡੀਆਂ, ਲੋਹਾ, ਸਟੀਲ ਅਤੇ ਦਵਾਈਆਂ ਸ਼ਾਮਲ ਹਨ। ਕਾਰਾਂ 'ਤੇ ਆਯਾਤ ਕਰ ਕਿਸ਼ਤਾਂ ਵਿੱਚ ਘੱਟ ਕੀਤਾ ਜਾਵੇਗਾ। ਅੱਜਕਲ੍ਹ ਇਹ 110 ਫੀਸਦੀ ਹੈ। ਹੌਲੀ-ਹੌਲੀ ਇਸ ਨੂੰ ਘਟਾ ਕੇ 10 ਫੀਸਦੀ ਕਰ ਦਿੱਤਾ ਜਾਵੇਗਾ। ਸ਼ਰਾਬ 'ਤੇ ਆਯਾਤ ਟੈਕਸ 150 ਫੀਸਦੀ ਤੋਂ ਘਟਾ ਕੇ 20 ਫੀਸਦੀ ਕੀਤਾ ਜਾਵੇਗਾ। ਮੌਜੂਦਾ ਦੌਰ ਵਿੱਚ ਬਰੈਡ, ਬਿਸਕੁਟ ਅਤੇ ਚੌਕਲੇਟ ਵਗੈਰਾ 'ਤੇ ਆਯਾਤ ਟੈਕਸ 50 ਫੀਸਦੀ ਹੈ। ਆਉਂਦੇ ਸਮੇਂ ਵਿੱਚ ਇਸ ਨੂੰ ਪੂਰੀ ਤਰ੍ਹਾਂ ਹਟਾ ਦਿੱਤਾ ਜਾਵੇਗਾ। ਜੈਤੂਨ ਦੇ ਤੇਲ, ਮਾਰਜਰਾਈਨ ਅਤੇ ਹੋਰ ਹਰਬਲ-ਵੈਜੀਟੇਬਲ ਤੇਲਾਂ 'ਤੇ ਆਯਾਤ ਕਰ 45 ਫੀਸਦੀ ਹੋਵੇਗਾ। ਫਲਾਂ ਦੇ ਜੂਸਾਂ ਅਤੇ ਬਿਨਾ ਅਲਕੋਹਲ ਦੇ ਬੀਅਰ 'ਤੇ ਜ਼ੀਰੋ ਫੀਸਦੀ ਟੈਕਸ ਲੱਗੇਗਾ। ਭਾਰਤ ਅਤੇ ਯੂਰਪ ਦਰਮਿਆਨ ਹੋਏ ਇਸ ਸਮਝੌਤੇ, ਜਿਸ ਨੂੰ ਸਾਰੇ ਸਮਝੌਤਿਆਂ ਦੀ ਮਾਂ ਕਿਹਾ ਜਾ ਰਿਹਾ ਹੈ, ਟੈਕਸ ਵਿੱਚ ਰਾਹਤ ਖਪਤਕਾਰੀ ਵਸਤਾਂ ਤੋਂ ਅਗਾਂਹ ਵੀ ਜਾਵੇਗੀ। ਅੱਗੇ ਜਾ ਕੇ ਭਾਰਤ ਵੱਲੋਂ ਯੂਰਪੀ ਵਾਹਨਾਂ 'ਤੇ ਵੀ ਟੈਕਸ ਘਟਾ ਦਿੱਤਾ ਜਾਵੇਗਾ। ਉਂਝ ਖੇਤੀ ਅਤੇ ਡੇਅਰੀ ਜਿਹੇ ਸੰਵੇਦਨਸ਼ੀਲ ਖੇਤਰਾਂ ਨੂੰ ਘਰੇਲੂ ਹਿੱਤਾਂ ਦੇ ਤਹਿਤ ਟੈਕਸ ਮੁਕਤ ਨਹੀਂ ਕੀਤਾ ਗਿਆ ਹੈ।

ਆਈ.ਟੀ. ਤੇ ਪ੍ਰੋਫੈਸ਼ਨਲ ਸੇਵਾਵਾਂ ਅਤੇ ਹੁਨਰਮੰਦ ਕਾਮਿਆਂ ਦੀ ਯੂਰਪੀਅਨ ਮੰਡੀ ਤੱਕ ਪਹੁੰਚ ਵਧਾਉਣ ਲਈ ਨਿਯਮਾਂ ਵਿੱਚ ਢਿੱਲ ਦਿੱਤੇ ਜਾਣ ਦਾ ਫੈਸਲਾ ਕੀਤਾ ਗਿਆ ਹੈ। ਭਾਰਤੀ ਕੰਪਨੀਆਂ ਵੱਲੋਂ ਆਯਾਤ ਕੀਤੀ ਜਾਣ ਵਾਲੀ ਮਸ਼ੀਨਰੀ, ਸੂਖਮ ਅਤੇ ਦੁਰਲਭ ਔਜ਼ਾਰਾਂ 'ਤੇ ਟੈਕਸ ਮੁਕਤੀ ਭਾਰਤੀ ਕੰਪਨੀਆਂ ਦੀ ਮੁਕਾਬਲੇਬਾਜ਼ੀ ਦੀ ਸਮਰੱਥਾ ਨੂੰ ਵਧਾਏਗੀ। ਸਮਝੌਤੇ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਤੋਂ ਪਹਿਲਾਂ ਕੁਝ ਰੈਗੂਲੇਟਰੀ ਨਿਯਮਾਂ ਅਤੇ ਗੈਰ-ਟੈਰਿਫ ਅੜਿੱਕਿਆਂ ਨੂੰ ਵੀ ਦੂਰ ਕੀਤਾ ਜਾਣਾ ਹੈ ਅਤੇ ਇਨ੍ਹਾਂ ਉੱਤੇ ਹਾਲੇ ਵੀ ਵਿਚਾਰ ਚਰਚਾ ਚੱਲ ਰਹੀ ਹੈ।

ਭਾਰਤ ਅਤੇ ਯੂਰਪ ਵਿਚਕਾਰ ਹੋਏ ਇਸ ਸਮਝੌਤੇ ਨੂੰ 'ਮਦਰ ਆਫ ਆਲ ਡੀਲਜ਼' ਦਾ ਨਾਂ ਦਿੰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਇਸ ਸਮਝੌਤੇ ਨਾਲ ਭਾਰਤ ਦੇ 140 ਕਰੋੜ ਲੋਕਾਂ ਨੂੰ ਵੱਡਾ ਲਾਭ ਹੋਵੇਗਾ। ਇਸੇ ਤਰ੍ਹਾਂ ਯੂਰਪ ਦੇ ਲੱਖਾਂ ਲੋਕ ਇਸ ਤੋਂ ਲਾਭ ਲੈਣਗੇ। ਉਨ੍ਹਾਂ ਕਿਹਾ ਕਿ ਭਾਰਤ ਅਤੇ ਯੂਰਪ ਦੁਨੀਆਂ ਦੀ ਜੀ.ਡੀ.ਪੀ. ਵਿੱਚ 25 ਫੀਸਦੀ ਹਿੱਸਾ ਪਾਉਂਦੇ ਹਨ ਅਤੇ ਦੋਹਾਂ ਵਿਚਕਾਰ ਕਾਰੋਬਾਰ ਗਲੋਬਲ ਵਪਾਰ ਦਾ ਇੱਕ ਤਿਹਾਈ ਬਣਦਾ ਹੈ।

ਸਮਝੌਤੇ ਨੂੰ ਇਤਿਹਾਸਕ ਆਖਦਿਆਂ ਯੂਰਪੀ ਕਮਿਸ਼ਨ ਦੀ ਪ੍ਰਧਾਨ ਉਰਸੁਲਾ ਵੋਨ ਡੀਅਰ ਨੇ ਕਿਹਾ ਕਿ ਅਸੀਂ ਭਾਰਤ ਅਤੇ ਯੂਰਪ ਦੇ ਦੋ ਅਰਬ ਲੋਕਾਂ ਲਈ ਇੱਕ ਕਰ ਮੁਕਤ ਜੋਨ ਬਣਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਹਾਲੇ ਸ਼ੁਰੂਆਤ ਹੈ, ਅਸੀਂ ਰਣਨੀਤਿਕ ਪੱਧਰ 'ਤੇ ਭਾਈਵਾਲੀ ਲਈ ਤਕੜੇ ਹੋ ਕੇ ਅੱਗੇ ਵਧਾਂਗੇ। ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨੋਟ ਕੀਤਾ ਕਿ ਭਾਰਤ ਦੇ ਚਮੜੇ, ਟੈਕਸਟਾਈਲ, ਹੀਰੇ ਅਤੇ ਗਹਿਣਿਆਂ ਦੇ ਖੇਤਰ ਨੂੰ ਵਿਸ਼ੇਸ਼ ਤੌਰ 'ਤੇ ਲਾਭ ਹੋਏਗਾ। ਇਹ ਸਮਝੌਤੇ 'ਤੇ ਰਸਮੀ ਤੌਰ 'ਤੇ ਦਸਤਖ਼ਤ ਕਾਨੂੰਨੀ ਸੋਧ ਸੁਧਾਈ ਹੋਣ ਪਿੱਛੋਂ 6 ਮਹੀਨੇ ਬਾਅਦ ਕੀਤੇ ਜਾਣਗੇ।



## ਲਗਜ਼ਰੀ ਕਾਰਾਂ ਹੋਣਗੀਆਂ ਸਸਤੀਆਂ

ਭਾਰਤ ਅਤੇ ਯੂਰਪੀਅਨ ਯੂਨੀਅਨ ਵਿਚਾਲੇ ਹੋਏ ਮੁਕਤ ਵਪਾਰ ਸਮਝੌਤੇ ਤੋਂ ਬਾਅਦ ਭਾਰਤੀ ਬਾਜ਼ਾਰ 'ਚ ਬੀ.ਐੱਮ.ਡਬਲਿਊ., ਮਰਸਿਡੀਜ਼, ਲੈਂਬੋਰਗਿਨੀ, ਪੋਰਸ਼ ਅਤੇ ਔਡੀ ਵਰਗੀਆਂ ਪ੍ਰੀਮੀਅਮ ਲਗਜ਼ਰੀ ਕਾਰਾਂ ਸਸਤੀਆਂ ਹੋ ਜਾਣਗੀਆਂ। ਸਮਝੌਤੇ ਤਹਿਤ ਭਾਰਤ ਯੂਰਪੀਅਨ ਕਾਰਾਂ ਨੂੰ ਕੋਟਾ ਆਧਾਰਿਤ ਦਰਾਮਦ ਡਿਊਟੀ 'ਚ ਰਿਆਇਤ ਦੇਵੇਗਾ; ਹਾਲਾਂਕਿ ਇਹ ਲਾਭ 25 ਲੱਖ ਰੁਪਏ ਤੋਂ ਵੱਧ ਕੀਮਤ ਵਾਲੀਆਂ ਕਾਰਾਂ ਨੂੰ ਹੀ ਮਿਲੇਗਾ। ਸਮਝੌਤੇ ਅਨੁਸਾਰ ਭਾਰਤ ਚੁਣੀਆਂ ਗਈਆਂ ਕਾਰਾਂ 'ਤੇ ਡਿਊਟੀ ਘਟਾ ਕੇ 10 ਫੀਸਦੀ ਤੱਕ ਕਰ ਦੇਵੇਗਾ।

ਫਿਲਹਾਲ ਭਾਰਤ ਵਿੱਚ ਇਨ੍ਹਾਂ ਗੱਡੀਆਂ 'ਤੇ 66 ਤੋਂ 125 ਫੀਸਦੀ ਤੱਕ ਡਿਊਟੀ ਲੱਗਦੀ ਹੈ। ਇਸ ਬਦਲੇ ਯੂਰਪੀਅਨ ਯੂਨੀਅਨ ਭਾਰਤੀ ਆਟੋਮੋਬਾਈਲਜ਼ ਨੂੰ ਪੂਰੀ ਤਰ੍ਹਾਂ ਡਿਊਟੀ-ਮੁਕਤ ਪਹੁੰਚ ਦੇਵੇਗਾ। ਇਲੈਕਟ੍ਰਿਕ ਵਾਹਨਾਂ ਲਈ ਡਿਊਟੀ 'ਚ ਛੋਟ ਸਮਝੌਤਾ ਲਾਗੂ ਹੋਣ ਦੇ ਪੰਜਵੇਂ ਸਾਲ ਤੋਂ ਸ਼ੁਰੂ ਹੋਵੇਗੀ ਤਾਂ ਜੋ ਘਰੇਲੂ ਈ.ਵੀ. ਉਦਯੋਗ ਦਾ ਵਿਕਾਸ ਹੋ ਸਕੇ।

# ਦਸ ਦਿਨਾਂ 'ਚ ਅਮੀਰਾਂ ਨੇ 2026 ਦਾ ਕਾਰਬਨ ਕੋਟਾ ਖ਼ਤਮ ਕੀਤਾ

## *ਜਲਵਾਯੂ ਸੰਕਟ ਦੀ ਸਜ਼ਾ ਗਰੀਬਾਂ ਨੂੰ-ਆਕਸਫ਼ੈਮ ਦੀ ਚੇਤਾਵਨੀ

ਪੰਜਾਬੀ ਪਰਵਾਜ਼ ਬਿਊਰੋ






ਸਾਲ 2026 ਦੀ ਸ਼ੁਰੂਆਤ ਨੂੰ ਅਜੇ ਦੋ ਹਫ਼ਤੇ ਵੀ ਪੂਰੇ ਨਹੀਂ ਸਨ ਹੋਏ, ਪਰ ਦੁਨੀਆ ਦੇ ਸਭ ਤੋਂ ਅਮੀਰ ਇੱਕ ਫ਼ੀਸਦੀ ਲੋਕਾਂ ਨੇ ਸਿਰਫ਼ 10 ਦਿਨਾਂ ਵਿੱਚ ਹੀ ਆਪਣਾ ਸਾਲ ਭਰ ਦਾ ਕਾਰਬਨ ਕੋਟਾ ਖਤਮ ਕਰ ਲਿਆ ਹੈ। ਅੰਤਰਰਾਸ਼ਟਰੀ ਗ਼ੈਰ-ਸਰਕਾਰੀ ਸੰਸਥਾ ਆਕਸਫ਼ੈਮ ਦੀ ਤਾਜ਼ਾ ਰਿਪੋਰਟ ਨੇ ਜਲਵਾਯੂ ਸੰਕਟ ਵਿੱਚ ਅਮੀਰ ਵਰਗ ਦੀ ਬੇਹੱਦ ਅਫ਼ਸੋਸਨਾਕ ਅਤੇ "ਹੱਦ ਪਾਰ ਕਰਨ ਵਾਲੀ" ਭੂਮਿਕਾ ਨੂੰ ਇੱਕ ਵਾਰ ਫਿਰ ਸਾਫ਼ ਕਰ ਦਿੱਤਾ ਹੈ।

ਰਿਪੋਰਟ ਮੁਤਾਬਕ, ਜੇ ਧਰਤੀ ਦੇ ਤਾਪਮਾਨ ਨੂੰ 1.5 ਡਿਗਰੀ ਸੈਲਸੀਅਸ ਦੇ ਅੰਦਰ ਰੱਖਣਾ ਹੈ; ਜੋ ਪੈਰਿਸ ਸਮਝੌਤੇ ਦਾ ਮੁੱਖ ਨਿਸ਼ਾਨਾ ਤਾਂ ਹਰ ਇਨਸਾਨ ਲਈ ਇੱਕ ਨਿਸ਼ਚਿਤ ਕਾਰਬਨ ਸੀਮਾ ਲਾਜ਼ਮੀ ਹੈ। ਪਰ ਅਸਲ ਹਕੀਕਤ ਇਹ ਹੈ ਕਿ ਦੁਨੀਆ ਦੇ ਸਭ ਤੋਂ ਅਮੀਰ ਲੋਕ ਇਸ ਸੀਮਾ ਨੂੰ ਸਾਲਾਂ ਨਹੀਂ, ਸਗੋਂ ਦਿਨਾਂ ਵਿੱਚ ਹੀ ਤੋੜ ਰਹੇ ਹਨ।

### 'ਪੋਲਿਊਟੋਕ੍ਰੈਟ ਡੇ' ਤੇ ਅਮੀਰਾਂ ਦੀ ਜ਼ਿੰਮੇਵਾਰੀ

ਆਕਸਫ਼ੈਮ ਦੀ ਰਿਪੋਰਟ ਦੱਸਦੀ ਹੈ ਕਿ ਦੁਨੀਆ ਦੇ ਸਭ ਤੋਂ ਅਮੀਰ 0.1 ਫ਼ੀਸਦੀ ਲੋਕ ਤਾਂ 3 ਜਨਵਰੀ 2026 ਤੱਕ ਹੀ ਆਪਣੀ ਪੂਰੀ ਸਾਲਾਨਾ ਕਾਰਬਨ ਸੀਮਾ ਪਾਰ ਕਰ ਚੁੱਕੇ ਸਨ। ਆਕਸਫ਼ੈਮ ਨੇ ਇਸ ਦਿਨ ਨੂੰ "ਪੋਲਿਊਟੋਕ੍ਰੈਟ ਡੇ" ਨਾਮ ਦਿੱਤਾ ਹੈ; ਅਰਥਾਤ ਉਹ ਦਿਨ ਜਦੋਂ ਅਮੀਰ ਵਰਗ ਦਾ ਪ੍ਰਦੂਸ਼ਣ ਬਾਕੀ ਦੁਨੀਆ ਦੇ ਹਿੱਸੇ ਵਿੱਚ ਆਉਣ ਵਾਲੇ ਮਹੀਨਿਆਂ ਅਤੇ ਸਾਲਾਂ ਦਾ ਭਵਿੱਖ ਖੋਹ ਲੈਂਦਾ ਹੈ।

ਇਹ ਸਿਰਫ਼ ਇੱਕ ਪ੍ਰਤੀਕਾਤਮਕ ਨਾਮ ਨਹੀਂ, ਸਗੋਂ ਇਸ ਗੱਲ ਦੀ ਸਪਸ਼ਟ ਨਿਸ਼ਾਨਦੇਹੀ ਹੈ ਕਿ ਜਲਵਾਯੂ ਸੰਕਟ ਪੈਦਾ ਕਰਨ ਵਿੱਚ ਸਭ ਤੋਂ ਵੱਡਾ ਯੋਗਦਾਨ ਉਨ੍ਹਾਂ ਲੋਕਾਂ ਦਾ ਹੈ, ਜੋ ਇਸ ਦੇ ਪ੍ਰਭਾਵਾਂ ਤੋਂ ਖੁਦ ਸਭ ਤੋਂ ਘੱਟ ਪ੍ਰਭਾਵਿਤ ਹੁੰਦੇ ਹਨ।

### ਅੰਕੜੇ ਜੋ ਸੋਚਣ ਲਈ ਮਜਬੂਰ ਕਰਦੇ ਹਨ

ਆਕਸਫ਼ੈਮ ਅਨੁਸਾਰ ਇੱਕ ਆਮ ਅਮੀਰ ਵਿਅਕਤੀ ਹਰ ਰੋਜ਼ ਲਗਭਗ 800 ਕਿਲੋਗ੍ਰਾਮ ਕਾਰਬਨ ਡਾਈਆਕਸਾਈਡ ($CO_2$) ਛੱਡਦਾ ਹੈ, ਜਦਕਿ ਇੱਕ ਗਰੀਬ ਵਿਅਕਤੀ ਸਿਰਫ਼ 2 ਕਿਲੋਗ੍ਰਾਮ। ਇਹ ਫ਼ਰਕ ਸਿਰਫ਼ ਜੀਵਨ-ਸ਼ੈਲੀ ਦਾ ਨਹੀਂ, ਸਗੋਂ ਆਰਥਿਕ ਅਤੇ ਨੀਤੀਗਤ ਢਾਂਚਿਆਂ ਦਾ ਨਤੀਜਾ ਹੈ।

ਇਸ ਤੋਂ ਵੀ ਜ਼ਿਆਦਾ ਹੈਰਾਨੀਜਨਕ ਤੱਥ ਇਹ ਹੈ ਕਿ ਇੱਕ ਆਮ ਅਰਬਪਤੀ ਆਪਣੇ ਨਿੱਜੀ ਜੀਵਨ ਨਾਲੋਂ ਕਈ ਗੁਣਾ ਵੱਧ ਕਾਰਬਨ ਆਪਣੇ ਨਿਵੇਸ਼ਾਂ ਰਾਹੀਂ ਪੈਦਾ ਕਰਦਾ ਹੈ। ਰਿਪੋਰਟ ਮੁਤਾਬਕ ਇੱਕ ਅਰਬਪਤੀ ਹਰ ਸਾਲ ਲਗਭਗ 19 ਲੱਖ ਟਨ ਕਾਰਬਨ ਉਨ੍ਹਾਂ ਕੰਪਨੀਆਂ ਰਾਹੀਂ ਪੈਦਾ ਕਰਦਾ ਹੈ, ਜਿਨ੍ਹਾਂ ਵਿੱਚ ਉਹ ਪੈਸਾ ਲਗਾਉਂਦਾ ਹੈ। ਇਹ ਮਾਤਰਾ ਇੱਕ ਆਮ ਇਨਸਾਨ ਦੇ ਸਾਲਾਨਾ ਕਾਰਬਨ ਖਰਚ ਨਾਲੋਂ ਲੱਖਾਂ ਗੁਣਾ ਵੱਧ ਹੈ।

### ਇਤਿਹਾਸਕ ਅਸਮਾਨਤਾ

ਜੇ 1990 ਤੋਂ ਲੈ ਕੇ ਅੱਜ ਤੱਕ ਦੇ ਅੰਕੜਿਆਂ ਨੂੰ ਵੇਖਿਆ ਜਾਵੇ, ਤਾਂ ਤਸਵੀਰ ਹੋਰ ਵੀ ਗੰਭੀਰ ਬਣ ਜਾਂਦੀ ਹੈ। ਦੁਨੀਆ ਦੇ ਸਭ ਤੋਂ ਅਮੀਰ 1 ਫ਼ੀਸਦੀ ਲੋਕਾਂ ਨੇ ਜਿੰਨਾ ਕਾਰਬਨ ਬਜਟ ਵਰਤਿਆ ਹੈ, ਉਹ ਧਰਤੀ ਦੀ ਅੱਧੀ ਗਰੀਬ ਆਬਾਦੀ ਨਾਲੋਂ 100 ਗੁਣਾ ਅਤੇ ਸਭ ਤੋਂ ਗਰੀਬ 10 ਫ਼ੀਸਦੀ ਲੋਕਾਂ ਨਾਲੋਂ 300 ਗੁਣਾ ਵੱਧ ਹੈ।

ਇਸਦਾ ਮਤਲਬ ਇਹ ਹੈ ਕਿ ਜਿਨ੍ਹਾਂ ਲੋਕਾਂ ਨੇ ਜਲਵਾਯੂ ਸੰਕਟ ਨੂੰ ਘੱਟ ਤੋਂ ਘੱਟ ਜਨਮ ਦਿੱਤਾ, ਉਹੀ ਅੱਜ ਇਸਦੀ ਸਭ ਤੋਂ ਵੱਡੀ ਕੀਮਤ ਅਦਾ ਕਰ ਰਹੇ ਹਨ।

### ਲੱਖਾਂ ਮੌਤਾਂ ਤੇ ਟ੍ਰਿਲੀਅਨ ਡਾਲਰਾਂ ਦਾ ਨੁਕਸਾਨ

ਰਿਪੋਰਟ ਚੇਤਾਵਨੀ ਦਿੰਦੀ ਹੈ ਕਿ ਇੱਕ ਫ਼ੀਸਦੀ ਅਮੀਰ ਲੋਕਾਂ ਵੱਲੋਂ ਸਿਰਫ਼ ਇੱਕ ਸਾਲ ਵਿੱਚ ਕੀਤਾ ਗਿਆ ਕਾਰਬਨ ਖਰਚ, ਸਦੀ ਦੇ ਅੰਤ ਤੱਕ ਲਗਭਗ 13 ਲੱਖ ਲੋਕਾਂ ਦੀ ਗਰਮੀ ਨਾਲ ਹੋਣ ਵਾਲੀ ਮੌਤ ਦਾ ਕਾਰਨ ਬਣ ਸਕਦਾ ਹੈ। ਇਹ ਮੌਤਾਂ ਜ਼ਿਆਦਾਤਰ ਗਰੀਬ ਅਤੇ ਗਰਮ-ਸੰਵੇਦਨਸ਼ੀਲ ਖੇਤਰਾਂ ਵਿੱਚ ਹੋਣਗੀਆਂ।

ਇਸਦੇ ਨਾਲ ਹੀ, ਦਹਾਕਿਆਂ ਤੋਂ ਚੱਲ ਰਹੀ ਵਧੇਰੇ ਕਾਰਬਨ ਖਪਤ ਨੇ ਗਰੀਬ ਅਤੇ ਨੀਵੀਂ ਤੇ ਮੱਧਮ ਆਮਦਨ ਵਾਲੇ ਦੇਸ਼ਾਂ ਨੂੰ ਭਾਰੀ ਆਰਥਿਕ ਨੁਕਸਾਨ ਪਹੁੰਚਾਇਆ ਹੈ। ਅੰਦਾਜ਼ਾ ਹੈ ਕਿ 2050 ਤੱਕ ਇਹ ਨੁਕਸਾਨ 44 ਟ੍ਰਿਲੀਅਨ ਡਾਲਰ ਤੱਕ ਪਹੁੰਚ ਸਕਦਾ ਹੈ, ਜੋ ਬਹੁਤ ਸਾਰੇ ਦੇਸ਼ਾਂ ਦੀ ਕੁੱਲ ਅਰਥਵਿਵਸਥਾ ਨਾਲੋਂ ਵੀ ਵੱਧ ਹੈ।

### 2030 ਤੱਕ 97 ਫ਼ੀਸਦੀ ਕਟੌਤੀ-ਪਰ ਕਿਵੇਂ?

ਆਕਸਫ਼ੈਮ ਦਾ ਕਹਿਣਾ ਹੈ ਕਿ ਜੇ ਦੁਨੀਆ ਨੂੰ ਜਲਵਾਯੂ ਤਬਾਹੀ ਤੋਂ ਬਚਾਉਣਾ ਹੈ, ਤਾਂ ਸਭ ਤੋਂ ਅਮੀਰ 1 ਫ਼ੀਸਦੀ ਲੋਕਾਂ ਨੂੰ 2030 ਤੱਕ ਆਪਣੇ ਕਾਰਬਨ ਉਤਪਾਦਨ ਵਿੱਚ 97 ਫ਼ੀਸਦੀ ਕਮੀ ਕਰਨੀ ਹੋਵੇਗੀ। ਇਹ ਅਸੰਭਵ ਨਹੀਂ, ਪਰ ਇਸ ਲਈ ਸਿਆਸੀ ਇੱਛਾ-ਸ਼ਕਤੀ ਦੀ ਲੋੜ ਹੈ। ਆਕਸਫ਼ੈਮ ਦੀ ਕਲਾਈਮੇਟ ਪਾਲਿਸੀ ਲੀਡ ਨਾਫਕੋਟੇ ਡਾਬੀ ਕਹਿੰਦੀ ਹੈ, "ਸਰਕਾਰਾਂ ਕੋਲ ਹੱਲ ਮੌਜੂਦ ਹੈ। ਜੇ ਸਭ ਤੋਂ ਵੱਡੇ ਪ੍ਰਦੂਸ਼ਕਾਂ ਨੂੰ ਨਿਸ਼ਾਨੇ 'ਤੇ ਲਿਆ ਜਾਵੇ, ਤਾਂ ਇਹ ਘਟ ਸਕਦਾ ਹੈ ਅਤੇ ਅਸਮਾਨਤਾ ਵੀ ਘੱਟ ਸਕਦੀ ਹੈ।"

### ਨੀਤੀਆਂ, ਨਿਵੇਸ਼ ਅਤੇ ਸਿਆਸੀ ਦਬਦਬਾ

ਰਿਪੋਰਟ ਇਹ ਵੀ ਦੱਸਦੀ ਹੈ ਕਿ ਸੁਪਰ-ਰਿਚ ਸਿਰਫ਼ ਆਪਣੀ ਆਲੀਸ਼ਾਨ ਜੀਵਨਸ਼ੈਲੀ; ਨਿੱਜੀ ਜੈੱਟ, ਸੁਪਰ ਯਾਟਾਂ ਅਤੇ ਵੱਡੇ ਮਹਿਲਾਂ ਰਾਹੀਂ ਹੀ ਨਹੀਂ, ਸਗੋਂ ਫ਼ੌਸਿਲ ਫ਼ਿਊਲ ਅਤੇ ਪ੍ਰਦੂਸ਼ਣ ਵਾਲੇ ਉਦਯੋਗਾਂ ਵਿੱਚ ਨਿਵੇਸ਼ ਕਰਕੇ ਵੀ ਜਲਵਾਯੂ ਸੰਕਟ ਨੂੰ ਹੋਰ ਗਹਿਰਾ ਕਰ ਰਹੇ ਹਨ।

ਇਸ ਤੋਂ ਇਲਾਵਾ ਵੱਡੀਆਂ ਕੰਪਨੀਆਂ ਅਤੇ ਅਮੀਰ ਲੋਕ ਨੀਤੀ-ਨਿਰਮਾਣ 'ਤੇ ਵੀ ਬੁਰਾ ਪ੍ਰਭਾਵ ਪਾਉਂਦੇ ਹਨ। ਅੰਤਰਰਾਸ਼ਟਰੀ ਜਲਵਾਯੂ ਸੰਮੇਲਨਾਂ ਵਿੱਚ ਫ਼ੌਸਿਲ ਫ਼ਿਊਲ ਕੰਪਨੀਆਂ ਦੇ ਸੈਂਕੜੇ ਲਾਬੀਸਟਾਂ ਦੀ ਮੌਜੂਦਗੀ ਇਸ ਗੱਲ ਦਾ ਸਪਸ਼ਟ ਸਬੂਤ ਹੈ।

### ਸਰਕਾਰਾਂ ਨੂੰ ਆਕਸਫ਼ੈਮ ਦੀ ਅਪੀਲ

ਆਕਸਫ਼ੈਮ ਨੇ ਸਰਕਾਰਾਂ ਨੂੰ ਅਪੀਲ ਕੀਤੀ ਹੈ ਕਿ ਸੁਪਰ-ਰਿਚ ਦੇ ਵਾਧੂ ਕਾਰਬਨ ਪੈਦਾ ਕਰਨ 'ਤੇ ਸਖ਼ਤ ਰੋਕ ਲਗਾਈ ਜਾਵੇ; ਫ਼ੌਸਿਲ ਫ਼ਿਊਲ ਕੰਪਨੀਆਂ ਦੇ ਮੋਟੇ ਮੁਨਾਫ਼ਿਆਂ 'ਤੇ ਵਾਧੂ ਟੈਕਸ ਲਗਾਇਆ ਜਾਵੇ; ਨਿੱਜੀ ਜੈੱਟਾਂ ਅਤੇ ਸੁਪਰ ਯਾਟਾਂ ਵਰਗੇ ਆਲੀਸ਼ਾਨ ਸਾਧਨਾਂ 'ਤੇ ਭਾਰੀ ਟੈਕਸ ਜਾਂ ਪਾਬੰਦੀ ਲਗਾਈ ਜਾਵੇ ਅਤੇ ਇੱਕ ਨਿਆਂਪੂਰਕ ਗਲੋਬਲ ਟੈਕਸ ਪ੍ਰਣਾਲੀ ਵੱਲ ਕਦਮ ਚੁੱਕੇ ਜਾਣ।

### ਨਤੀਜਾ

ਆਕਸਫ਼ੈਮ ਦੀ ਇਹ ਰਿਪੋਰਟ ਸਾਫ਼ ਕਰਦੀ ਹੈ ਕਿ ਜਲਵਾਯੂ ਸੰਕਟ ਕੋਈ ਕੁਦਰਤੀ ਆਫ਼ਤ ਨਹੀਂ, ਸਗੋਂ ਕੁਝ ਬਹੁਤ ਅਮੀਰ ਲੋਕਾਂ ਦੀ ਬੇਲਗਾਮ ਜੀਵਨਸ਼ੈਲੀ, ਨਿਵੇਸ਼ ਅਤੇ ਨੀਤੀਗਤ ਦਬਦਬੇ ਦਾ ਨਤੀਜਾ ਹੈ। ਜਦ ਤੱਕ ਦੁਨੀਆ ਸਭ ਤੋਂ ਵੱਡੇ ਪ੍ਰਦੂਸ਼ਕਾਂ ਨੂੰ ਜਵਾਬਦੇਹ ਨਹੀਂ ਬਣਾਉਂਦੀ ਅਤੇ ਮੋਟੇ ਮੁਨਾਫ਼ਿਆਂ ਦੀ ਥਾਂ ਇਨਸਾਨ ਤੇ ਕੁਦਰਤ ਨੂੰ ਕੇਂਦਰ ਵਿੱਚ ਨਹੀਂ ਰੱਖਦੀ, ਤਦ ਤੱਕ ਜਲਵਾਯੂ ਨਿਆਂ ਸਿਰਫ਼ ਕਾਗਜ਼ਾਂ 'ਤੇ ਹੀ ਰਹੇਗਾ ਅਤੇ ਇਸ ਦੀ ਕੀਮਤ ਹਮੇਸ਼ਾਂ ਦੀ ਤਰ੍ਹਾਂ ਗਰੀਬ ਤੇ ਕਮਜ਼ੋਰ ਵਰਗਾਂ ਨੂੰ ਹੀ ਚੁਕਾਉਣੀ ਪਵੇਗੀ।

---

## ਸਹੂਲਤ ਦੀ ਕੀਮਤ-ਸਾਡੀ ਥਾਲ਼ੀ ਵਿੱਚ ਕੀ?

# ਪੈਕੇਟਬੰਦ ਖਾਣਿਆਂ ਵਿੱਚ ਵਰਤੇ ਜਾਣ ਵਾਲੇ ਪ੍ਰਿਜ਼ਰਵੇਟਿਵ ਜ਼ਿੰਦਗੀ ਲਈ ਗੰਭੀਰ ਖ਼ਤਰਾ

ਆਧੁਨਿਕ ਜੀਵਨ-ਸ਼ੈਲੀ ਵਿੱਚ ਪੈਕੇਟਬੰਦ ਅਤੇ ਤਿਆਰ-ਮਿਲਣ ਵਾਲਾ ਖਾਣਾ ਆਮ ਹੋ ਗਿਆ ਹੈ। ਤੇਜ਼ ਰਫ਼ਤਾਰ ਜ਼ਿੰਦਗੀ, ਸਮੇਂ ਦੀ ਕਮੀ ਅਤੇ ਬਾਜ਼ਾਰ ਵਿੱਚ ਹਰ ਸਮੇਂ ਉਪਲਬਧ ਖਾਣ-ਪੀਣ ਦੀਆਂ ਚੀਜ਼ਾਂ ਨੇ ਲੋਕਾਂ ਦੀਆਂ ਖਾਣ-ਪੀਣ ਦੀਆਂ ਆਦਤਾਂ ਨੂੰ ਕਾਫ਼ੀ ਬਦਲ ਦਿੱਤਾ ਹੈ। ਪਰ ਹੁਣ ਵਿਗਿਆਨਕ ਅਧਿਐਨ ਇਹ ਚੇਤਾਵਨੀ ਦੇ ਰਹੇ ਹਨ ਕਿ ਇਹ ਸਹੂਲਤ ਸਾਡੀ ਸਿਹਤ ਲਈ ਗੰਭੀਰ ਖ਼ਤਰਾ ਬਣ ਸਕਦੀ ਹੈ।

ਫਰਾਂਸ ਦੇ ਵਿਗਿਆਨੀਆਂ ਵੱਲੋਂ ਕੀਤੇ ਗਏ ਇੱਕ ਨਵੇਂ ਅੰਤਰਰਾਸ਼ਟਰੀ ਅਧਿਐਨ ਨੇ ਇਹ ਗੱਲ ਸਾਹਮਣੇ ਲਿਆਂਦੀ ਹੈ ਕਿ ਪੈਕੇਟਬੰਦ ਖਾਣੇ ਵਿੱਚ ਵਰਤੇ ਜਾਣ ਵਾਲੇ ਪ੍ਰਿਜ਼ਰਵੇਟਿਵਜ਼ ਦਾ ਵਧੇਰੇ ਸੇਵਨ ਟਾਈਪ-2 ਡਾਇਬਿਟੀਜ਼ ਦੇ ਖ਼ਤਰੇ ਨੂੰ ਕਾਫ਼ੀ ਹੱਦ ਤੱਕ ਵਧਾ ਸਕਦਾ ਹੈ। ਇਹ ਅਧਿਐਨ ਪ੍ਰਸਿੱਧ ਵਿਗਿਆਨਕ ਜਰਨਲ ਨੇਚਰ ਕਮਿਊਨੀਕੇਸ਼ਨਜ਼ ਵਿੱਚ ਪ੍ਰਕਾਸ਼ਿਤ ਹੋਇਆ ਹੈ।

### ਕੀ ਕਹਿੰਦਾ ਹੈ ਅਧਿਐਨ?

ਇਸ ਅਧਿਐਨ ਵਿੱਚ ਫਰਾਂਸ ਦੇ ਇੱਕ ਲੱਖ ਤੋਂ ਵੱਧ ਬਾਲਗਾਂ ਦੇ ਡਾਟੇ ਦਾ ਵਿਸ਼ਲੇਸ਼ਣ ਕੀਤਾ ਗਿਆ। ਇਹ ਸਾਰੇ ਲੋਕ 2009 ਤੋਂ 2023 ਤੱਕ ਚੱਲੇ ਨਿਊਟ੍ਰੀਨੈੱਟ-ਸਾਂਤੇ ਅਧਿਐਨ ਦਾ ਹਿੱਸਾ ਸਨ। ਇਨ੍ਹਾਂ ਲੋਕਾਂ ਤੋਂ ਸਾਲਾਂ ਤੱਕ ਉਨ੍ਹਾਂ ਦੇ ਭੋਜਨ, ਜੀਵਨ-ਸ਼ੈਲੀ, ਸਰੀਰਕ ਸਰਗਰਮੀ ਅਤੇ ਸਿਹਤ ਨਾਲ ਜੁੜੀ ਨਿਯਮਿਤ ਜਾਣਕਾਰੀ ਇਕੱਠੀ ਕੀਤੀ ਗਈ।

ਖ਼ਾਸ ਗੱਲ ਇਹ ਰਹੀ ਕਿ ਭਾਗੀਦਾਰਾਂ ਵੱਲੋਂ ਖਾਧੇ ਗਏ ਪੈਕੇਟਬੰਦ ਉਤਪਾਦਾਂ ਦੇ ਨਾਮ ਅਤੇ ਬ੍ਰਾਂਡ ਤੱਕ ਦਰਜ ਕੀਤੇ ਗਏ। ਇਸ ਤੋਂ ਬਾਅਦ ਵਿਗਿਆਨੀਆਂ ਨੇ ਇਹ ਜਾਣਿਆ ਕਿ ਲੋਕ ਅਸਲ ਵਿੱਚ ਕਿੰਨੀ ਮਾਤਰਾ ਵਿੱਚ ਪ੍ਰਿਜ਼ਰਵੇਟਿਵ ਖਾ ਰਹੇ ਹਨ।

### ਪ੍ਰਿਜ਼ਰਵੇਟਿਵ ਕੀ ਹੁੰਦੇ ਹਨ?

ਪ੍ਰਿਜ਼ਰਵੇਟਿਵ ਉਹ ਰਸਾਇਣ ਹੁੰਦੇ ਹਨ, ਜੋ ਖਾਣ-ਪੀਣ ਦੀਆਂ ਚੀਜ਼ਾਂ ਨੂੰ ਲੰਬੇ ਸਮੇਂ ਤੱਕ ਖ਼ਰਾਬ ਹੋਣ ਤੋਂ ਬਚਾਉਂਦੇ ਹਨ। ਅੱਜ ਦੁਨੀਆ ਭਰ ਵਿੱਚ ਵਿਕਣ ਵਾਲੇ ਬਹੁਤੇ ਪੈਕੇਟਬੰਦ ਭੋਜਨ ਵਿੱਚ ਇਹ ਰਸਾਇਣ ਵਰਤੇ ਜਾਂਦੇ ਹਨ। 2024 ਦੇ ਓਪਨ ਫੂਡ ਫੈਕਟਸ ਵਰਲਡ ਡਾਟਾਬੇਸ ਮੁਤਾਬਕ ਲਗਭਗ 35 ਲੱਖ ਖਾਣ-ਪੀਣ ਦੇ ਉਤਪਾਦਾਂ ਵਿੱਚੋਂ ਕਰੀਬ 7 ਲੱਖ ਤੋਂ ਵੱਧ ਉਤਪਾਦਾਂ ਵਿੱਚ ਘੱਟੋ-ਘੱਟ ਇੱਕ ਪ੍ਰਿਜ਼ਰਵੇਟਿਵ ਮੌਜੂਦ ਸੀ।

ਵਿਗਿਆਨੀਆਂ ਨੇ ਇਨ੍ਹਾਂ ਪ੍ਰਿਜ਼ਰਵੇਟਿਵਜ਼ ਨੂੰ ਦੋ ਮੁੱਖ ਸ਼੍ਰੇਣੀਆਂ ਵਿੱਚ ਵੰਡਿਆ ਹੈ। ਪਹਿਲੀ ਸ਼੍ਰੇਣੀ ਵਿੱਚ ਉਹ ਰਸਾਇਣ ਸ਼ਾਮਲ ਹਨ, ਜੋ ਬੈਕਟੀਰੀਆ ਅਤੇ ਫੰਗਸ ਨੂੰ ਰੋਕਦੇ ਹਨ। ਦੂਜੀ ਸ਼੍ਰੇਣੀ ਵਿੱਚ ਐਂਟੀਓਕਸੀਡੈਂਟ ਪ੍ਰਿਜ਼ਰਵੇਟਿਵ ਆਉਂਦੇ ਹਨ, ਜੋ ਭੋਜਨ ਨੂੰ ਆਕਸੀਜਨ ਨਾਲ ਹੋਣ ਵਾਲੇ ਨੁਕਸਾਨ ਤੋਂ ਬਚਾਉਂਦੇ ਹਨ।




### ਹੈਰਾਨ ਕਰਨ ਵਾਲੇ ਨਤੀਜੇ

ਅਧਿਐਨ ਦੌਰਾਨ ਭੋਜਨ ਵਿੱਚ ਕੁੱਲ 58 ਕਿਸਮਾਂ ਦੇ ਪ੍ਰਿਜ਼ਰਵੇਟਿਵ ਪਾਏ ਗਏ। ਇਨ੍ਹਾਂ ਵਿੱਚੋਂ 17 ਐਸੇ ਪ੍ਰਿਜ਼ਰਵੇਟਿਵ ਚੁਣੇ ਗਏ, ਜੋ ਘੱਟੋ-ਘੱਟ 10 ਫ਼ੀਸਦੀ ਲੋਕ ਨਿਯਮਿਤ ਤੌਰ 'ਤੇ ਖਾ ਰਹੇ ਸਨ।

ਨਤੀਜੇ ਕਾਫ਼ੀ ਚਿੰਤਾਜਨਕ ਸਨ। ਇਨ੍ਹਾਂ 17 ਵਿੱਚੋਂ 12 ਪ੍ਰਿਜ਼ਰਵੇਟਿਵ ਐਸੇ ਸਨ, ਜਿਨ੍ਹਾਂ ਦੇ ਵਧੇਰੇ ਸੇਵਨ ਨਾਲ ਟਾਈਪ-2 ਡਾਇਬਿਟੀਜ਼ ਦਾ ਖ਼ਤਰਾ ਵਧਦਾ ਪਾਇਆ ਗਿਆ। ਇਨ੍ਹਾਂ ਵਿੱਚ ਪੋਟਾਸ਼ੀਅਮ ਸੋਰਬੇਟ, ਸੋਡੀਅਮ ਨਾਈਟ੍ਰਾਈਟ, ਕੈਲਸ਼ੀਅਮ ਪ੍ਰੋਪੀਓਨੇਟ, ਐਸੀਟਿਕ ਐਸਿਡ ਅਤੇ ਸੋਡੀਅਮ ਐਸੀਟੇਟ ਵਰਗੇ ਆਮ ਰਸਾਇਣ ਸ਼ਾਮਲ ਹਨ।

ਇਸ ਤੋਂ ਇਲਾਵਾ ਕੁਝ ਐਂਟੀਓਕਸੀਡੈਂਟ ਐਡਿਟਿਵਜ਼, ਜਿਵੇਂ ਸੋਡੀਅਮ ਐਸਕੋਰਬੇਟ, ਸਾਈਟ੍ਰਿਕ ਐਸਿਡ ਅਤੇ ਫਾਸਫੋਰਿਕ ਐਸਿਡ ਵੀ ਸਿਹਤ ਲਈ ਖ਼ਤਰਨਾਕ ਸਾਬਤ ਹੋ ਰਹੇ ਹਨ।

### ਕਿੰਨਾ ਵਧਦਾ ਹੈ ਖ਼ਤਰਾ?

ਲਗਭਗ 14 ਸਾਲਾਂ ਦੀ ਨਿਗਰਾਨੀ ਦੌਰਾਨ 1,131 ਲੋਕਾਂ ਵਿੱਚ ਟਾਈਪ-2 ਡਾਇਬਿਟੀਜ਼ ਦੀ ਪਛਾਣ ਹੋਈ। ਅਧਿਐਨ ਮੁਤਾਬਕ ਜਿਹੜੇ ਲੋਕ ਬਹੁਤ ਵੱਧ ਮਾਤਰਾ ਵਿੱਚ ਪ੍ਰਿਜ਼ਰਵੇਟਿਵ ਖਾ ਰਹੇ ਸਨ, ਉਨ੍ਹਾਂ ਵਿੱਚ ਡਾਇਬਿਟੀਜ਼ ਦਾ ਖ਼ਤਰਾ 47 ਤੋਂ 49 ਫ਼ੀਸਦੀ ਤੱਕ ਵੱਧ ਗਿਆ। ਐਂਟੀਓਕਸੀਡੈਂਟ ਐਡਿਟਿਵਜ਼ ਦੇ ਮਾਮਲੇ ਵਿੱਚ ਵੀ ਲਗਭਗ 40 ਫ਼ੀਸਦੀ ਵਧੇਰਾ ਖ਼ਤਰਾ ਦੇਖਿਆ ਗਿਆ।

### ਸਿਰਫ਼ ਡਾਇਬਿਟੀਜ਼ ਹੀ ਨਹੀਂ

ਇਸੇ ਕੜੀ ਵਿੱਚ ਫਰਾਂਸ ਤੋਂ ਆਈ ਇੱਕ ਹੋਰ ਵਿਗਿਆਨਕ ਰਿਪੋਰਟ ਨੇ ਇਹ ਵੀ ਦਰਸਾਇਆ ਹੈ ਕਿ ਉਦਯੋਗਿਕ ਤੌਰ 'ਤੇ ਤਿਆਰ ਕੀਤੇ ਖਾਣੇ ਵਿੱਚ ਮੌਜੂਦ ਪ੍ਰਿਜ਼ਰਵੇਟਿਵਜ਼ ਦਾ ਵਧੇਰਾ ਸੇਵਨ ਕੈਂਸਰ ਦੇ ਖ਼ਤਰੇ ਨੂੰ ਵੀ ਵਧਾ ਸਕਦਾ ਹੈ। ਇਹ ਅਧਿਐਨ ਪ੍ਰਸਿੱਧ ਮੈਡੀਕਲ ਜਰਨਲ ਦ ਬੀ.ਐੱਮ.ਜੇ. ਵਿੱਚ ਛਪਿਆ ਹੈ।

### ਕੀ ਕਰਨਾ ਚਾਹੀਦਾ ਹੈ?

ਸਿਹਤ ਮਾਹਿਰਾਂ ਦਾ ਮੰਨਣਾ ਹੈ ਕਿ ਹੁਣ ਖੁਰਾਕ ਉਦਯੋਗ ਵਿੱਚ ਵਰਤੇ ਜਾਣ ਵਾਲੇ ਐਡਿਟਿਵਜ਼ ਅਤੇ ਪ੍ਰਿਜ਼ਰਵੇਟਿਵਜ਼ ਬਾਰੇ ਨੀਤੀਆਂ ਦੀ ਦੁਬਾਰਾ ਸਮੀਖਿਆ ਹੋਣੀ ਚਾਹੀਦੀ ਹੈ। ਨਾਲ ਹੀ ਲੋਕਾਂ ਨੂੰ ਤਾਜ਼ਾ, ਘੱਟ ਪ੍ਰੋਸੈਸ ਕੀਤਾ ਅਤੇ ਕੁਦਰਤੀ ਭੋਜਨ ਅਪਣਾਉਣ ਦੀ ਸਲਾਹ ਦਿੱਤੀ ਜਾ ਰਹੀ ਹੈ।

ਪੈਕੇਟਬੰਦ, ਡੱਬਾਬੰਦ ਅਤੇ ਲੰਬੇ ਸਮੇਂ ਤੱਕ ਚੱਲਣ ਵਾਲੇ ਖਾਣੇ ਤੋਂ ਸੰਭਵ ਹੋ ਸਕੇ ਤੱਕ ਦੂਰੀ ਬਣਾਈ ਰੱਖਣੀ ਚਾਹੀਦੀ ਹੈ। ਖਾਣੇ ਦੇ ਪੈਕੇਟ 'ਤੇ ਦਿੱਤੀ ਜਾਣਕਾਰੀ ਨੂੰ ਧਿਆਨ ਨਾਲ ਪੜ੍ਹਨਾ ਅਤੇ ਪ੍ਰਿਜ਼ਰਵੇਟਿਵਜ਼ ਦੀ ਮੌਜੂਦਗੀ ਦੀ ਜਾਂਚ ਕਰਨੀ ਅਜਿਹੇ ਸਮੇਂ ਵਿੱਚ ਬਹੁਤ ਜ਼ਰੂਰੀ ਹੈ।

ਨਤੀਜਾ: ਇਹ ਅਧਿਐਨ ਇੱਕ ਵਾਰ ਫਿਰ ਸਾਨੂੰ ਯਾਦ ਦਿਲਾਉਂਦਾ ਹੈ ਕਿ ਸਾਡੀ ਥਾਲੀ ਵਿੱਚ ਕੀ ਆ ਰਿਹਾ ਹੈ, ਇਹ ਸਿੱਧਾ ਸਾਡੀ ਸਿਹਤ ਨਾਲ ਜੁੜਿਆ ਹੋਇਆ ਹੈ। ਸਵਾਦ ਅਤੇ ਸਹੂਲਤ ਦੇ ਚੱਕਰ ਵਿੱਚ ਜੇ ਅਸੀਂ ਲਗਾਤਾਰ ਰਸਾਇਣਾਂ ਨਾਲ ਭਰਿਆ ਖਾਣਾ ਖਾਂਦੇ ਰਹੇ ਤਾਂ ਇਸ ਦੀ ਕੀਮਤ ਸਾਨੂੰ ਡਾਇਬਿਟੀਜ਼ ਅਤੇ ਕੈਂਸਰ ਵਰਗੀਆਂ ਗੰਭੀਰ ਬਿਮਾਰੀਆਂ ਦੇ ਰੂਪ ਵਿੱਚ ਚੁਕਾਉਣੀ ਪੈ ਸਕਦੀ ਹੈ। ਅਜਿਹੇ ਵਿੱਚ ਤਾਜ਼ਾ, ਸਧਾਰਣ ਅਤੇ ਕੁਦਰਤੀ ਭੋਜਨ ਹੀ ਸਿਹਤਮੰਦ ਜੀਵਨ ਦਾ ਸਭ ਤੋਂ ਸੁਰੱਖਿਅਤ ਰਸਤਾ ਹੈ।

# 14 ਮਹੀਨੇ ਤੋਂ ਅਡਾਨੀ ਤੱਕ ਨਹੀਂ ਪਹੁੰਚ ਸਕਿਆ ਅਮਰੀਕੀ ਸੰਮਨ

## *ਭਾਰਤ ਦੇ ਸਹਿਯੋਗ ਦੀ ਕਮੀ ਕਾਰਨ ਹੁਣ ਈਮੇਲ ਰਾਹੀਂ ਨੋਟਿਸ ਭੇਜਣ ਦੀ ਤਿਆਰੀ

**ਸਰਕਾਰੀ ਮਿਹਰਬਾਨੀਆਂ**

**ਦੇਵੀ ਰੂਪ ਮਿੱਤਰਾ**

ਅਮਰੀਕਾ ਦੇ ਸਿਕਿਉਰਿਟੀਜ਼ ਐਂਡ ਐਕਸਚੇਂਜ ਕਮਿਸ਼ਨ (ਐਸ.ਈ.ਸੀ.) ਨੇ ਇੱਕ ਅਮਰੀਕੀ ਫੈਡਰਲ ਅਦਾਲਤ ਨੂੰ ਦੱਸਿਆ ਹੈ ਕਿ ਭਾਰਤ ਸਰਕਾਰ ਦੇ ਸਹਿਯੋਗ ਦੀ ਕਮੀ ਕਾਰਨ ਉਹ ਪਿਛਲੇ 14 ਮਹੀਨਿਆਂ ਤੋਂ ਅਡਾਨੀ ਗਰੁੱਪ ਦੇ ਮੁਖੀ ਗੌਤਮ ਅਡਾਨੀ ਅਤੇ ਅਡਾਨੀ ਗ੍ਰੀਨ ਐਨਰਜੀ ਦੇ ਕਾਰਜਕਾਰੀ ਨਿਰਦੇਸ਼ਕ ਸਾਗਰ ਅਡਾਨੀ ਨੂੰ ਕਾਨੂੰਨੀ ਸੰਮਨ ਨਹੀਂ ਭੇਜ ਸਕੀ। ਹੁਣ ਐਸ.ਈ.ਸੀ. ਨੇ ਅਦਾਲਤ ਕੋਲੋਂ ਇਜਾਜ਼ਤ ਮੰਗੀ ਹੈ ਕਿ ਇਹ ਨੋਟਿਸ ਕੂਟਨੀਤਿਕ ਰਸਤਿਆਂ ਦੀ ਥਾਂ ਈਮੇਲ ਅਤੇ ਅਮਰੀਕਾ ਵਿੱਚ ਮੌਜੂਦ ਉਨ੍ਹਾਂ ਦੇ ਵਕੀਲਾਂ ਰਾਹੀਂ ਭੇਜਣ ਦੀ ਮਨਜ਼ੂਰੀ ਦਿੱਤੀ ਜਾਵੇ।

ਇਹ ਮਾਮਲਾ ਅਡਾਨੀ ਗ੍ਰੀਨ ਐਨਰਜੀ ਵੱਲੋਂ ਜਾਰੀ ਕੀਤੇ ਗਏ ਬਾਂਡਾਂ ਨਾਲ ਜੁੜਿਆ ਹੈ, ਜਿਸ ਵਿੱਚ ਕਥਿਤ ਤੌਰ 'ਤੇ ਭ੍ਰਿਸ਼ਟਾਚਾਰ ਅਤੇ ਰਿਸ਼ਵਤਖੋਰੀ ਦੇ ਦੋਸ਼ ਲਗਾਏ ਗਏ ਹਨ। ਐਸ.ਈ.ਸੀ. ਦਾ ਕਹਿਣਾ ਹੈ ਕਿ ਭਾਰਤੀ ਕਾਨੂੰਨੀ ਅਧਿਕਾਰੀਆਂ ਵੱਲੋਂ ਲਗਾਤਾਰ ਇਤਰਾਜ਼ਾਂ ਅਤੇ ਦੇਰੀ ਕਾਰਨ ਅੰਤਰਰਾਸ਼ਟਰੀ ਕਾਨੂੰਨੀ ਪ੍ਰਕਿਰਿਆ ਅਟਕ ਗਈ ਹੈ।

### ਹੈਗ ਕਨਵੈਨਸ਼ਨ ਰਾਹੀਂ ਕੋਸ਼ਿਸ਼ ਨਾਕਾਮ

21 ਜਨਵਰੀ ਨੂੰ ਨਿਊ ਯਾਰਕ ਦੇ ਈਸਟਰਨ ਡਿਸਟ੍ਰਿਕਟ ਦੀ ਅਮਰੀਕੀ ਜ਼ਿਲ੍ਹਾ ਅਦਾਲਤ ਵਿੱਚ ਦਾਖਲ ਕੀਤੀ ਗਈ ਅਰਜ਼ੀ ਵਿੱਚ ਐਸ.ਈ.ਸੀ. ਨੇ ਕਿਹਾ ਕਿ ਉਸਨੂੰ ਹੁਣ ਇਹ ਉਮੀਦ ਨਹੀਂ ਰਹੀ ਕਿ ਹੈਗ ਸਰਵਿਸ ਕਨਵੈਨਸ਼ਨ ਦੇ ਤਹਿਤ ਨੋਟਿਸ ਤਾਮੀਲ ਹੋ ਸਕੇਗਾ। ਇਹ ਅੰਤਰਰਾਸ਼ਟਰੀ ਸਮਝੌਤਾ ਦੇਸ਼ਾਂ ਦਰਮਿਆਨ ਨਾਗਰਿਕ ਅਤੇ ਵਪਾਰਕ ਮਾਮਲਿਆਂ ਵਿੱਚ ਕਾਨੂੰਨੀ ਦਸਤਾਵੇਜ਼ਾਂ ਦੀ ਤਾਮੀਲ ਲਈ ਵਰਤਿਆ ਜਾਂਦਾ ਹੈ।

ਐਸ.ਈ.ਸੀ. ਨੇ ਦੱਸਿਆ ਕਿ ਫਰਵਰੀ 2025 ਤੋਂ ਇਹ ਸੰਧੀ-ਆਧਾਰਿਤ ਪ੍ਰਕਿਰਿਆ ਅਪਣਾਈ ਗਈ ਸੀ, ਪਰ ਲਗਭਗ ਇੱਕ ਸਾਲ ਦੀ ਚਿੱਠੀ-ਚਰਚਾ ਅਤੇ ਯਾਦ ਦਿਵਾਉਣ ਦੇ ਬਾਵਜੂਦ ਭਾਰਤ ਦੇ ਕਾਨੂੰਨ ਅਤੇ ਨਿਆਂ ਮੰਤਰਾਲੇ ਵੱਲੋਂ ਕੋਈ ਢੰਗ ਦਾ ਨਤੀਜਾ ਨਹੀਂ ਨਿਕਲਿਆ।

### 75 ਕਰੋੜ ਡਾਲਰ ਦੇ ਬਾਂਡ ਅਤੇ ਅਮਰੀਕੀ ਨਿਵੇਸ਼ਕ

ਇਹ ਮਾਮਲਾ ਸਤੰਬਰ 2021 ਵਿੱਚ ਜਾਰੀ ਕੀਤੇ ਗਏ ਇੱਕ ਵੱਡੇ ਬਾਂਡ ਆਫਰ ਨਾਲ ਸੰਬੰਧਿਤ ਹੈ। ਅਡਾਨੀ ਗ੍ਰੀਨ ਐਨਰਜੀ ਨੇ ਇਸ ਰਾਹੀਂ ਕੁੱਲ 750 ਮਿਲੀਅਨ ਡਾਲਰ ਦੇ ਬਾਂਡ ਜਾਰੀ ਕੀਤੇ ਸਨ, ਜਿਨ੍ਹਾਂ ਵਿੱਚੋਂ ਲਗਭਗ 175 ਮਿਲੀਅਨ ਡਾਲਰ ਅਮਰੀਕੀ ਨਿਵੇਸ਼ਕਾਂ ਤੋਂ ਇਕੱਠੇ ਕੀਤੇ ਗਏ।

ਐਸ.ਈ.ਸੀ. ਦਾ ਦੋਸ਼ ਹੈ ਕਿ ਇਸ ਬਾਂਡ ਆਫਰ ਨਾਲ ਜੁੜੇ ਦਸਤਾਵੇਜ਼ਾਂ ਵਿੱਚ ਕੰਪਨੀ ਦੇ ਭ੍ਰਿਸ਼ਟਾਚਾਰ-ਵਿਰੋਧੀ ਅਤੇ ਰਿਸ਼ਵਤਖੋਰੀ-ਵਿਰੋਧੀ ਪ੍ਰਬੰਧਾਂ ਬਾਰੇ ਗਲਤ ਅਤੇ ਭਰਮਾਉਣ ਵਾਲੇ ਦਾਅਵੇ ਕੀਤੇ ਗਏ। ਏਜੰਸੀ ਮੁਤਾਬਕ ਅਸਲ ਵਿੱਚ ਭਾਰਤੀ ਸਰਕਾਰੀ ਅਧਿਕਾਰੀਆਂ ਨੂੰ ਸੈਂਕੜੇ ਮਿਲੀਅਨ ਡਾਲਰ ਦੀ ਰਿਸ਼ਵਤ ਦੇਣ ਜਾਂ ਦੇਣ ਦੇ ਵਾਅਦੇ ਕੀਤੇ ਗਏ।

### ਭਾਰਤ ਸਰਕਾਰ ਵੱਲੋਂ ਇਤਰਾਜ਼

ਐਸ.ਈ.ਸੀ. ਨੂੰ 4 ਨਵੰਬਰ 2025 ਨੂੰ ਭਾਰਤ ਦੇ ਕਾਨੂੰਨ ਅਤੇ ਨਿਆਂ ਮੰਤਰਾਲੇ ਵੱਲੋਂ ਲਿਖੇ ਪੱਤਰ 14 ਦਸੰਬਰ ਨੂੰ ਪ੍ਰਾਪਤ ਹੋਏ। ਇਨ੍ਹਾਂ ਪੱਤਰਾਂ ਵਿੱਚ ਅਚਾਨਕ ਇੱਕ ਨਵਾਂ ਇਤਰਾਜ਼ ਉਠਾਇਆ ਗਿਆ। ਮੰਤਰਾਲੇ ਨੇ ਅਮਰੀਕੀ ਨਿਯਮ ਐਸ.ਈ.ਸੀ. ਰੂਲ 5(ਬੀ) ਦਾ ਹਵਾਲਾ ਦਿੰਦਿਆਂ ਕਿਹਾ ਕਿ ਇਹ ਸੰਮਨ ਐਸ.ਈ.ਸੀ. ਦੀਆਂ ਅਧਿਕਾਰਤ ਕਾਰਵਾਈਆਂ ਦੇ ਦਾਇਰੇ ਵਿੱਚ ਨਹੀਂ ਆਉਂਦੇ।

ਐਸ.ਈ.ਸੀ. ਨੇ ਇਸ ਇਤਰਾਜ਼ ਨੂੰ ਬਿਲਕੁਲ ਬੇਬੁਨਿਆਦ ਦੱਸਦਿਆਂ ਕਿਹਾ ਕਿ ਇਸ ਨਿਯਮ ਦਾ ਹੈਗ ਕਨਵੈਨਸ਼ਨ ਨਾਲ ਕੋਈ ਸੰਬੰਧ ਨਹੀਂ। ਏਜੰਸੀ ਮੁਤਾਬਕ ਹੈਗ ਕਨਵੈਨਸ਼ਨ ਸਿਰਫ਼ ਨੋਟਿਸ ਤਾਮੀਲ ਦੀ ਪ੍ਰਕਿਰਿਆ ਬਾਰੇ ਹੈ, ਨਾ ਕਿ ਐਸ.ਈ.ਸੀ. ਦੇ ਮੂਲ ਅਧਿਕਾਰਾਂ ਬਾਰੇ। ਐਸ.ਈ.ਸੀ. ਨੇ ਇਹ ਵੀ ਕਿਹਾ ਕਿ ਭਾਰਤੀ ਮੰਤਰਾਲੇ ਦਾ ਰਵੱਈਆ ਅਜਿਹਾ ਹੈ ਜਿਵੇਂ ਐਸ.ਈ.ਸੀ. ਕੋਲ ਸੰਮਨ ਜਾਰੀ ਕਰਨ ਦਾ ਅਧਿਕਾਰ ਹੀ ਨਾ ਹੋਵੇ।

### "ਮੋਹਰ ਨਹੀਂ" ਵਾਲਾ ਮਾਮਲਾ

ਇਹ ਦੂਜੀ ਵਾਰ ਹੈ ਜਦੋਂ ਭਾਰਤ ਦੇ ਕਾਨੂੰਨ ਅਤੇ ਨਿਆਂ ਮੰਤਰਾਲੇ ਨੇ ਦਸਤਾਵੇਜ਼ ਤਾਮੀਲ ਕਰਨ ਤੋਂ ਇਨਕਾਰ ਕੀਤਾ। ਅਪ੍ਰੈਲ 2025 ਵਿੱਚ ਪਹਿਲੀ ਵਾਰ ਇਹ ਕਹਿ ਕੇ ਦਸਤਾਵੇਜ਼ ਵਾਪਸ ਭੇਜੇ ਗਏ ਸਨ ਕਿ ਉਨ੍ਹਾਂ 'ਤੇ ਨਾ ਤਾਂ ਮੋਹਰ ਸੀ ਅਤੇ ਨਾ ਹੀ ਦਸਤਖ਼ਤ।

ਐਸ.ਈ.ਸੀ. ਨੇ ਸਪਸ਼ਟ ਕੀਤਾ ਕਿ ਹੈਗ ਕਨਵੈਨਸ਼ਨ ਦੇ ਤਹਿਤ ਨਾ ਤਾਂ ਮੋਹਰ ਅਤੇ ਨਾ ਹੀ ਹੱਥੋਂ ਦਸਤਖ਼ਤ ਲਾਜ਼ਮੀ ਹੁੰਦੇ ਹਨ। ਐਸ.ਈ.ਸੀ. ਨੇ ਆਪਣੇ ਪੁਰਾਣੇ ਰਿਕਾਰਡ ਵੀ ਦਰਸਾਏ, ਜਿਨ੍ਹਾਂ ਵਿੱਚ ਭਾਰਤ ਸਮੇਤ ਕਈ ਦੇਸ਼ਾਂ ਨੇ ਬਿਨਾਂ ਮੋਹਰ ਵਾਲੇ ਦਸਤਾਵੇਜ਼ ਸਵੀਕਾਰ ਕੀਤੇ ਹਨ। 27 ਮਈ 2025 ਨੂੰ ਐਸ.ਈ.ਸੀ. ਨੇ ਇਹ ਦਸਤਾਵੇਜ਼ ਮੁੜ ਭੇਜੇ, ਪਰ ਇਸ ਤੋਂ ਬਾਅਦ ਵੀ ਕੋਈ ਜਵਾਬ ਨਹੀਂ ਮਿਲਿਆ। ਅਪ੍ਰੈਲ ਅਤੇ ਸਤੰਬਰ ਵਿੱਚ ਭੇਜੇ ਗਏ ਯਾਦ ਦਿਵਾਉਣ ਵਾਲੇ ਪੱਤਰ ਵੀ ਬੇਅਸਰ ਰਹੇ।

### ਈਮੇਲ ਰਾਹੀਂ ਨੋਟਿਸ ਭੇਜਣ ਦੀ ਅਰਜ਼ੀ

ਹੁਣ ਐਸ.ਈ.ਸੀ. ਨੇ ਅਦਾਲਤ ਕੋਲੋਂ ਫੈਡਰਲ ਰੂਲਜ਼ ਆਫ ਸਿਵਲ ਪ੍ਰੋਸੀਜ਼ਰ ਦੇ ਨਿਯਮ 4(ਐਫ)(3) ਤਹਿਤ ਇਜਾਜ਼ਤ ਮੰਗੀ ਹੈ, ਤਾਂ ਜੋ ਨੋਟਿਸ ਅਡਾਨੀ ਦੇ ਅਮਰੀਕੀ ਵਕੀਲਾਂ ਅਤੇ ਉਨ੍ਹਾਂ ਦੇ ਕਾਰੋਬਾਰੀ ਈਮੇਲ ਪਤਿਆਂ 'ਤੇ ਭੇਜੇ ਜਾ ਸਕਣ। ਸਾਗਰ ਅਡਾਨੀ ਨੇ Hecker Fink LLP ਨੂੰ ਅਤੇ ਗੌਤਮ ਅਡਾਨੀ ਨੇ Kirkland & Ellis LLP ਤੇ Quinn Emanuel ਨੂੰ ਆਪਣਾ ਕਾਨੂੰਨੀ ਨੁਮਾਇੰਦਾ ਬਣਾਇਆ ਹੋਇਆ ਹੈ। ਇਹ ਫਰਮਾਂ ਪਹਿਲਾਂ ਹੀ ਐਸ.ਈ.ਸੀ. ਨਾਲ ਸੰਪਰਕ ਕਰ ਚੁੱਕੀਆਂ ਹਨ। ਐਸ.ਈ.ਸੀ. ਦਾ ਕਹਿਣਾ ਹੈ ਕਿ ਵਕੀਲਾਂ ਰਾਹੀਂ ਅਤੇ ਈਮੇਲ ਦੇ ਜ਼ਰੀਏ ਨੋਟਿਸ ਭੇਜਣ ਨਾਲ ਇਹ ਯਕੀਨੀ ਬਣੇਗਾ ਕਿ ਬਚਾਅ ਪੱਖ ਤੱਕ ਜਾਣਕਾਰੀ ਪਹੁੰਚੇ, ਕਿਉਂਕਿ ਉਹ ਪਹਿਲਾਂ ਹੀ ਇਸ ਮਾਮਲੇ ਤੋਂ ਪੂਰੀ ਤਰ੍ਹਾਂ ਵਾਕਿਫ਼ ਹਨ।




### ਸਿਵਲ ਅਤੇ ਫੌਜਦਾਰੀ ਦੋਵੇਂ ਮਾਮਲੇ

ਜ਼ਿਕਰਯੋਗ ਹੈ ਕਿ 20 ਨਵੰਬਰ 2024 ਨੂੰ ਐਸ.ਈ.ਸੀ. ਨੇ ਗੌਤਮ ਅਡਾਨੀ ਅਤੇ ਸਾਗਰ ਅਡਾਨੀ ਖ਼ਿਲਾਫ਼ ਸਿਵਲ ਮਾਮਲਾ ਦਰਜ ਕੀਤਾ ਸੀ। ਇਸੇ ਦਿਨ ਨਿਊ ਯਾਰਕ ਦੇ ਅਮਰੀਕੀ ਅਟਾਰਨੀ ਦਫ਼ਤਰ ਨੇ ਇੱਕ ਅਲੱਗ ਫੌਜਦਾਰੀ ਕੇਸ ਵੀ ਦਰਜ ਕੀਤਾ, ਜਿਸ ਵਿੱਚ ਸਿਕਿਉਰਿਟੀਜ਼ ਧੋਖਾਧੜੀ ਅਤੇ ਵਾਇਰ ਫ੍ਰੌਡ ਦੀ ਸਾਜ਼ਿਸ਼ ਦੇ ਦੋਸ਼ ਲਗਾਏ ਗਏ। ਅਡਾਨੀ ਸਮੂਹ ਨੇ ਇਨ੍ਹਾਂ ਸਾਰੇ ਦੋਸ਼ਾਂ ਨੂੰ "ਬਿਲਕੁਲ ਨਿਰਾਧਾਰ" ਦੱਸਦਿਆਂ ਕਿਹਾ ਕਿ ਉਹ ਸਾਰੇ ਕਾਨੂੰਨੀ ਰਾਹ ਵਰਤੇਗਾ।

ਇਹ ਮਾਮਲਾ ਸਿਰਫ਼ ਇੱਕ ਵੱਡੇ ਕਾਰਪੋਰੇਟ ਘਰਾਣੇ ਖ਼ਿਲਾਫ਼ ਕਾਨੂੰਨੀ ਕਾਰਵਾਈ ਨਹੀਂ, ਸਗੋਂ ਅੰਤਰਰਾਸ਼ਟਰੀ ਕਾਨੂੰਨੀ ਸਹਿਯੋਗ, ਸਰਕਾਰੀ ਭੂਮਿਕਾ ਅਤੇ ਨਿਆਂ ਪ੍ਰਕਿਰਿਆ ਦੀ ਭਰੋਸੇਯੋਗਤਾ ਨਾਲ ਵੀ ਜੁੜਿਆ ਹੈ। ਹੁਣ ਅਦਾਲਤ ਦਾ ਫੈਸਲਾ ਇਹ ਤੈਅ ਕਰੇਗਾ ਕਿ ਕੀ ਅਮਰੀਕੀ ਏਜੰਸੀ ਕੂਟਨੀਤਿਕ ਰੁਕਾਵਟਾਂ ਨੂੰ ਲੰਘ ਕੇ ਸਿੱਧੇ ਤੌਰ 'ਤੇ ਨੋਟਿਸ ਭੇਜ ਸਕੇਗੀ ਜਾਂ ਨਹੀਂ!

### ਅੰਤਰਰਾਸ਼ਟਰੀ ਪ੍ਰਭਾਵ ਅਤੇ ਭਾਰਤ ਲਈ ਚੁਣੌਤੀ

ਕਾਨੂੰਨੀ ਮਾਹਿਰਾਂ ਮਤਾਬਕ ਇਹ ਮਾਮਲਾ ਸਿਰਫ਼ ਅਡਾਨੀ ਸਮੂਹ ਜਾਂ ਐਸ.ਈ.ਸੀ. ਤੱਕ ਸੀਮਤ ਨਹੀਂ ਰਹਿੰਦਾ, ਸਗੋਂ ਇਹ ਭਾਰਤ ਅਤੇ ਅਮਰੀਕਾ ਦਰਮਿਆਨ ਨਿਆਂਇਕ ਸਹਿਯੋਗ ਦੀ ਭਰੋਸੇਯੋਗਤਾ 'ਤੇ ਵੀ ਸਵਾਲ ਖੜ੍ਹੇ ਕਰਦਾ ਹੈ। ਹੈਗ ਸਰਵਿਸ ਕਨਵੈਨਸ਼ਨ ਵਰਗੀਆਂ ਅੰਤਰਰਾਸ਼ਟਰੀ ਸੰਧੀਆਂ ਦਾ ਮਕਸਦ ਇਹ ਹੁੰਦਾ ਹੈ ਕਿ ਵੱਡੇ ਕਾਰਪੋਰੇਟ ਜਾਂ ਸਰਹੱਦਾਂ ਪਾਰ ਮਾਮਲਿਆਂ ਵਿੱਚ ਕਾਨੂੰਨੀ ਪ੍ਰਕਿਰਿਆ ਰੁਕਾਵਟ ਦਾ ਸ਼ਿਕਾਰ ਨਾ ਹੋਵੇ। ਜਦੋਂ ਇੱਕ ਦੇਸ਼ ਦੀ ਕੇਂਦਰੀ ਅਥਾਰਟੀ ਵਾਰ-ਵਾਰ ਤਕਨੀਕੀ ਜਾਂ ਪ੍ਰਕਿਰਿਆਤਮਕ ਇਤਰਾਜ਼ ਲਗਾ ਕੇ ਦਸਤਾਵੇਜ਼ ਤਾਮੀਲ ਕਰਨ ਤੋਂ ਇਨਕਾਰ ਕਰਦੀ ਹੈ, ਤਾਂ ਇਸ ਨਾਲ ਅੰਤਰਰਾਸ਼ਟਰੀ ਭਰੋਸੇ ਨੂੰ ਨੁਕਸਾਨ ਪਹੁੰਚਦਾ ਹੈ।

ਐਸ.ਈ.ਸੀ. ਨੇ ਅਦਾਲਤ ਵਿੱਚ ਇਹ ਵੀ ਦਲੀਲ ਦਿੱਤੀ ਹੈ ਕਿ ਪ੍ਰਤਿਵਾਦੀ ਪੱਖ ਪਹਿਲਾਂ ਹੀ ਮਾਮਲੇ ਤੋਂ ਪੂਰੀ ਤਰ੍ਹਾਂ ਜਾਣੂ ਹੈ ਅਤੇ ਜਾਣ-ਬੁੱਝ ਕੇ ਦੇਰੀ ਕਾਨੂੰਨੀ ਕਾਰਵਾਈ ਨੂੰ ਲਟਕਾਉਣ ਦਾ ਕਾਰਨ ਬਣ ਰਹੀ ਹੈ। ਅਜਿਹੇ ਹਾਲਾਤ ਵਿੱਚ ਈਮੇਲ ਅਤੇ ਵਕੀਲਾਂ ਰਾਹੀਂ ਨੋਟਿਸ ਭੇਜਣਾ ਨਿਆਂਇਕ ਤੌਰ 'ਤੇ ਜਾਇਜ਼ ਤੇ ਲੋੜੀਂਦਾ ਕਦਮ ਮੰਨਿਆ ਜਾ ਰਿਹਾ ਹੈ।

ਭਾਰਤ ਵਿੱਚ ਇਹ ਮਾਮਲਾ ਇਸ ਗੱਲ 'ਤੇ ਵੀ ਚਰਚਾ ਦਾ ਵਿਸ਼ਾ ਬਣ ਰਿਹਾ ਹੈ ਕਿ ਕੀ ਵੱਡੇ ਉਦਯੋਗਿਕ ਘਰਾਣਿਆਂ ਨਾਲ ਜੁੜੇ ਅੰਤਰਰਾਸ਼ਟਰੀ ਦੋਸ਼ਾਂ ਵਿੱਚ ਸਰਕਾਰੀ ਏਜੰਸੀਆਂ ਦੀ ਭੂਮਿਕਾ ਪਾਰਦਰਸ਼ੀ ਅਤੇ ਨਿਰਪੱਖ ਹੈ ਜਾਂ ਨਹੀਂ? ਆਉਣ ਵਾਲੇ ਸਮੇਂ ਵਿੱਚ ਅਮਰੀਕੀ ਅਦਾਲਤ ਦਾ ਫੈਸਲਾ ਨਾ ਸਿਰਫ਼ ਇਸ ਕੇਸ ਦੀ ਦਿਸ਼ਾ ਤੈਅ ਕਰੇਗਾ, ਸਗੋਂ ਅੰਤਰਰਾਸ਼ਟਰੀ ਕਾਨੂੰਨੀ ਸਹਿਯੋਗ ਲਈ ਵੀ ਇੱਕ ਮਹੱਤਵਪੂਰਨ ਨਜ਼ੀਰ ਬਣ ਸਕਦਾ ਹੈ।

# ਮਾਰਟਿਨ ਲੂਥਰ ਕਿੰਗ ਜੂਨੀਅਰ ਦਿਵਸ ਦਾ ਸਾਲਾਨਾ ਯੂਨਿਟੀ ਬ੍ਰੇਕਫਾਸਟ

**ਓਕਬਰੂਕ ਟੈਰੇਸ, ਇਲੀਨਾਏ:** ਤੀਜਾ ਸਾਲਾਨਾ ਡਾ. ਮਾਰਟਿਨ ਲੂਥਰ ਕਿੰਗ ਜੂਨੀਅਰ ਯੂਨਿਟੀ ਬ੍ਰੇਕਫਾਸਟ ਓਕਬਰੂਕ ਟੈਰੇਸ ਦੇ ਡਰੂਰੀ ਲੇਨ ਥੀਏਟਰ ਵਿਖੇ ਲੰਘੇ ਦਿਨੀਂ ਆਯੋਜਿਤ ਕੀਤਾ ਗਿਆ। ਇਹ ਅਹਿਮ ਇਕੱਠ, ਜਿਸਨੂੰ ਡੂਪੇਜ ਕਾਉਂਟੀ ਐਮ.ਐਲ.ਕੇ. ਯੂਨਿਟੀ ਬ੍ਰੇਕਫਾਸਟ ਵਜੋਂ ਜਾਣਿਆ ਜਾਂਦਾ ਹੈ, ਡਾ. ਮਾਰਟਿਨ ਲੂਥਰ ਕਿੰਗ ਜੂਨੀਅਰ ਦੇ ਡੂੰਘੇ ਪ੍ਰਭਾਵ ਅਤੇ ਸਥਾਈ ਵਿਰਾਸਤ ਦਾ ਸਨਮਾਨ ਕਰਨ ਤੇ ਜਸ਼ਨ ਮਨਾਉਣ ਲਈ ਆਯੋਜਿਤ ਕੀਤਾ ਗਿਆ ਸੀ। ਸਮਾਗਮ ਵਿੱਚ ਰਾਜਨੀਤਿਕ, ਵਪਾਰਕ ਅਤੇ ਨਾਗਰਿਕ ਨੇਤਾਵਾਂ, ਗੁਆਂਢੀਆਂ ਅਤੇ ਤਬਦੀਲੀ ਲਿਆਉਣ ਵਾਲਿਆਂ ਸਮੇਤ ਵੱਖ-ਵੱਖ ਭਾਈਚਾਰੇ ਦੇ ਮੈਂਬਰ ਇਕੱਠੇ ਹੋਏ, ਜੋ ਡੂਪੇਜ ਕਾਉਂਟੀ ਅਤੇ ਇਸ ਤੋਂ ਬਾਹਰ ਏਕਤਾ ਨੂੰ ਉਤਸ਼ਾਹਿਤ ਕਰਨ ਦੇ ਸਾਂਝੇ ਟੀਚੇ ਦੁਆਰਾ ਇੱਕਜੁੱਟ ਸਨ।

ਇਹ ਨਾਸ਼ਤਾ ਇਲੀਨਾਏ ਵਿੱਚ ਆਪਣੀ ਕਿਸਮ ਦਾ ਸਭ ਤੋਂ ਵੱਡਾ ਐਮ.ਐਲ.ਕੇ. ਦਿਵਸ ਸਮਾਗਮ ਸੀ, ਜਿਸਦਾ ਪ੍ਰਬੰਧ ਡੂਪੇਜ ਫਾਊਂਡੇਸ਼ਨ ਦੇ ਡਾ. ਮਾਰਟਿਨ ਲੂਥਰ ਕਿੰਗ ਫੰਡ ਦੁਆਰਾ ਕੀਤਾ ਗਿਆ ਸੀ। ਪ੍ਰੋਗਰਾਮ ਦੀ ਸ਼ੁਰੂਆਤ ਕਈ ਅੰਤਰ-ਧਰਮ ਆਗੂਆਂ ਦੁਆਰਾ ਦਿੱਤੇ ਗਏ ਉਦਘਾਟਨੀ ਅਸ਼ੀਰਵਾਦ ਨਾਲ ਹੋਈ, ਜਿਸ ਵਿੱਚ ਅਧਿਆਤਮਕ ਪ੍ਰਤੀਬਿੰਬ ਅਤੇ ਸਮੂਹਿਕ ਉਦੇਸ਼ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਗਿਆ। ਗੁਰਦੁਆਰਾ ਵ੍ਹੀਟਨ (ਇਲੀਨਾਏ ਸਿੱਖ ਕਮਿਊਨਿਟੀ ਸੈਂਟਰ) ਦੀ ਨੁਮਾਇੰਦਗੀ ਕਰਦੇ ਹੋਏ ਭਾਈ ਮਹਿੰਦਰ ਸਿੰਘ ਨੇ ਅੰਤਰ-ਧਰਮ ਪ੍ਰਾਰਥਨਾ ਵਿੱਚ ਹਿੱਸਾ ਲਿਆ ਅਤੇ ਇਹ ਗੱਲ ਜ਼ੋਰ ਦੇ ਕੇ ਆਖੀ ਕਿ ਅਸੀਂ ਸਾਰੇ ਇੱਕ ਮਨੁੱਖੀ ਜਾਤੀ ਹਾਂ।

ਹਾਜ਼ਰੀਨ ਨੇ ਐਮ.ਐਲ.ਕੇ. ਯੂਨਿਟੀ ਕੋਇਰ ਦੁਆਰਾ




ਪ੍ਰੇਰਨਾਦਾਇਕ ਲਾਈਵ ਪ੍ਰਦਰਸ਼ਨਾਂ, ਜਿਨ੍ਹਾਂ ਨੇ ਉਮੀਦ ਅਤੇ ਪ੍ਰਤੀਬਿੰਬ ਨਾਲ ਭਰੀ ਸਵੇਰ ਲਈ ਸੁਰ ਸਥਾਪਤ ਕੀਤੀ, ਦਾ ਆਨੰਦ ਮਾਣਿਆ। ਗੱਲਬਾਤ ਦੌਰਾਨ ਰੇਜੀਨਾ ਬ੍ਰੈਂਟ ਡੋਰਥੀ ਕਾਉਂਟਸ-ਸਕੋਗਿੰਸ ਨਾਲ ਗੱਲਬਾਤ ਕਰ ਰਹੀ ਸੀ, ਜੋ ਕਿ ਸਕੂਲ ਏਕੀਕਰਨ ਦੌਰਾਨ ਉੱਤਰੀ ਕੈਰੋਲੀਨਾ ਦੇ ਸ਼ਾਰਲੈਟ ਵਿੱਚ ਹਾਰਡਿੰਗ ਹਾਈ ਸਕੂਲ ਵਿੱਚ ਪੜ੍ਹਨ ਵਾਲੀਆਂ ਪਹਿਲੀਆਂ ਕਾਲੇ ਵਿਦਿਆਰਥੀਆਂ ਵਿੱਚੋਂ ਇੱਕ ਸੀ।

ਨਾਸ਼ਤੇ ਦਾ ਕੇਂਦਰੀ ਫੋਕਸ ਡੂਪੇਜ ਕਾਉਂਟੀ ਦੇ ਅੰਦਰ ਇੱਕ 'ਪਿਆਰੇ ਭਾਈਚਾਰੇ' ਦੇ ਡਾ. ਕਿੰਗ ਦੇ ਦ੍ਰਿਸ਼ਟੀਕੋਣ ਨੂੰ ਅੱਗੇ ਵਧਾਉਣਾ ਸੀ। ਸਾਲ ਭਰ ਵੱਖ-ਵੱਖ ਐਮ.ਐਲ.ਕੇ. ਵਿਦਿਅਕ ਅਤੇ ਸਮਾਜਿਕ ਸਮਾਗਮਾਂ ਨੇ ਭਾਈਚਾਰੇ ਨੂੰ ਇਕੱਠੇ ਲਿਆਉਣ ਵਿੱਚ ਮੁੱਖ ਭੂਮਿਕਾ ਨਿਭਾਈ ਹੈ ਅਤੇ ਇਹ ਚੱਲ ਰਹੀਆਂ ਪਹਿਲਕਦਮੀਆਂ ਨਿਵਾਸੀਆਂ ਵਿੱਚ ਬੰਧਨਾਂ ਨੂੰ ਮਜਬੂਤ ਕਰਨ ਅਤੇ ਡਾ. ਕਿੰਗ ਦੀਆਂ ਸਿੱਖਿਆਵਾਂ ਭਾਈਚਾਰੇ ਦੇ ਦਿਲਾਂ ਅਤੇ ਕੰਮਾਂ ਵਿੱਚ ਜ਼ਿੰਦਾ ਰਹਿਣ ਨੂੰ ਯਕੀਨੀ ਬਣਾਉਣ ਲਈ ਕੰਮ ਕਰਦੀਆਂ ਹਨ।

ਇਸ ਸਮਾਗਮ ਦੌਰਾਨ ਸਟੀਫਨ ਐਲ. ਡੇਵਿਸ ਨੂੰ ਉਨ੍ਹਾਂ ਦੀ ਮਿਸਾਲੀ ਅਗਵਾਈ ਅਤੇ ਭਾਈਚਾਰੇ ਵਿੱਚ ਸਮਾਵੇਸ਼ ਨੂੰ ਉਤਸ਼ਾਹਿਤ ਕਰਨ ਲਈ ਸਮਰਪਣ ਦੇ ਸਨਮਾਨ ਵਿੱਚ 'ਓਪਨ ਡੋਰ ਅਵਾਰਡ' ਦਿੱਤਾ ਗਿਆ।

ਸਿੱਖ ਭਾਈਚਾਰੇ ਦੀ ਭਾਗੀਦਾਰੀ ਦਾ ਤਾਲਮੇਲ ਇਸ ਸਮਾਗਮ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਰੋਜਰ ਚਾਵਲਾ ਦੁਆਰਾ ਕੀਤਾ ਗਿਆ ਸੀ। ਲਾਬੀ ਵਿੱਚ ਇੱਕ ਮਹੱਤਵਪੂਰਨ ਪ੍ਰਦਰਸ਼ਨੀ ਵਿੱਚ ਡਾ. ਮਾਰਟਿਨ ਲੂਥਰ ਕਿੰਗ ਜੂਨੀਅਰ ਅਤੇ ਪਤਨੀ ਕੋਰੇਟਾ ਸਕਾਟ ਕਿੰਗ ਦੀ 1965 ਵਿੱਚ ਸਾਊਥਾਲ ਲੰਡਨ, ਯੂ.ਕੇ. ਵਿੱਚ ਇੱਕ ਸਿੱਖ ਨਾਗਰਿਕ ਅਧਿਕਾਰ ਕਾਰਕੁਨ ਜਸਵੰਤ ਸਿੰਘ ਧਾਮੀ ਨਾਲ ਮੁਲਾਕਾਤ ਦੀ ਫੋਟੋ ਵਾਲਾ ਇੱਕ ਪੋਸਟਰ ਦਿਖਾਇਆ ਗਿਆ ਸੀ। ਸ. ਧਾਮੀ 1958 ਵਿੱਚ 'ਇੰਡੀਅਨ ਵਰਕਰਜ਼ ਐਸੋਸੀਏਸ਼ਨ' ਗ੍ਰੇਟ ਬ੍ਰਿਟੇਨ ਦੇ ਸੰਸਥਾਪਕ, ਇੰਗਲੈਂਡ ਵਿੱਚ ਭਾਰਤੀ ਅਤੇ ਵੱਖ-ਵੱਖ ਹੋਰ ਨਸਲਾਂ ਦੇ ਪਰਵਾਸੀ ਮਜ਼ਦੂਰਾਂ ਦੁਆਰਾ ਅਨੁਭਵ ਕੀਤੇ ਗਏ ਨਸਲੀ ਵਿਤਕਰੇ ਦਾ ਮੁਕਾਬਲਾ ਕਰਨ ਲਈ, ਨਿਆਂ ਅਤੇ ਸਮਾਨਤਾ ਲਈ ਸਾਂਝੇ ਸੰਘਰਸ਼ ਨੂੰ ਉਜਾਗਰ ਕਰਦੇ ਰਹੇ।





ਦਾਵੋਸ ਕਾਨਫਰੰਸ


# ਕੈਨੇਡਾ ਦੇ ਪ੍ਰਧਾਨ ਮੰਤਰੀ ਨੇ ਕੀਤੀਆਂ ਪਤੇ ਦੀਆਂ ਗੱਲਾਂ

## *ਜ਼ੇਲੰਸਕੀ ਨੂੰ ਮੁਲਕਾਂ ਦੀ ਖੇਤਰੀ ਅਖੰਡਤਾ ਦੀ ਚਿੰਤਾ

ਪੰਜਾਬੀ ਪਰਵਾਜ਼ ਬਿਊਰੋ

ਸਵਿਟਜ਼ਰਲੈਂਡ ਦੇ ਸ਼ਹਿਰ ਦਾਵੋਸ ਵਿੱਚ ਦੁਨੀਆਂ ਦੇ ਕੁਝ ਅਮੀਰਾਂ, ਚੀਫ ਐਗਜ਼ੈਕਟਿਵ ਅਫਸਰਾਂ ਅਤੇ ਰਾਜਨੀਤਿਕ ਆਗੂਆਂ ਦੀ ਹਾਲ ਹੀ ਵਿੱਚ ਹੋਈ ਕਾਨਫਰੰਸ ਵਿੱਚ ਕੁਝ ਦਿਲਚਸਪ ਚਰਚਾਵਾਂ ਸਾਹਮਣੇ ਆਈਆਂ ਹਨ। ਇੱਕ ਪਾਸੇ ਤਾਂ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬੜ੍ਹਕ ਮਾਰੀ ਕਿ ਵੈਨੇਜ਼ੂਏਲਾ ਦੇ ਰਾਸ਼ਟਰਪਤੀ ਮਦੂਰੋ ਨੂੰ ਗ੍ਰਿਫਤਾਰ ਕਰਨ ਲਈ ਉਨ੍ਹਾਂ ਦੇ ਕਮਾਂਡੋਆਂ ਨੇ ਇੱਕ ਗੁਪਤ ਕਿਸਮ ਦੇ 'ਸੋਨਿਕ' ਹਥਿਆਰ ਦੀ ਵਰਤੋਂ ਕੀਤੀ; ਉਥੇ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਆਪਣੇ ਆਦਰਸ਼ਵਾਦ ਦੀ ਲੇਸ ਵਾਲੀ ਪ੍ਰੈਕਟੀਕਲ ਪਹੁੰਚ ਬਾਰੇ ਭਾਸ਼ਨ ਲਈ ਰੱਜ ਕੇ ਪ੍ਰਸ਼ੰਸਾ ਖੱਟੀ। ਇਸ ਤੋਂ ਇਲਾਵਾ ਇਸ ਸੰਮੇਲਨ ਵਿੱਚ ਯੂਕਰੇਨ ਜੰਗ, ਟਰੰਪ ਵੱਲੋਂ ਗਰੀਨਲੈਂਡ 'ਤੇ ਕਬਜ਼ੇ ਦੀ ਅਮਰੀਕੀ ਧਮਕੀ ਅਤੇ ਹੋਰ ਆਰਥਕ ਸਿਆਸੀ ਮਸਲਿਆਂ 'ਤੇ ਚਰਚਾ ਹੋਈ। ਨਵੀਂ ਆ ਰਹੀ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਤਕਨੀਕ ਅਤੇ ਬਲੌਕ ਚੇਨ ਟੈਕਨੌਲੋਜੀ ਬਾਰੇ ਵੀ ਮਹੱਤਵਪੂਰਣ ਚਰਚਾਵਾਂ ਹੋਈਆਂ। ਇੱਥੇ ਰੂਸੀ ਪ੍ਰਤੀਨਿਧ ਨਾਲ ਗੱਲਬਾਤ ਲਈ ਪੁੱਜੇ ਯੂਕਰੇਨ ਦੇ ਪ੍ਰਧਾਨ ਮੰਤਰੀ ਵਲਾਦੀਮੀਰ ਜ਼ੇਲੰਸਕੀ ਨੇ ਕਿਹਾ ਕਿ ਖੇਤਰੀ ਅਖੰਡਤਾ ਦੇ ਮਸਲੇ ਹਾਲੇ ਵੀ ਅਣਹੱਲ ਹੋਏ ਪਏ ਹਨ।

ਇੰਝ ਬੀਤੀ 23 ਜਨਵਰੀ ਨੂੰ ਖਤਮ ਹੋਈ ਦਾਵੋਸ ਕਾਨਫਰੰਸ ਵਿੱਚ ਮੁੱਖ ਤੌਰ 'ਤੇ ਮੁਲਕਾਂ ਦੇ ਆਪਸੀ ਝਗੜਿਆਂ, ਟੈਰਿਫ ਵਾਰ, ਵਧ ਰਹੇ ਕਰਜ਼ਿਆਂ, ਝੂਠੇ ਪ੍ਰਾਪੇਗੰਡੇ, ਦੇਸ਼ਾਂ ਵਿਚਕਾਰ ਡਿਗਦੇ ਵਿਸ਼ਵਾਸ, ਏ.ਆਈ. ਦੀ ਦੁਰਵਰਤੋਂ ਅਤੇ ਆਰਥਿਕ ਮੰਦੇ ਕਾਰਨ ਪੈਦਾ ਹੋ ਰਹੀ ਨਿਰਾਸ਼ਾ ਤੋਂ ਸੁਚੇਤ ਰਹਿਣ ਲਈ ਕਿਹਾ ਗਿਆ ਹੈ। ਇਸ ਕਾਨਫਰੰਸ ਵਿੱਚ ਭਾਰਤ ਦੇ ਆਰਥਿਕ ਅਤੇ ਰਾਜਨੀਤਿਕ ਖੇਤਰ ਨਾਲ ਸੰਬੰਧਤ ਇੱਕ ਵੱਡੇ ਵਫਦ ਨੇ ਹਿੱਸਾ ਲਿਆ। ਭਾਰਤੀ ਪ੍ਰਤੀਨਿਧਾਂ ਨੇ ਦੁਨੀਆਂ ਭਰ ਦੇ ਮੁਲਕਾਂ ਨੂੰ ਆਪਣੇ ਦੇਸ਼ ਨਾਲ ਵੱਡੇ ਵਪਾਰਕ ਕਾਰੋਬਾਰ ਲਈ ਸੱਦਾ ਦਿੱਤਾ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਸ ਕਾਨਫਰੰਸ ਦੌਰਾਨ ਚਾਰਟਰ ਆਫ 'ਬੋਰਡ ਆਫ ਪੀਸ' 'ਤੇ ਦਸਤਖਤ ਕੀਤੇ। ਇਸ ਸਾਂਤੀ ਮਿਸ਼ਨ ਦਾ ਟਰੰਪ ਆਪ ਆਜੀਵਨ ਮੁਖੀ ਹੋਏਗਾ। ਇਹ ਬੋਰਡ ਸ਼ੁਰੂ ਤਾਂ ਗਾਜ਼ਾ ਵਿੱਚ ਅਮਨ ਅਮਾਨ ਕਾਇਮ ਕਰਨ ਲਈ ਕੀਤਾ ਗਿਆ ਸੀ, ਪਰ ਇਸ ਦੇ ਚਾਰਟਰ ਵਿੱਚ ਫਲਿਸਤੀਨ ਦਾ ਕੋਈ ਜ਼ਿਕਰ ਨਹੀਂ ਹੈ। ਅਰਜਨਟੀਨਾ ਅਤੇ ਹੰਗਰੀ ਸਮੇਤ 19 ਮੁਲਕਾਂ ਦੇ ਮੁਖੀਆਂ ਨੇ ਇਸ ਐਲਾਨਨਾਮੇ 'ਤੇ ਦਸਤਖਤ ਕੀਤੇ। ਇਸ ਦਾ ਮੈਂਬਰ ਬਣਨ ਲਈ ਹਰ ਇੱਕ ਨੂੰ 1 ਬਿਲੀਅਨ ਡਾਲਰ ਦੇਣੇ ਹੋਣਗੇ। ਟਰੰਪ ਅਸਲ ਵਿੱਚ ਇਸ ਨੂੰ ਸੰਯੁਕਤ ਰਾਸ਼ਟਰ ਦੀਆਂ ਸੰਸਥਾਵਾਂ ਦੇ ਸਮਾਨੰਤਰ ਖੜ੍ਹਾ ਕਰਨ ਦਾ ਯਤਨ ਕਰ ਰਿਹਾ ਹੈ।



ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ

*ਦਾਵੋਸ ਕਾਨਫਰੰਸ ਵਿੱਚ ਮੁੱਖ ਤੌਰ 'ਤੇ ਮੁਲਕਾਂ ਦੇ ਆਪਸੀ ਝਗੜਿਆਂ, ਟੈਰਿਫ ਵਾਰ, ਵਧ ਰਹੇ ਕਰਜ਼ਿਆਂ, ਝੂਠੇ ਪ੍ਰਾਪੇਗੰਡੇ, ਦੇਸ਼ਾਂ ਵਿਚਕਾਰ ਡਿਗਦੇ ਵਿਸ਼ਵਾਸ, ਏ.ਆਈ. ਦੀ ਦੁਰਵਰਤੋਂ ਅਤੇ ਆਰਥਿਕ ਮੰਦੇ ਕਾਰਨ ਪੈਦਾ ਹੋ ਰਹੀ ਨਿਰਾਸ਼ਾ ਤੋਂ ਸੁਚੇਤ ਰਹਿਣ ਲਈ ਕਿਹਾ ਗਿਆ ਹੈ।*

ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੇ ਇਸ ਕਾਨਫਰੰਸ ਵਿੱਚ ਦਿੱਤੇ ਗਏ ਭਾਸ਼ਨ ਨੇ ਸਭ ਤੋਂ ਜ਼ਿਆਦਾ ਵਾਹ-ਵਾਹ ਖੱਟੀ। ਉਨ੍ਹਾਂ ਕਿਹਾ ਕਿ ਕਾਨੂੰਨ ਆਧਾਰਤ ਸੰਸਾਰ ਦਾ ਪੁਰਾਣਾ ਚਲਨ ਖਤਮ ਹੋ ਗਿਆ ਹੈ। ਮੁਲਕਾਂ ਦੀ ਮੌਜੂਦਾ ਆਪੋ-ਧਾਪੀ ਵਿੱਚ ਅਸੀਂ ਤੁਰ ਗਏ ਸੰਸਾਰ ਪ੍ਰਬੰਧ ਦੇ ਮਰਸੀਏ ਪੜ੍ਹਨ ਵਿੱਚ ਸਮਾਂ ਜ਼ਾਇਆ ਨਹੀਂ ਸਕਦੇ। ਸਾਨੂੰ ਨਵੀਂ ਦੁਨੀਆਂ ਵਿੱਚ ਦੇਸ਼ਾਂ ਦੀ ਆਜ਼ਾਦੀ (ਸਾਵਰਨਿਟੀ) ਦੀ ਰਾਖੀ ਲਈ ਨਵੇਂ ਨਿਯਮ ਬਣਾਉਣ ਲਈ ਯਤਨ ਕਰਨੇ ਹੋਣਗੇ। ਉਨ੍ਹਾਂ ਅੱਗੇ ਕਿਹਾ ਕਿ ਕੈਨੇਡਾ ਵਰਗੇ ਮੱਧਲੀ ਸ਼ਕਤੀ ਰੱਖਣ ਵਾਲੇ ਮੁਲਕ ਇਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਅ ਸਕਦੇ ਹਨ। ਉਨ੍ਹਾਂ ਕਿਹਾ ਕਿ ਦੁਨੀਆਂ ਦੀ ਸਾਰੀ ਚਰਚਾ ਸੁਪਰ ਪਾਵਰਾਂ ਦੁਆਲੇ ਘੁੰਮਦੀ ਹੈ, ਜਦਕਿ 'ਮੱਧਲੀ ਤਾਕਤ' ਰੱਖਣ ਵਾਲੇ ਕੈਨੇਡਾ ਵਰਗੇ ਮੁਲਕ ਵੀ ਸ਼ਕਤੀਹੀਣ ਨਹੀਂ ਹਨ। ਇਨ੍ਹਾਂ ਕੋਲ ਇਮਾਨਦਾਰੀ ਦੀ ਸ਼ਕਤੀ ਹੈ। ਇਨ੍ਹਾਂ ਮੁਲਕਾਂ ਨੂੰ ਇੱਕ ਮੇਜ਼ 'ਤੇ ਜੁੜਨਾ ਚਾਹੀਦਾ ਹੈ, ਨਹੀਂ ਤਾਂ ਇਹ ਮੁਕਾਬਲਤਨ ਘੱਟ ਸ਼ਕਤੀ ਵਾਲੇ ਮੁਲਕ ਕਿਸੇ ਨਾ ਕਿਸੇ ਸੁਪਰ ਪਾਵਰ ਦਾ ਖਾਜਾ (ਮੀਨੂ) ਬਣ ਜਾਣਗੇ। ਉਨ੍ਹਾਂ ਕਿਹਾ ਕਿ ਇਹ ਮੁਲਕਾਂ ਵਿਚਕਾਰ ਦੀਵਾਰਾਂ ਖੜ੍ਹੀਆਂ ਕਰਨ ਦਾ ਸਮਾਂ ਨਹੀਂ ਹੈ; ਸਗੋਂ ਮੇਲ-ਜੋਲ ਅਤੇ ਆਪਸੀ ਵਿਸ਼ਵਾਸ ਵਧਾਉਣ ਦੀ ਲੋੜ ਹੈ।

ਮੁੱਢ ਵਿੱਚ ਭਾਵੇਂ ਇਸ ਕਾਨਫਰੰਸ ਨੂੰ ਯੂਕਰੇਨ ਅਤੇ ਰੂਸ ਵਿਚਕਾਰ ਪਿਛਲੇ ਚਾਰ ਸਾਲ ਤੋਂ ਚੱਲ ਰਹੀ ਜੰਗ ਨੇ ਘੇਰੀ ਰੱਖਿਆ, ਪਰ ਬਾਅਦ ਵਿੱਚ ਹੋਰ ਮਸਲਿਆਂ 'ਤੇ ਵੀ ਗੱਲ ਖੁਲ੍ਹਣ ਲੱਗੀ। ਟਰੰਪ ਨੇ ਗਰੀਨਲੈਂਡ 'ਤੇ ਕਬਜੇ ਦੀ ਗੱਲ ਇੱਥੇ ਵੀ ਜਾਰੀ ਰੱਖੀ, ਪਰ ਸ਼ਾਂਤਮਈ ਢੰਗ ਨਾਲ ਗਰੀਨਲੈਂਡ ਨੂੰ ਅਮਰੀਕਾ ਦੇ ਹਵਾਲੇ ਕਰਨ ਲਈ ਕਿਹਾ-ਅਖੇ! ਨਹੀਂ ਤਾਂ ਰੂਸ-ਚੀਨ ਇਸ ਨੂੰ ਨਿਗਲ ਜਾਣਗੇ। ਉੱਤਰੀ ਧਰੁਵ ਦੇ ਨੇੜੇ ਗਰੀਨਲੈਂਡ ਛੋਟੀ ਜਿਹੀ ਆਬਾਦੀ ਵਾਲਾ ਵੱਡਾ, ਬਰਫੀਲਾ ਮੁਲਕ ਹੈ, ਕੈਨੇਡਾ ਨਾਲ ਜਿਸ ਦੀ ਸਰਹੱਦ ਲਗਦੀ ਹੈ। ਇਸ ਤੋਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਸੂਬਾ ਬਣਾਉਣ ਦੀ ਗੱਲ ਕਹਿ ਚੁੱਕੇ ਹਨ। ਗਰੀਨਲੈਂਡ ਅਮਰੀਕਾ ਨੂੰ ਸੌਂਪਣ ਦੇ ਚਰਚੇ ਕਾਰਨ ਪੈਦਾ ਹੋਈ ਅਨਿਸ਼ਚਤਤਾ ਨੇ ਸਾਰੀ ਦੁਨੀਆਂ ਦੀ ਆਰਥਿਕ ਮੰਡੀ ਮੰਦੇ ਵਿੱਚ ਧੱਕ ਦਿੱਤੀ। ਸੈਨਸੈਕਸ ਧੜੱਮ ਕਰਕੇ ਡਿੱਗੇ। ਯੂਰਪ ਦੇ ਮੁਲਕਾਂ ਦੇ ਨੁਮਾਇੰਦੇ ਟਰੰਪ ਦੀ ਗਰੀਨਲੈਂਡ ਵਾਲੀ ਬੋਲਬਾਣੀ ਤੋਂ ਖਾਸੇ ਨਾਰਾਜ਼ ਨਜ਼ਰ ਆਏ।

ਦਾਵੋਸ ਸੰਮੇਲਨ ਤੋਂ ਪਹਿਲੀ ਸ਼ਾਮ ਟਰੰਪ ਨੇ ਇੱਕ ਹੋਰ ਬੰਬ ਸੁੱਟਿਆ ਕਿ ਜਿਹੜੇ ਯੂਰਪੀਨ ਮੁਲਕ ਅਮਰੀਕਾ ਦੇ ਗਰੀਨਲੈਂਡ 'ਤੇ ਦਾਅਵੇ ਦਾ ਵਿਰੋਧ ਕਰਨਗੇ, ਉਨ੍ਹਾਂ ਦੀ ਅਮਰੀਕਾ ਵੱਲ ਐਕਸਪੋਰਟ 'ਤੇ 'ਟੈਰਿਫ' ਲਗਾਇਆ ਜਾਵੇਗਾ। ਮੱਧ ਏਸ਼ੀਆ ਦੇ ਮੁਲਕਾਂ ਦਾ ਪਹਿਲਾਂ ਹੀ ਟਰੰਪ ਵਾਲੇ ਅਮਰੀਕਾ ਤੋਂ ਵਿਸ਼ਵਾਸ ਹਿੱਲਿਆ ਹੋਇਆ ਹੈ। ਹੁਣ ਯੂਰਪੀਅਨ ਮੁਲਕ ਵੀ ਟਰੰਪ ਤੋਂ ਨਾਰਾਜ਼ ਹਨ। ਯੂਰਪੀਅਨ ਮੁਲਕਾਂ ਦੇ ਬਹੁਤੇ ਉੱਚ ਅਧਿਕਾਰੀ ਸਮਝਦੇ ਹਨ ਕਿ ਟਰੰਪ ਦੀ ਪਹੁੰਚ ਹਮਲਾਵਰ ਅਤੇ ਭੱਦੀ ਹੈ। ਇਸ ਕਾਨਫਰੰਸ ਦੀ ਵੱਖੀ 'ਤੇ ਰੂਸ ਦੇ ਰਾਸ਼ਟਰਪਤੀ ਦੇ ਪ੍ਰਤੀਨਿਧ ਦਮਿਤਰੇਵ, ਅਮਰੀਕੀ ਪ੍ਰਤੀਨਿਧ ਅਤੇ ਜ਼ੇਲੰਸਕੀ ਵਿਚਾਲੇ ਜੰਗ ਰੋਕਣ ਲਈ ਗੱਲਬਾਤ ਹੋਈ ਵੀ ਦੱਸੀ ਜਾਂਦੀ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਸਟੀਫਨ ਵਿਟਕੋਫ ਇਸ ਤੋਂ ਪਹਿਲਾਂ ਰੂਸ ਦੇ ਰਾਸ਼ਟਰਪਤੀ ਨੂੰ ਮਿਲ ਕੇ ਆਏ ਹਨ। ਉਸ ਨੂੰ ਗਾਜ਼ਾ ਪੀਸ ਬੋਰਡ ਵਿੱਚ ਸ਼ਾਮਲ ਹੋਣ ਦੀ ਦਾਅਵਤ ਵੀ ਦਿੱਤੀ ਗਈ ਹੈ। ਅਮਰੀਕਾ ਅਸਲ ਵਿੱਚ ਰੂਸ ਨੂੰ ਇਰਾਨ ਤੋਂ ਪਾਸੇ ਖਿੱਚਣ ਦਾ ਯਤਨ ਕਰ ਰਿਹਾ ਹੈ; ਜਦਕਿ ਇਰਾਨ ਦੀ ਘੇਰਾਬੰਦੀ ਲਗਾਤਾਰ ਤੰਗ ਕੀਤੀ ਜਾ ਰਹੀ ਹੈ। ਅਮਰੀਕਾ ਇਰਾਨ 'ਤੇ ਹਮਲਾ ਕਰੇਗਾ ਜਾਂ ਨਹੀਂ, ਇਹ ਚਰਚਾ ਵੀ ਇੱਥੇ ਲਗਾਤਾਰ ਚੱਲਦੀ ਰਹੀ।

ਇਸ ਮਸਲੇ ਨੂੰ ਲੈ ਕੇ ਟਰੰਪ ਦਾ ਅਨਿਸ਼ਚਿਤ ਕਿਸਮ ਦਾ ਸੁਭਾਅ ਵਾਰ-ਵਾਰ ਚਰਚਾ ਦਾ ਵਿਸ਼ਾ ਬਣਦਾ ਰਿਹਾ। ਯੂਰਪੀਅਨ ਮੁਲਕਾਂ ਨਾਲ ਸੰਬੰਧਤ ਕੰਪਨੀਆਂ ਦੇ ਬਹੁਤੇ ਮੁਖੀਆਂ ਦਾ ਮਨ ਅਮਰੀਕਾ ਤੋਂ ਮੁੜਿਆ ਨਜ਼ਰ ਆਇਆ। ਕੈਨੇਡਾ ਦੇ ਵਿੱਤ ਮੰਤਰੀ ਫਰੈਨਕੋ ਫਲਿੱਪ ਨੇ ਇਸ ਮਾਮਲੇ 'ਤੇ ਬੋਲਦਿਆਂ ਕਿਹਾ ਕਿ ਵੱਡੀਆਂ ਕੰਪਨੀਆਂ ਦੇ ਚੀਫ ਐਗਜ਼ੈਕਟਿਵ ਅਫਸਰ ਸਥਿਰਤਾ, ਭਰੋਸੇਯੋਗਤਾ ਅਤੇ ਕਾਨੂੰਨ ਦਾ ਰਾਜ ਚਾਹੁੰਦੇ ਹਨ। ਇਸ ਸਾਰੇ ਕੁਝ ਦੀ ਹੀ ਅੱਜ-ਕੱਲ੍ਹ ਤੋਟ ਵਿਖਾਈ ਦੇ ਰਹੀ ਹੈ। ਜੇ.ਪੀ. ਮੌਰਗਨ ਦੇ ਚੀਫ ਐਗਜ਼ੈਕਟਿਵ ਅਫਸਰ ਜੈਮੀ ਡਾਇਮਨ ਨੇ ਚਿਤਾਵਨੀ ਦਿੱਤੀ ਕਿ ਕਰੈਡਿਟ ਕਾਰਡ ਦੀਆਂ ਵਿਆਜ਼ ਦਰਾਂ ਵਧਾਉਣ ਨਾਲ ਆਰਥਿਕ ਅਫਰਾ-ਤਫਰੀ ਫੈਲ ਸਕਦੀ ਹੈ। ਇਸ ਤੋਂ ਇਲਾਵਾ ਕਰਿਪਟੋ ਕਰੰਸੀ ਬਾਰੇ ਕੰਪਨੀਆਂ ਚਲਾਉਣ ਵਾਲੇ ਮੁਖੀਆਂ ਨੇ 'ਸਟੇਬਲਕੋਇਨ' ਦੀ ਗੱਲ ਕੀਤੀ ਅਤੇ ਕਿਹਾ ਕਿ ਬਲੌਕ ਚੇਨ ਟੈਕਨੌਲੋਜੀ ਰਵਾਇਤੀ ਕਰੰਸੀਆਂ ਦਾ ਅੱਗਾ ਮਾਰ ਸਕਦੀ ਹੈ।

ਜ਼ਿਕਰਯੋਗ ਹੈ ਕਿ ਸੰਸਾਰ ਦੀਆਂ ਕੁਝ ਬੈਂਕਾਂ ਕਰਿਪਟੋ ਕਰੰਸੀ ਦਾ ਤਜ਼ਰਬਾ ਕਰ ਰਹੀਆਂ ਹਨ ਅਤੇ ਬਹੁਤੀਆਂ ਹਾਲੇ ਇਸ ਤੋਂ ਦੂਰੀ ਬਣਾ ਕੇ ਰੱਖ ਰਹੀਆਂ ਹਨ। ਟੈਸਲਾ ਦੇ ਮੁਖੀ/ਮਾਲਕ ਐਲਨ ਮਸਕ ਨੇ ਇਸ ਦੌਰਾਨ ਕਿਹਾ ਕਿ ਅਮਰੀਕਾ ਦੀਆਂ ਕੁੱਲ ਊਰਜਾ ਲੋੜਾਂ ਸੋਲਰ ਊਰਜਾ ਪੂਰੀਆਂ ਕਰ ਸਕਦੀ ਹੈ। ਬਿਜ਼ਨਸ ਲੀਡਰਾਂ ਨੇ ਦਲੀਲ ਦਿੱਤੀ ਕਿ ਏ.ਆਈ. ਦੀ ਆਮਦ ਬਹੁਤ ਸਾਰੀਆਂ ਨੌਕਰੀਆਂ ਨੂੰ ਖਤਮ ਕਰੇਗੀ, ਪਰ ਇਸ ਦੇ ਨਾਲ ਹੀ ਨਵੀਆਂ ਨੌਕਰੀਆਂ ਪੈਦਾ ਹੋ ਜਾਣਗੀਆਂ। ਦੂਜੇ ਪਾਸੇ ਯੂਨੀਅਨ ਲੀਡਰਾਂ ਦਾ ਆਖਣਾ ਹੈ ਕਿ ਏ.ਆਈ. ਲੋਕਾਂ ਦੀਆਂ ਨੌਕਰੀਆਂ ਹੜੱਪ ਜਾਵੇਗਾ।

ਯੂਰਪ ਅਤੇ ਅਮਰੀਕਾ ਸਮੇਤ ਦੁਨੀਆਂ ਦੇ ਵੱਡੇ ਮੁਲਕਾਂ ਵੱਲੋਂ ਆਪਣੀ ਸੁਰੱਖਿਆ 'ਤੇ ਖਰਚ ਵਧਾਉਣ ਦੇ ਅਕੀਦਿਆਂ ਕਾਰਨ ਕਈ ਕਾਰਪੋਰੇਟਾਂ ਦੇ ਮੁਖੀ ਖੁਸ਼ ਨਜ਼ਰ ਆਏ। ਰੂਸੀ ਸੂਤਰਾਂ ਦੇ ਹਵਾਲੇ ਨਾਲ ਖ਼ਬਰਾਂ ਮਿਲੀਆਂ ਹਨ ਕਿ ਪੂਤਿਨ ਦੀਆਂ ਖੁਫੀਆ ਏਜੰਸੀਆਂ ਇਹ ਪਤਾ ਲਗਾਉਣ ਦੇ ਸਿਰ ਤੋੜ ਯਤਨ ਕਰ ਰਹੀਆਂ ਹਨ ਕਿ ਅਮਰੀਕੀ ਕਮਾਂਡੋਆਂ ਵੱਲੋਂ ਮਦੂਰੋ ਨੂੰ ਚੁੱਕਣ ਵੇਲੇ ਕਿਸ ਭੇਦ-ਭਰੇ ਹਥਿਆਰ ਦੀ ਵਰਤੋਂ ਕੀਤੀ ਗਈ ਹੈ। ਅਮਰੀਕੀ ਰਾਸ਼ਟਰਪਤੀ ਨੇ ਭਾਵੇਂ ਇਸ ਨੂੰ ਬਹੁਤ ਤੇਜ਼ ਆਵਾਜ਼ ਦਾ (ਸੋਨਿਕ) ਹਥਿਆਰ ਦੱਸਿਆ ਹੈ, ਜਿਸ ਨਾਲ ਮਨੁੱਖ ਦਾ ਤਨ-ਮਨ ਕੰਮ ਕਰਨਾ ਬੰਦ ਕਰ ਦਿੰਦਾ ਹੈ। ਯਾਦ ਰਹੇ, ਵੈਨੇਜ਼ੂਏਲਾ ਵਾਲੀ ਕਾਰਵਾਈ ਵਿੱਚ 82 ਲੋਕ ਮਾਰੇ ਗਏ ਸਨ ਅਤੇ ਕਈ ਹੋਰ ਜ਼ਖਮੀ ਹੋਏ ਸਨ।


## Matrimonial

**Jat Sikh Grewal family looking for a compatible match for their US born and raised sweet, homely MD working daughter, age 31, height 5'-9", preferably US born and raised doctor or other compatible profession. Height 6' plus please.**

**Contact 414-737-8624 via text and/ or What'sApp only to begin with/email at: ranigrewal72@gmail.com**



HARBIRINDER VIRK
Mortgage Loan Officer
ratebeat MORTGAGE
847-942-9046
harbirv@gmail.com
MLS ID: 2212343
Call For All Your Mortgage Lending Needs!



## ਜ਼ਰੂਰੀ

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

**Punjabi Parwaz LLC - DBA Punjabi Parwaz**

**Address:**
827 E. Kings Row, Unit# 7, Palatine, IL 60074

**Managed by:**
Anureet Kaur & Kuljeet Singh

**Punjab Incharge:**
Jasvir Singh Mangat

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ



## ਪੰਜਾਬੀ ਪਰਵਾਜ਼ (Punjabi Parwaz) ਬੋਰਡ ਮੈਂਬਰ

ਬਲਵਿੰਦਰ ਸਿੰਘ (ਬੌਬ) ਸੰਧੂ
ਦਵਿੰਦਰ ਸਿੰਘ ਰੰਗੀ
ਮਨਜਿੰਦਰ ਸਿੰਘ (ਮੈਕ) ਭਮਰਾ
ਗੁਰਿੰਦਰਜੀਤ ਸਿੰਘ ਗਰੇਵਾਲ
ਦੀਦਾਰ ਸਿੰਘ ਧਨੋਆ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰਜੀਤ ਸਿੰਘ ਢੀਂਡਸਾ
ਜੋਧ ਸਿੰਘ ਸਿੱਧੂ
ਬੇਅੰਤ ਸਿੰਘ ਬੱਪਾਰਾਏ
ਅਮਰੀਕ ਸਿੰਘ ਸ਼ਿਕਾਗੋ
ਕਿਰਪਾਲ ਸਿੰਘ ਰੰਧਾਵਾ
ਅੰਮ੍ਰਿਤਪਾਲ ਸਿੰਘ ਗਿੱਲ
ਬਲਵਿੰਦਰ ਸਿੰਘ ਚੱਠਾ
ਦਰਸ਼ਨ ਸਿੰਘ ਪੰਮਾ
ਗੁਰਵਿੰਦਰ ਸਿੰਘ ਬੱਬੂ (ਐਪਲਟਨ)
ਬਿਕਰਮ ਸਿੰਘ ਸਿੱਧੂ
ਪਰਮਜੀਤ ਸਿੰਘ ਸਿੱਧੂ (ਮਹਿਰਾਜ)
ਮਨਮਿੰਦਰ ਸਿੰਘ ਹੀਰ
ਬਲਜੀਤ ਸਿੰਘ ਸਿੱਧੂ (ਫਲੋਰਿਡਾ)
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਲਾਲੀ ਧਾਲੀਵਾਲ (ਮਿਸ਼ੀਗਨ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਜਿਗਰਦੀਪ ਸਿੰਘ ਢਿੱਲੋਂ
ਇੰਦਰ ਹੁੰਜਣ
ਅਮਨਦੀਪ ਸਿੰਘ ਕੁਲਾਰ
ਪਰਮਿੰਦਰ ਸਿੰਘ (ਯੂਬਾ ਸਿਟੀ)
ਹਰਕੇਵਲ ਸਿੰਘ ਲਾਲੀ

ਭਾਰਤ ਵਿੱਚ ਚੋਣਾਂ

# ਲੋਕਾਂ ਦੀ ਆਵਾਜ਼ ਦੀ ਥਾਂ ਪੈਸੇ ਦੀ ਗੂੰਜ

ਪੰਜਾਬੀ ਪਰਵਾਜ਼ ਬਿਊਰੋ

ਭਾਰਤੀ ਲੋਕਤੰਤਰ ਵਿੱਚ ਚੋਣਾਂ ਨੂੰ ਲੋਕਾਂ ਦੀ ਸਭ ਤੋਂ ਵੱਡੀ ਤਾਕਤ ਮੰਨਿਆ ਜਾਂਦਾ ਹੈ; ਪਰ ਪਿਛਲੇ ਕੁਝ ਸਾਲਾਂ ਵਿੱਚ ਚੋਣਾਂ ਨਾਲ ਜੁੜੇ ਖ਼ਰਚੇ ਜਿੰਨੀ ਤੇਜ਼ੀ ਨਾਲ ਵਧੇ ਹਨ, ਉਹ ਲੋਕਤੰਤਰ ਦੀ ਸਿਹਤ ਬਾਰੇ ਗੰਭੀਰ ਸਵਾਲ ਖੜੇ ਕਰਦੇ ਹਨ। ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਤਾਜ਼ਾ ਆਡਿਟ ਰਿਪੋਰਟ ਇਸ ਗੱਲ ਦਾ ਸਾਫ਼ ਸਬੂਤ ਹੈ ਕਿ ਦੇਸ਼ ਦੀ ਸਭ ਤੋਂ ਵੱਡੀ ਸਿਆਸੀ ਪਾਰਟੀ ਦਾ ਚੋਣਾਵੀ ਖ਼ਰਚ ਬੇਮਿਸਾਲ ਤੌਰ 'ਤੇ ਵਧਿਆ ਹੈ।

ਚੋਣ ਕਮਿਸ਼ਨ ਨੂੰ ਸੌਂਪੀ ਗਈ ਭਾਜਪਾ ਦੀ ਸਾਲਾਨਾ ਆਡਿਟ ਰਿਪੋਰਟ ਮੁਤਾਬਕ, ਵਿੱਤੀ ਵਰ੍ਹੇ 2024-25 ਦੌਰਾਨ ਪਾਰਟੀ ਨੇ ਚੋਣਾਂ ਅਤੇ ਆਮ ਪ੍ਰਚਾਰ 'ਤੇ ਕੁੱਲ 3,335.36 ਕਰੋੜ ਰੁਪਏ ਖ਼ਰਚ ਕੀਤੇ। ਇਹ ਰਕਮ 2019-20 ਦੇ ਮੁਕਾਬਲੇ ਲਗਭਗ ਢਾਈ ਗੁਣਾ ਜ਼ਿਆਦਾ ਹੈ। 2019 ਦੀਆਂ ਲੋਕ ਸਭਾ ਚੋਣਾਂ ਅਤੇ ਸੱਤ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਭਾਜਪਾ ਦਾ ਇਹੀ ਖ਼ਰਚ 1,352.92 ਕਰੋੜ ਰੁਪਏ ਸੀ।

2024-25 ਉਹ ਦੌਰ ਸੀ, ਜਦੋਂ 18ਵੀਂ ਲੋਕ ਸਭਾ ਅਤੇ ਅੱਠ ਰਾਜਾਂ ਦੀਆਂ ਵਿਧਾਨ ਸਭਾਵਾਂ ਲਈ ਚੋਣਾਂ ਹੋਈਆਂ। ਇਨ੍ਹਾਂ ਵਿੱਚ ਮਹਾਰਾਸ਼ਟਰ, ਹਰਿਆਣਾ, ਝਾਰਖੰਡ, ਉੜੀਸਾ, ਸਿੱਕਮ, ਅਰੁਣਾਚਲ ਪ੍ਰਦੇਸ਼, ਆਂਧਰਾ ਪ੍ਰਦੇਸ਼ ਅਤੇ ਪਹਿਲੀ ਵਾਰ ਜੰਮੂ-ਕਸ਼ਮੀਰ ਦੀ ਵਿਧਾਨ ਸਭਾ ਵੀ ਸ਼ਾਮਲ ਸੀ।

ਚੋਣ ਕਮਿਸ਼ਨ ਨੇ 2024 ਦੀਆਂ ਲੋਕ ਸਭਾ ਚੋਣਾਂ ਦਾ ਐਲਾਨ 16 ਮਾਰਚ 2024 ਨੂੰ ਕੀਤਾ ਸੀ, ਪਰ ਅਸਲ ਵਿੱਚ ਪ੍ਰਚਾਰ ਕਾਫ਼ੀ ਪਹਿਲਾਂ ਹੀ ਸ਼ੁਰੂ ਹੋ ਚੁੱਕਾ ਸੀ। ਚੋਣਾਂ 19 ਅਪ੍ਰੈਲ ਤੋਂ 1 ਜੂਨ 2024 ਤੱਕ 44 ਦਿਨਾਂ ਤੱਕ ਚੱਲੀਆਂ। ਇਸ ਕਾਰਨ ਭਾਜਪਾ ਨੇ ਵਿੱਤੀ ਵਰ੍ਹਾ 2023-24 ਵਿੱਚ ਹੀ ਚੋਣਾਂ ਅਤੇ ਆਮ ਪ੍ਰਚਾਰ 'ਤੇ 1,754.06 ਕਰੋੜ ਰੁਪਏ ਖ਼ਰਚ ਕਰ ਦਿੱਤੇ ਸਨ।

ਇਸ ਤਰ੍ਹਾਂ 2024 ਦੀਆਂ ਲੋਕ ਸਭਾ ਅਤੇ ਅੱਠ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਦੇ ਦੋ ਸਾਲਾਂ ਵਿੱਚ ਭਾਜਪਾ ਦਾ ਕੁੱਲ ਚੋਣ ਖ਼ਰਚ 5,089.42 ਕਰੋੜ ਰੁਪਏ ਤੱਕ ਪਹੁੰਚ ਗਿਆ। ਇਸਦੀ ਤੁਲਨਾ ਵਿੱਚ 2019 ਦੀਆਂ ਚੋਣਾਂ ਤੋਂ ਪਹਿਲਾਂ ਦੇ ਦੋ ਸਾਲਾਂ ਵਿੱਚ ਇਹ ਖ਼ਰਚ 2,145.31 ਕਰੋੜ ਰੁਪਏ ਸੀ। ਇਹ ਅੰਕੜੇ ਦੱਸਦੇ ਹਨ ਕਿ ਚੋਣਾਂ ਹੁਣ ਸਿਰਫ਼ ਰਾਜਨੀਤਿਕ ਮੁਕਾਬਲਾ ਨਹੀਂ ਰਹੀਆਂ, ਸਗੋਂ ਪੈਸੇ ਦੀ ਦੌੜ ਬਣ ਗਈਆਂ ਹਨ। ਰਿਪੋਰਟ ਮੁਤਾਬਕ ਭਾਜਪਾ ਦੇ ਕੁੱਲ 3,774.58 ਕਰੋੜ ਰੁਪਏ ਦੇ ਖ਼ਰਚ ਵਿੱਚੋਂ ਲਗਭਗ 88 ਫ਼ੀਸਦੀ ਰਕਮ ਸਿੱਧੇ ਤੌਰ 'ਤੇ ਚੋਣਾਂ ਨਾਲ ਜੁੜੀ ਹੋਈ ਸੀ। ਇਸ 'ਚੋਂ ਵੀ 68 ਫ਼ੀਸਦੀ ਯਾਨੀ 2,257.05 ਕਰੋੜ ਰੁਪਏ ਸਿਰਫ਼ ਇਸ਼ਤਿਹਾਰਾਂ ਅਤੇ ਪ੍ਰਚਾਰ 'ਤੇ ਲਗਾਏ ਗਏ।

## ਭਾਜਪਾ ਨੇ ਸਾਰੇ ਰਿਕਾਰਡ ਤੋੜੇ




ਇਸ਼ਤਿਹਾਰਾਂ ਵਿੱਚ ਸਭ ਤੋਂ ਵੱਡਾ ਹਿੱਸਾ ਇਲੈਕਟ੍ਰਾਨਿਕ ਮੀਡੀਆ ਦਾ ਸੀ, ਜਿਸ 'ਤੇ 1,124.96 ਕਰੋੜ ਰੁਪਏ ਖ਼ਰਚ ਹੋਏ। ਇਸ ਤੋਂ ਬਾਅਦ ਅਖ਼ਬਾਰਾਂ ਅਤੇ ਹੋਰ ਇਸ਼ਤਿਹਾਰਕ ਮਾਧਿਅਮਾਂ 'ਤੇ 897.42 ਕਰੋੜ ਰੁਪਏ ਲਗਾਏ ਗਏ। ਇਹ ਅੰਕੜੇ ਦੱਸਦੇ ਹਨ ਕਿ ਟੀ.ਵੀ., ਡਿਜ਼ਿਟਲ ਮੀਡੀਆ ਅਤੇ ਵੱਡੇ ਪੈਮਾਨੇ ਦੇ ਇਸ਼ਤਿਹਾਰ ਚੋਣ ਰਣਨੀਤੀ ਦਾ ਕੇਂਦਰ ਬਣ ਚੁੱਕੇ ਹਨ।

**ਹਵਾਈ ਯਾਤਰਾ ਅਤੇ ਉਮੀਦਵਾਰਾਂ 'ਤੇ ਖ਼ਰਚ:** ਭਾਜਪਾ ਨੇ ਨੇਤਾਵਾਂ ਦੀ ਯਾਤਰਾ ਲਈ ਵੀ ਭਾਰੀ ਰਕਮ ਖ਼ਰਚ ਕੀਤੀ। ਰਿਪੋਰਟ ਅਨੁਸਾਰ ਜਹਾਜ਼ ਅਤੇ ਹੈਲੀਕਾਪਟਰ ਯਾਤਰਾ 'ਤੇ 583.08 ਕਰੋੜ ਰੁਪਏ ਲਗਾਏ ਗਏ। ਇਸ ਤੋਂ ਇਲਾਵਾ ਪਾਰਟੀ ਨੇ ਆਪਣੇ ਉਮੀਦਵਾਰਾਂ ਨੂੰ ਵਿੱਤੀ ਸਹਾਇਤਾ ਦੇ ਤੌਰ 'ਤੇ 312.90 ਕਰੋੜ ਰੁਪਏ ਦਿੱਤੇ। ਇਹ ਅੰਕੜੇ ਸਪਸ਼ਟ ਕਰਦੇ ਹਨ ਕਿ ਆਧੁਨਿਕ ਚੋਣਾਂ ਵਿੱਚ ਨੇਤਾਵਾਂ ਦੀ ਹਵਾਈ ਯਾਤਰਾ, ਵੱਡੀਆਂ ਰੈਲੀਆਂ ਅਤੇ ਮੀਡੀਆ ਪ੍ਰਚਾਰ ਬਿਨਾ ਵੱਡੇ ਪੈਸੇ ਦੇ ਸੰਭਵ ਨਹੀਂ ਰਹੇ।

**ਕਾਂਗਰਸ ਨਾਲ ਤੁਲਨਾ:** ਇਸੇ ਦੌਰਾਨ ਕਾਂਗਰਸ ਪਾਰਟੀ ਨੇ 2024-25 ਵਿੱਚ ਚੋਣਾਂ 'ਤੇ 896.22 ਕਰੋੜ ਰੁਪਏ ਖ਼ਰਚ ਕੀਤੇ। 2023-24 ਵਿੱਚ ਕਾਂਗਰਸ ਦਾ ਚੋਣ ਖ਼ਰਚ 619.67 ਕਰੋੜ ਰੁਪਏ ਸੀ। ਇਸ ਤਰ੍ਹਾਂ ਭਾਜਪਾ ਅਤੇ ਕਾਂਗਰਸ ਦੇ ਖ਼ਰਚਾਂ ਵਿਚਕਾਰ ਫ਼ਰਕ ਕਾਫ਼ੀ ਵੱਡਾ ਨਜ਼ਰ ਆਉਂਦਾ ਹੈ, ਜੋ ਚੋਣ ਮੁਕਾਬਲੇ ਦੀ ਅਸਮਾਨਤਾ ਵੱਲ ਇਸ਼ਾਰਾ ਕਰਦਾ ਹੈ।

### ਭਾਜਪਾ ਦੀ ਆਮਦਨ ਵਿੱਚ ਵੱਡਾ ਉਛਾਲ

ਖ਼ਰਚ ਦੇ ਨਾਲ-ਨਾਲ ਭਾਜਪਾ ਦੀ ਆਮਦਨ ਵਿੱਚ ਵੀ ਵੱਡਾ ਵਾਧਾ ਹੋਇਆ ਹੈ। 2024-25 ਵਿੱਚ ਪਾਰਟੀ ਦੀ ਕੁੱਲ ਆਮਦਨ 6,769.14 ਕਰੋੜ ਰੁਪਏ ਰਹੀ, ਜੋ 2023-24 ਵਿੱਚ 4,340.47 ਕਰੋੜ ਰੁਪਏ ਸੀ। ਇਸ ਵਿੱਚੋਂ 6,124.85 ਕਰੋੜ ਰੁਪਏ ਸਿਰਫ਼ ਚੰਦਿਆਂ ਤੋਂ ਮਿਲੇ।

ਦਿਲਚਸਪ ਗੱਲ ਇਹ ਹੈ ਕਿ 2024-25 ਉਹ ਪਹਿਲਾ ਸਾਲ ਸੀ, ਜਦੋਂ ਸੁਪਰੀਮ ਕੋਰਟ ਵੱਲੋਂ ਇਲੈਕਟੋਰਲ ਬਾਂਡ ਸਕੀਮ ਰੱਦ ਕੀਤੇ ਜਾਣ ਤੋਂ ਬਾਅਦ ਚੰਦਾ ਇਕੱਠਾ ਕੀਤਾ ਗਿਆ। ਇਸ ਦੇ ਬਾਵਜੂਦ ਭਾਜਪਾ ਨੂੰ ਮਿਲਣ ਵਾਲੇ ਦਾਨ ਵਿੱਚ 54 ਫ਼ੀਸਦੀ ਦਾ ਵਾਧਾ ਦਰਜ ਕੀਤਾ ਗਿਆ। ਚੋਣ ਕਮਿਸ਼ਨ ਦੀ ਰਿਪੋਰਟ ਮੁਤਾਬਕ ਪਾਰਟੀ ਨੂੰ ਮਿਲਣ ਵਾਲੇ ਕੁੱਲ ਚੰਦਿਆਂ ਵਿੱਚੋਂ 61 ਫ਼ੀਸਦੀ ਹਿੱਸਾ ਇਲੈਕਟੋਰਲ ਟਰਸਟਾਂ ਰਾਹੀਂ ਆਇਆ।

**ਭਾਰੀ ਨਕਦੀ ਭੰਡਾਰ:** 31 ਮਾਰਚ 2025 ਨੂੰ ਖ਼ਤਮ ਹੋਏ ਵਿੱਤੀ ਵਰ੍ਹੇ ਦੇ ਅੰਤ 'ਤੇ ਭਾਜਪਾ ਕੋਲ 12,164.14 ਕਰੋੜ ਰੁਪਏ ਦਾ ਕਲੋਜ਼ਿੰਗ ਬੈਲੈਂਸ ਸੀ। ਇਸ ਵਿੱਚੋਂ 9,996.12 ਕਰੋੜ ਰੁਪਏ ਨਕਦ ਜਾਂ ਨਕਦ ਦੇ ਬਰਾਬਰ ਦੀ ਰਕਮ ਸੀ। ਇਹ ਪਿਛਲੇ ਸਾਲ ਦੇ 7,113.90 ਕਰੋੜ ਰੁਪਏ ਨਾਲੋਂ ਕਾਫ਼ੀ ਜ਼ਿਆਦਾ ਹੈ।

**ਲੋਕਤੰਤਰ ਲਈ ਚਿੰਤਾ:** ਇਹ ਸਾਰੇ ਅੰਕੜੇ ਸਿਰਫ਼ ਇੱਕ ਪਾਰਟੀ ਦੀ ਵਿੱਤੀ ਤਾਕਤ ਨਹੀਂ ਦੱਸਦੇ, ਸਗੋਂ ਇਹ ਵੀ ਦਿਖਾਉਂਦੇ ਹਨ ਕਿ ਭਾਰਤੀ ਚੋਣ ਪ੍ਰਣਾਲੀ ਕਿੰਨੀ ਮਹਿੰਗੀ ਹੋ ਚੁੱਕੀ ਹੈ। ਜਦੋਂ ਚੋਣਾਂ ਵਿੱਚ ਪੈਸਾ ਹਾਵੀ ਹੋ ਜਾਂਦਾ ਹੈ ਤਾਂ ਆਮ ਉਮੀਦਵਾਰਾਂ ਅਤੇ ਛੋਟੀਆਂ ਪਾਰਟੀਆਂ ਲਈ ਮੁਕਾਬਲਾ ਕਰਨਾ ਔਖਾ ਹੋ ਜਾਂਦਾ ਹੈ।

ਲੋਕਤੰਤਰ ਦੀ ਮਜ਼ਬੂਤੀ ਲਈ ਜ਼ਰੂਰੀ ਹੈ ਕਿ ਚੋਣ ਖ਼ਰਚ 'ਤੇ ਸਖ਼ਤ ਨਿਗਰਾਨੀ ਹੋਵੇ, ਚੰਦੇ ਦੀ ਪੂਰੀ ਪਾਰਦਰਸ਼ਤਾ ਯਕੀਨੀ ਬਣਾਈ ਜਾਵੇ ਅਤੇ ਪੈਸੇ ਦੀ ਤਾਕਤ ਨੂੰ ਲੋਕਾਂ ਦੀ ਤਾਕਤ 'ਤੇ ਹਾਵੀ ਨਾ ਹੋਣ ਦਿੱਤਾ ਜਾਵੇ। ਨਹੀਂ ਤਾਂ ਚੋਣਾਂ ਲੋਕਾਂ ਦੀ ਆਵਾਜ਼ ਦੀ ਥਾਂ ਪੈਸੇ ਦੀ ਗੂੰਜ ਬਣ ਕੇ ਰਹਿ ਜਾਣਗੀਆਂ।

### ਚੋਣ ਖ਼ਰਚ ਤੇ ਕਾਨੂੰਨੀ ਹੱਦਾਂ ਦਾ ਸਵਾਲ

ਭਾਰਤ ਵਿੱਚ ਚੋਣ ਕਾਨੂੰਨਾਂ ਅਨੁਸਾਰ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਵਿੱਚ ਉਮੀਦਵਾਰਾਂ ਲਈ ਖ਼ਰਚ ਦੀ ਇੱਕ ਨਿਰਧਾਰਤ ਹੱਦ ਤੈਅ ਕੀਤੀ ਜਾਂਦੀ ਹੈ। 2024 ਦੀਆਂ ਲੋਕ ਸਭਾ ਚੋਣਾਂ ਦੌਰਾਨ ਇੱਕ ਉਮੀਦਵਾਰ ਲਈ ਇਹ ਹੱਦ ਕਰੀਬ 95 ਲੱਖ ਰੁਪਏ ਸੀ, ਪਰ ਇਹ ਹੱਦ ਸਿਰਫ਼ ਉਮੀਦਵਾਰਾਂ 'ਤੇ ਲਾਗੂ ਹੁੰਦੀ ਹੈ, ਸਿਆਸੀ ਪਾਰਟੀਆਂ 'ਤੇ ਨਹੀਂ। ਇਸ ਕਾਰਨ ਪਾਰਟੀਆਂ ਆਪਣੇ ਪੱਧਰ 'ਤੇ ਇਸ਼ਤਿਹਾਰ, ਰੈਲੀਆਂ, ਯਾਤਰਾ ਅਤੇ ਮੀਡੀਆ ਪ੍ਰਚਾਰ 'ਤੇ ਅਸੀਮਿਤ ਰਕਮ ਖ਼ਰਚ ਕਰ ਸਕਦੀਆਂ ਹਨ।

ਇਹ ਚੋਰ ਮੋਰੀ (ਲੂਪਹੋਲ) ਚੋਣਾਂ ਵਿੱਚ ਬਰਾਬਰੀ ਦੇ ਅਸੂਲ 'ਤੇ ਸਵਾਲ ਖੜੇ ਕਰਦਾ ਹੈ। ਜਦੋਂ ਇੱਕ ਪਾਰਟੀ ਹਜ਼ਾਰਾਂ ਕਰੋੜ ਰੁਪਏ ਖ਼ਰਚ ਕਰ ਸਕਦੀ ਹੈ ਅਤੇ ਦੂਜੀ ਪਾਰਟੀ ਸੈਂਕੜਿਆਂ ਕਰੋੜਾਂ ਤੱਕ ਸੀਮਿਤ ਰਹਿੰਦੀ ਹੈ ਤਾਂ ਮੁਕਾਬਲਾ ਆਪਣੇ ਆਪ ਵਿੱਚ ਹੀ ਵੱਡੇ ਫਰਕ ਵਾਲਾ ਹੋ ਜਾਂਦਾ ਹੈ। ਇਸ ਦਾ ਸਿੱਧਾ ਅਸਰ ਵੋਟਰਾਂ ਤੱਕ ਪਹੁੰਚ, ਮੀਡੀਆ 'ਚ ਦਿੱਖ ਅਤੇ ਰਾਜਨੀਤਿਕ ਪ੍ਰਭਾਵ 'ਤੇ ਪੈਂਦਾ ਹੈ। ਚੋਣ ਸੁਧਾਰਾਂ ਨਾਲ ਜੁੜੇ ਕਈ ਮਾਹਿਰ ਲਗਾਤਾਰ ਇਹ ਮੰਗ ਕਰ ਰਹੇ ਹਨ ਕਿ ਸਿਆਸੀ ਪਾਰਟੀਆਂ ਲਈ ਵੀ ਚੋਣ ਖ਼ਰਚ ਦੀ ਹੱਦ ਨਿਰਧਾਰਤ ਕੀਤੀ ਜਾਵੇ। ਇਸ ਨਾਲ ਨਾ ਸਿਰਫ਼ ਪੈਸੇ ਦੀ ਬੇਹਿਸਾਬ ਦੌੜ 'ਤੇ ਰੋਕ ਲੱਗੇਗੀ, ਸਗੋਂ ਲੋਕਤੰਤਰ ਵਿੱਚ ਨਿਆਂਸੰਗਤ ਮੁਕਾਬਲੇ ਨੂੰ ਵੀ ਬਲ ਮਿਲੇਗਾ।

ਇਸ ਦੇ ਨਾਲ ਹੀ, ਚੰਦੇ ਦੀ ਪਾਰਦਰਸ਼ਤਾ ਵੀ ਇੱਕ ਵੱਡਾ ਮਸਲਾ ਹੈ। ਇਲੈਕਟੋਰਲ ਟਰਸਟਾਂ ਅਤੇ ਹੋਰ ਮਾਧਿਅਮਾਂ ਰਾਹੀਂ ਆਉਣ ਵਾਲੇ ਚੰਦੇ ਬਾਰੇ ਪੂਰੀ ਜਾਣਕਾਰੀ ਆਮ ਲੋਕਾਂ ਤੱਕ ਨਹੀਂ ਪਹੁੰਚਦੀ। ਜਦੋਂ ਵੋਟਰ ਨੂੰ ਇਹ ਪਤਾ ਨਹੀਂ ਹੁੰਦਾ ਕਿ ਪਾਰਟੀ ਨੂੰ ਪੈਸਾ ਕੌਣ ਦੇ ਰਿਹਾ ਹੈ, ਤਾਂ ਨੀਤੀਆਂ ਦੇ ਪਿੱਛੇ ਦੇ ਹਿੱਤ ਵੀ ਧੁੰਦਲੇ ਰਹਿ ਜਾਂਦੇ ਹਨ। ਇਸ ਲਈ ਚੋਣ ਖ਼ਰਚ ਤੇ ਚੰਦੇ- ਦੋਵਾਂ 'ਤੇ ਸਖ਼ਤ ਨਿਗਰਾਨੀ ਅਤੇ ਵਧੇਰੇ ਪਾਰਦਰਸ਼ਤਾ ਹੀ ਭਾਰਤੀ ਲੋਕਤੰਤਰ ਨੂੰ ਮਜ਼ਬੂਤ ਬਣਾਉਣ ਦਾ ਰਾਹ ਹੈ।

# ਮਾਰਕ ਟੱਲੀ: ਖ਼ਾਮੋਸ਼ ਹੋ ਗਈ ਭਾਰਤ ਦੀ ਨਬਜ਼ ਟਟੋਲਣ ਵਾਲੀ ਆਵਾਜ਼

ਆਸ਼ੁਤੋਸ਼ ਕੁਮਾਰ ਠਾਕੁਰ*

ਕੁਝ ਪੱਤਰਕਾਰ ਘਟਨਾਵਾਂ ਦਰਜ ਕਰਦੇ ਹਨ, ਪਰ ਕੁਝ ਐਸੇ ਵੀ ਹੁੰਦੇ ਹਨ ਜੋ ਪੂਰੀਆਂ ਪੀੜ੍ਹੀਆਂ ਨੂੰ ਘੜਦੇ ਹਨ। ਮਾਰਕ ਟੱਲੀ ਨਿਸ਼ਚਤ ਤੌਰ 'ਤੇ ਦੂਜੇ ਕਿਸਮ ਦੇ ਪੱਤਰਕਾਰ ਸਨ। ਜਦੋਂ ਇਹ ਖ਼ਬਰ ਆਈ ਕਿ ਦਿੱਲੀ ਵਿੱਚ 90 ਸਾਲ ਦੀ ਉਮਰ ਵਿੱਚ ਸਰ ਮਾਰਕ ਟੱਲੀ ਨਹੀਂ ਰਹੇ, ਤਾਂ ਇਹ ਸਿਰਫ਼ ਇੱਕ ਵਿਅਕਤੀ ਦੇ ਚਲੇ ਜਾਣ ਦੀ ਖ਼ਬਰ ਨਹੀਂ ਸੀ, ਸਗੋਂ ਇੱਕ ਆਵਾਜ਼ ਦੇ ਬੁੱਝ ਜਾਣ ਵਰਗਾ ਅਹਿਸਾਸ ਸੀ।

ਉਹ ਗੰਭੀਰ, ਠਹਿਰੀ ਹੋਈ, ਹੌਲੀ-ਹੌਲੀ ਟਟੋਲਦੀ ਆਵਾਜ਼-ਜੋ ਕਦੇ ਬੀ.ਬੀ.ਸੀ. ਹਿੰਦੀ ਸੇਵਾ ਤੋਂ ਉੱਭਰਦੀ ਸੀ-ਅਣਗਿਣਤ ਭਾਰਤੀ ਘਰਾਂ ਤੱਕ ਪਹੁੰਚਦੀ ਸੀ। ਮੇਰੇ ਘਰ ਤੱਕ ਵੀ। ਜਿਨ੍ਹਾਂ ਲੋਕਾਂ ਨੇ ਟ੍ਰਾਂਜ਼ਿਸਟਰ 'ਤੇ ਰਾਜਨੀਤੀ ਨੂੰ ਸਮਝਿਆ, ਉਨ੍ਹਾਂ ਲਈ ਮਾਰਕ ਟੱਲੀ ਸਿਰਫ਼ ਰਿਪੋਰਟਰ ਨਹੀਂ ਸਨ, ਸਗੋਂ ਉਲਝਣਾਂ ਵਿੱਚ ਸਾਥ ਦੇਣ ਵਾਲੇ ਅਤੇ ਦਿਸ਼ਾ ਦਿਖਾਉਣ ਵਾਲੇ ਸਨ। ਉਨ੍ਹਾਂ ਦੀ ਮੌਤ ਪੱਤਰਕਾਰਤਾ ਦੇ ਇੱਕ ਖਾਸ ਲਹਿਜ਼ੇ ਦੇ ਅੰਤ ਵਰਗੀ ਲੱਗਦੀ ਹੈ-ਸਿਰਫ਼ ਬ੍ਰਿਟਿਸ਼ ਨਹੀਂ, ਸਗੋਂ ਨੈਤਿਕ ਲਹਿਜ਼ੇ ਦੇ ਅੰਤ ਵਾਂਗ।

### ਆਵਾਜ਼ ਦੇ ਸਹਾਰੇ ਦੇਸ਼ ਨੂੰ ਸਮਝਣਾ

ਮੈਂ ਉਨ੍ਹਾਂ ਨੂੰ ਪਹਿਲੀ ਵਾਰ ਅਖ਼ਬਾਰ ਵਿੱਚ ਨਹੀਂ, ਆਵਾਜ਼ ਵਿੱਚ ਜਾਣਿਆ। ਇਹ ਇੱਕ ਰਸਮ ਵਰਗਾ ਹੁੰਦਾ ਸੀ। ਸ਼ਾਮ ਢਲ ਰਹੀ ਹੁੰਦੀ। ਰੇਡੀਓ ਠੀਕ ਤਰ੍ਹਾਂ ਟਿਊਨ ਕੀਤਾ ਜਾਂਦਾ। ਪਹਿਚਾਣ ਦੀ ਧੁਨ ਅਤੇ ਫਿਰ ਉਹ ਆਵਾਜ਼-ਸ਼ਾਂਤ, ਹੌਲੀ ਜਿਹੀ ਵਿਦੇਸ਼ੀ, ਪਰ ਫਿਰ ਵੀ ਬਿਲਕੁਲ ਆਪਣੀ। ਉਹ ਦਿਨ ਸਨ ਜਦੋਂ "ਬ੍ਰੇਕਿੰਗ ਨਿਊਜ਼" ਦਾ ਡਰ ਨਹੀਂ ਸੀ ਅਤੇ ਟੀ.ਵੀ. ਚਰਚਾਵਾਂ ਤਮਾਸ਼ਾ ਨਹੀਂ ਬਣੀਆਂ ਸਨ। ਖ਼ਬਰ ਇੱਕ ਕਹਾਣੀ ਵਾਂਗ ਆਉਂਦੀ ਸੀ। ਮਾਰਕ ਟੱਲੀ ਦੀਆਂ ਰਿਪੋਰਟਾਂ ਦਰਸ਼ਕ 'ਤੇ ਹਮਲਾ ਨਹੀਂ ਕਰਦੀਆਂ ਸਨ। ਉਹ ਨਤੀਜਿਆਂ ਤੋਂ ਸ਼ੁਰੂ ਨਹੀਂ ਕਰਦੇ ਸਨ, ਉਹ ਲੋਕਾਂ ਤੋਂ ਸ਼ੁਰੂ ਕਰਦੇ ਸਨ।



*ਜਿਸ ਪੀੜ੍ਹੀ ਨੇ ਟ੍ਰਾਂਜ਼ਿਸਟਰ ਰੇਡੀਓ ਰਾਹੀਂ ਰਾਜਨੀਤੀ ਨੂੰ ਸਮਝਣਾ ਸਿੱਖਿਆ, ਉਸ ਲਈ ਮਾਰਕ ਟੱਲੀ ਸਿਰਫ਼ ਇੱਕ ਪੱਤਰਕਾਰ ਨਹੀਂ ਸਨ। ਉਹ ਉਲਝਣਾਂ ਸੁਲਝਾਉਣ ਵਾਲੇ ਸਾਥੀ ਸਨ-ਇੱਕ ਐਸੇ ਦੇਸ਼ ਲਈ ਰਾਹ ਦਿਖਾਉਣ ਵਾਲੀ ਆਵਾਜ਼, ਜੋ ਆਪਣੇ ਆਪ ਨੂੰ ਸਮਝਣ ਦੀ ਕੋਸ਼ਿਸ਼ ਕਰ ਰਿਹਾ ਸੀ।*

ਅੱਜ ਜਦੋਂ ਮੀਡੀਆ ਫ਼ੈਸਲਿਆਂ ਦਾ ਭੁੱਖਾ ਹੈ, ਉਨ੍ਹਾਂ ਨੇ ਵਰਣਨ ਦੀ ਸਾਧਨਾ ਕੀਤੀ। ਘਟਨਾਵਾਂ ਨੂੰ ਹੌਲੀ-ਹੌਲੀ ਭਾਸ਼ਾ ਵਿੱਚ ਖੁੱਲਣ ਦਿੱਤਾ ਅਤੇ ਸੁਣਨ ਵਾਲੇ 'ਤੇ ਭਰੋਸਾ ਕੀਤਾ ਕਿ ਉਹ ਖ਼ੁਦ ਅਰਥ ਤੱਕ ਪਹੁੰਚ ਜਾਵੇਗਾ। ਇਹੀ ਉਨ੍ਹਾਂ ਦਾ ਪਹਿਲਾ ਪਾਠ ਸੀ-ਪੱਤਰਕਾਰਤਾ ਮਨਵਾਉਣ ਦੀ ਕਲਾ ਨਹੀਂ, ਧਿਆਨ ਦੀ ਪ੍ਰਕਿਰਿਆ ਹੈ।

### ਘੱਟ ਵਿਦੇਸ਼ੀ, ਵੱਧ ਮਨੁੱਖ

1935 ਵਿੱਚ ਕੋਲਕਾਤਾ ਵਿੱਚ ਜਨਮੇ ਮਾਰਕ ਟੱਲੀ ਨੇ ਕੁਝ ਪੜ੍ਹਾਈ ਭਾਰਤ ਵਿੱਚ ਕੀਤੀ ਅਤੇ ਫਿਰ ਇੰਗਲੈਂਡ ਵਿੱਚ। ਉਹ ਆਪਣੇ ਨਾਲ ਬਸਤੀਵਾਦੀ ਬਚਪਨ ਦੀ ਜਟਿਲ ਵਿਰਾਸਤ ਅਤੇ ਉੱਤਰ-ਬਸਤੀਵਾਦ ਜਿਗਿਆਸਾ ਲੈ ਕੇ ਆਏ। ਸੱਠ ਦੇ ਦਹਾਕੇ ਵਿੱਚ ਨੌਜਵਾਨ ਪੱਤਰਕਾਰ ਬਣ ਕੇ ਭਾਰਤ ਵਾਪਸ ਆਏ ਅਤੇ ਇੱਥੇ ਹੀ ਰਹਿ ਗਏ-ਅਸਥਾਈ ਮਹਿਮਾਨ ਵਾਂਗ ਨਹੀਂ, ਸਗੋਂ ਇੱਕ ਐਸੇ ਗਵਾਹ ਵਾਂਗ ਜੋ ਦੇਸ਼ ਦੇ ਨਾਲ-ਨਾਲ ਚੱਲਦਾ ਹੈ।

ਤਿੰਨ ਦਹਾਕਿਆਂ ਤੱਕ ਦਿੱਲੀ ਵਿੱਚ ਅਤੇ ਵੀਹ ਤੋਂ ਵੱਧ ਸਾਲ ਬੀ.ਬੀ.ਸੀ. ਦੇ ਬਿਊਰੋ ਚੀਫ਼ ਵਜੋਂ ਉਨ੍ਹਾਂ ਨੇ ਉਹ ਕੀਤਾ ਜੋ ਬਹੁਤ ਘੱਟ ਵਿਦੇਸ਼ੀ ਪੱਤਰਕਾਰ ਕਰ ਸਕੇ। ਉਨ੍ਹਾਂ ਨੇ "ਵਿਦੇਸ਼ੀ" ਬਣੇ ਰਹਿਣ ਤੋਂ ਇਨਕਾਰ ਕਰ ਦਿੱਤਾ। ਇਹ ਇਨਕਾਰ ਵਿਚਾਰਧਾਰਕ ਨਹੀਂ, ਸਗੋਂ ਨੈਤਿਕ ਸੀ। ਉਨ੍ਹਾਂ ਨੇ ਹਿੰਦੀ ਸਿੱਖੀ-ਸਿਰਫ਼ ਇੰਟਰਵਿਊ ਕਰਨ ਲਈ ਨਹੀਂ, ਸਗੋਂ ਖ਼ਾਮੋਸ਼ੀਆਂ ਵਿੱਚ ਰਹਿਣ ਲਈ। ਮਹਾਨਗਰਾਂ ਤੋਂ ਬਾਹਰ ਗਏ। ਕਸਬਿਆਂ, ਪਿੰਡਾਂ, ਥਾਣਿਆਂ ਅਤੇ ਅਦਾਲਤਾਂ ਦੇ ਕਮਰਿਆਂ ਤੱਕ ਪਹੁੰਚੇ। ਉਹ ਸੁਣਦੇ ਰਹੇ, ਉਡੀਕ ਕਰਦੇ ਰਹੇ ਅਤੇ ਹੌਲੀ-ਹੌਲੀ ਲਿਖਦੇ ਰਹੇ। "ਗ੍ਰਾਊਂਡ ਰਿਪੋਰਟਿੰਗ" ਨਾਅਰਾ ਬਣਨ ਤੋਂ ਕਈ ਸਾਲ ਪਹਿਲਾਂ, ਮਾਰਕ ਟੱਲੀ ਇਸਨੂੰ ਨੈਤਿਕ ਜੀਵਨ-ਸ਼ੈਲੀ ਵਾਂਗ ਜੀ ਰਹੇ ਸਨ।

### ਬੀ.ਬੀ.ਸੀ. ਦੇ ਸਾਲ ਅਤੇ ਸੰਜਮ ਦੀ ਕਲਾ

ਬੀ.ਬੀ.ਸੀ. ਵਿੱਚ ਉਨ੍ਹਾਂ ਦੇ ਸਾਲ ਆਧੁਨਿਕ ਭਾਰਤ ਦੇ ਨਿਰਣਾਇਕ ਦਹਾਕਿਆਂ ਨਾਲ ਜੁੜੇ ਰਹੇ-1971 ਦੀ ਜੰਗ, ਐਮਰਜੈਂਸੀ, ਭੋਪਾਲ ਗੈਸ ਕਾਂਡ, ਆਪ੍ਰੇਸ਼ਨ ਬਲੂ ਸਟਾਰ, ਇੰਦਰਾ ਅਤੇ ਰਾਜੀਵ ਗਾਂਧੀ ਦੀ ਹੱਤਿਆ, ਬਾਬਰੀ ਮਸਜਿਦ ਦਾ ਢਾਹਿਆ ਜਾਣਾ ਅਤੇ ਉਸ ਤੋਂ ਬਾਅਦ ਦੀ ਫ਼ਿਰਕੂ ਹਿੰਸਾ। ਪਰ ਉਨ੍ਹਾਂ ਦੀ ਪੱਤਰਕਾਰਤਾ ਨੂੰ ਖਾਸ ਬਣਾਉਂਦਾ ਸੀ ਉਨ੍ਹਾਂ ਦਾ ਸੁਭਾਅ। ਉਹ ਸੌਖੀਆਂ ਨੈਤਿਕਤਾਵਾਂ 'ਤੇ ਭਰੋਸਾ ਨਹੀਂ ਕਰਦੇ ਸਨ। ਵੱਡੇ ਸਿਧਾਂਤਾਂ ਦੇ ਲਾਲਚ ਤੋਂ ਬਚਦੇ ਸਨ। ਜਿੱਥੇ ਹੋਰ ਲੋਕ ਹੀਰੋ ਅਤੇ ਖ਼ਲਨਾਇਕ ਲੱਭਦੇ ਸਨ, ਉੱਥੇ ਉਹ ਢਾਂਚੇ, ਆਦਤਾਂ, ਇਤਿਹਾਸ ਅਤੇ ਆਮ ਜ਼ਿੰਦਗੀ 'ਤੇ ਸੱਤਾ ਦੇ ਹੌਲੇ ਪ੍ਰਭਾਵ ਨੂੰ ਸਮਝਦੇ ਸਨ। ਉਹ ਉਸ ਪੀੜ੍ਹੀ ਦੇ ਸਨ, ਜਿਸ ਲਈ ਪੱਤਰਕਾਰ ਦਾ ਪਹਿਲਾ ਫਰਜ਼ ਦਿਲਚਸਪ ਹੋਣਾ ਨਹੀਂ, ਸਹੀ ਹੋਣਾ ਸੀ।

### ਸ਼ੱਕ ਸਿਖਾਉਣ ਵਾਲਾ ਅਧਿਆਪਕ

ਉਨ੍ਹਾਂ ਨੂੰ ਸੁਣਦੇ ਹੋਏ ਮੈਂ ਉਹ ਸਿੱਖਿਆ ਜੋ ਕੋਈ ਸਿਲੇਬਸ ਨਹੀਂ ਸਿਖਾ ਸਕਦਾ। ਉਹ ਕਦੇ ਆਵਾਜ਼ ਉੱਚੀ ਨਹੀਂ ਕਰਦੇ ਸਨ। ਸਰਲੀਕਰਨ ਤੋਂ ਬਚਦੇ ਸਨ। ਵਿਰੋਧਾਂ ਨੂੰ ਜੀਉਂਦਾ ਰਹਿਣ ਦਿੰਦੇ ਸਨ। ਰਾਵਾਂ ਦੀ ਆਦਤ ਵਾਲੇ ਇਸ ਯੁੱਗ ਵਿੱਚ ਉਨ੍ਹਾਂ ਨੇ ਵਰਣਨ ਦੀ ਸਾਧਨਾ ਕੀਤੀ। ਉਨ੍ਹਾਂ ਵਿੱਚ ਪੁਰਾਣੀ ਉਦਾਰ ਸੋਚ ਦੀ ਛਾਂ ਸੀ-ਸੱਤਾ ਤੋਂ ਸਾਵਧਾਨ, ਨਾਅਰਿਆਂ ਤੋਂ ਸੰਕੋਚੀ ਅਤੇ ਉਤਸ਼ਾਹ ਤੋਂ ਦੂਰ। ਨਾਲ ਹੀ ਡੂੰਘੀ ਕਰੁਣਾ ਵੀ ਸੀ। ਸ਼ਾਇਦ ਦੋ ਸੱਭਿਆਚਾਰਾਂ ਦੇ ਵਿਚਕਾਰ ਰਹਿਣ ਵਾਲੇ ਮਨੁੱਖ ਦੀ।

### ਅੰਤ ਨਹੀਂ, ਇੱਕ ਮਿਆਰ

ਮੇਰੇ ਲਈ ਮਾਰਕ ਟੱਲੀ ਦੀ ਸਭ ਤੋਂ ਵੱਡੀ ਵਿਰਾਸਤ ਕੋਈ ਇੱਕ ਰਿਪੋਰਟ ਨਹੀਂ, ਸਗੋਂ ਇੱਕ ਆਦਤ ਹੈ-ਸੁਣਨ ਦੀ ਆਦਤ, ਦੇਖਣ ਦੀ ਆਦਤ ਅਤੇ ਨਤੀਜੇ ਤੋਂ ਪਹਿਲਾਂ ਠਹਿਰਨ ਦੀ ਆਦਤ। ਅੱਜ ਜਦੋਂ ਪੱਤਰਕਾਰਤਾ ਅਕਸਰ ਅਦਾਕਾਰੀ ਬਣ ਰਹੀ ਹੈ, ਮਾਰਕ ਟੱਲੀ ਯਾਦ ਦਿਵਾਉਂਦੇ ਹਨ ਕਿ ਇਹ ਕਦੇ ਲੋਕ ਸੇਵਾ ਸੀ। ਮਾਰਕ ਟੱਲੀ ਚਲੇ ਗਏ ਹਨ, ਪਰ ਧੀਰਜ, ਕਰੁਣਾ ਅਤੇ ਧਿਆਨ ਦੀ ਜੋ ਪ੍ਰਣਾਲੀ ਉਹ ਛੱਡ ਗਏ ਹਨ, ਉਹ ਅੱਜ ਵੀ ਸਾਡੇ ਸਭ ਲਈ ਇੱਕ ਕਸੌਟੀ ਹੈ। ਸ਼ਾਇਦ ਇਹੀ ਉਨ੍ਹਾਂ ਲਈ ਸਭ ਤੋਂ ਸੱਚੀ ਸ਼ਰਧਾਂਜਲੀ ਹੈ-ਉਪਲਬਧੀਆਂ ਦੀ ਸੂਚੀ ਨਹੀਂ, ਸਗੋਂ ਸੁਣਨ ਦੀ ਯਾਦ।

*(*ਲੇਖਕ ਇੱਕ ਮੈਨੇਜਮੈਂਟ ਪ੍ਰੋਫੈਸ਼ਨਲ ਹਨ ਅਤੇ ਸਾਹਿਤ ਤੇ ਕਲਾ ਬਾਰੇ ਲਗਾਤਾਰ ਲਿਖਦੇ ਹਨ।)*

# ਸੰਸਾਰ ਭਰ 'ਚ ਮੈਡੀਕਲ ਮਾਫ਼ੀਆ ਦਾ ਮਕੜ-ਜਾਲ

## *ਦਵਾਈ ਮਨੁੱਖ ਲਈ ਹੈ ਜਾਂ ਮਨੁੱਖ ਦਵਾਈ ਲਈ?

ਸੁਸ਼ੀਲ ਦੁਸਾਂਝ





ਅੱਜ ਦਾ ਸੰਸਾਰ ਦਵਾਈਆਂ ਅਤੇ ਹਸਪਤਾਲਾਂ ਤੋਂ ਬਿਨਾ ਸੋਚਿਆ ਨਹੀਂ ਜਾ ਸਕਦਾ; ਪਰ ਇਸੇ ਸਿਹਤ ਪ੍ਰਣਾਲੀ ਦੇ ਅੰਦਰ ਇੱਕ ਅਜਿਹਾ ਜਾਲ ਵੀ ਤਿਆਰ ਹੋ ਚੁੱਕਾ ਹੈ, ਜਿਸਨੂੰ ਆਮ ਲੋਕ "ਦਵਾਈ ਮਾਫ਼ੀਆ" ਜਾਂ "ਮੈਡੀਕਲ ਮਾਫ਼ੀਆ" ਕਹਿੰਦੇ ਹਨ। ਇਹ ਕੋਈ ਇੱਕ ਕੰਪਨੀ ਜਾਂ ਇੱਕ ਦੇਸ਼ ਦੀ ਗੱਲ ਨਹੀਂ, ਸਗੋਂ ਸੰਸਾਰ ਭਰ ਵਿੱਚ ਫੈਲੀ ਉਸ ਪ੍ਰਣਾਲੀ ਦੀ ਗੱਲ ਹੈ, ਜਿੱਥੇ ਬਿਮਾਰੀ ਇਲਾਜ ਨਹੀਂ, ਸਗੋਂ ਵਪਾਰ ਬਣ ਜਾਂਦੀ ਹੈ।

ਵੱਡੀਆਂ ਦੇਸੀ ਤੇ ਵਿਦੇਸ਼ੀ ਦਵਾਈ ਕੰਪਨੀਆਂ ਉਹ ਧਿਰਾਂ ਹਨ, ਜਿਨ੍ਹਾਂ ਕੋਲ ਲੋਹੇ ਨੂੰ ਵੀ ਸੋਨਾ ਕਹਿ ਕੇ ਵੇਚਣ ਦੀ ਕਲਾ ਹੈ। ਇਹ ਲੋਕ ਦਵਾਈਆਂ ਨਹੀਂ, ਸੁਪਨੇ ਵੇਚਦੇ ਹਨ-ਲੰਬੀ ਉਮਰ ਦੇ, ਦਰਦ ਰਹਿਤ ਜ਼ਿੰਦਗੀ ਦੇ ਅਤੇ ਡਰ ਤੋਂ ਮੁਕਤੀ ਦੇ; ਪਰ ਅਕਸਰ ਇਹ ਸੁਪਨੇ ਆਮ ਬੰਦੇ ਦੇ ਖੂਨ ਦਾ ਆਖਰੀ ਕਤਰਾ ਤੱਕ ਨਿਚੋੜ ਲੈਂਦੇ ਹਨ।

### ਬਿਮਾਰੀ ਦਾ ਵਪਾਰ

ਆਧੁਨਿਕ ਦਵਾਈ ਉਦਯੋਗ ਵਿੱਚ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਇਲਾਜ ਦੀ ਥਾਂ ਬਿਮਾਰੀ ਨੂੰ ਲੰਮਾ ਚਲਾਇਆ ਜਾਂਦਾ ਹੈ। ਸ਼ੂਗਰ, ਬਲੱਡ ਪ੍ਰੈਸ਼ਰ, ਦਿਲ ਦੀਆਂ ਬਿਮਾਰੀਆਂ, ਡਿਪ੍ਰੈਸ਼ਨ- ਇਹ ਸਾਰੀਆਂ ਬਿਮਾਰੀਆਂ ਅਜਿਹੀਆਂ ਬਣ ਗਈਆਂ ਹਨ, ਜਿਨ੍ਹਾਂ ਦਾ "ਪੱਕਾ ਇਲਾਜ" ਨਹੀਂ, ਸਗੋਂ "ਲਾਈਫਟਾਈਮ ਦਵਾਈ" ਹੈ।

ਇਹ ਸਵਾਲ ਅਕਸਰ ਉੱਠਦਾ ਹੈ ਕਿ ਜੇ ਵਿਗਿਆਨ ਚੰਦ 'ਤੇ ਪਹੁੰਚ ਸਕਦਾ ਹੈ, ਤਾਂ ਕੀ ਦਹਾਕਿਆਂ ਤੋਂ ਚੱਲ ਰਹੀਆਂ ਬਿਮਾਰੀਆਂ ਦਾ ਇਲਾਜ ਅਸੰਭਵ ਹੈ? ਜਾਂ ਫਿਰ ਇਲਾਜ ਲੱਭਣਾ ਹੀ ਮੈਡੀਕਲ ਮਾਫ਼ੀਆ ਦੇ ਮਨਸੂਬਿਆਂ ਦੇ ਖਿਲਾਫ਼ ਜਾਂਦਾ ਹੈ?

### ਦਵਾਈਆਂ ਦੀ ਕੀਮਤ: ਅਸਲ ਲਾਗਤ ਅਤੇ ਲੁਕੀ ਕੀਮਤ

ਆਮ ਬੰਦੇ ਨੂੰ ਅਕਸਰ ਇਹ ਪਤਾ ਹੀ ਨਹੀਂ ਹੁੰਦਾ ਕਿ ਉਹ ਜਿਹੜੀ ਦਵਾਈ ਖਰੀਦ ਰਿਹਾ ਹੈ, ਉਸ ਦੀ ਅਸਲ ਲਾਗਤ ਕੀ ਹੈ। ਕਈ ਦਵਾਈਆਂ ਦੀ ਤਿਆਰੀ ਲਾਗਤ 1-2 ਰੁਪਏ ਹੁੰਦੀ ਹੈ, ਪਰ ਉਸੇ ਦਵਾਈ ਦਾ ਪੈਕਟ 40-50 ਰੁਪਏ ਜਾਂ ਉਸ ਤੋਂ ਵੀ ਵੱਧ ਭਾਅ 'ਤੇ ਵੇਚਿਆ ਜਾਂਦਾ ਹੈ।

ਇਸ ਵੱਡੇ ਅੰਤਰ ਦੀ ਨਾ ਤਾਂ ਮਰੀਜ਼ ਨੂੰ ਸਹੀ ਜਾਣਕਾਰੀ ਮਿਲਦੀ ਹੈ ਅਤੇ ਨਾ ਹੀ ਸਰਕਾਰ ਵੱਲੋਂ ਪੂਰੀ ਪਾਰਦਰਸ਼ਤਾ ਦਿਖਾਈ ਜਾਂਦੀ ਹੈ। ਕਈ ਮੌਕਿਆਂ 'ਤੇ ਡਾਕਟਰ, ਦਵਾਈ ਕੰਪਨੀ ਅਤੇ ਮੈਡੀਕਲ ਸਟੋਰ ਇੱਕੋ ਲੜੀ ਦੀ ਕੜੀ ਬਣ ਜਾਂਦੇ ਹਨ, ਜਿਸਦਾ ਸਾਰਾ ਭਾਰ ਆਖਿਰਕਾਰ ਆਮ ਮਰੀਜ਼ ਨੂੰ ਝੱਲਣਾ ਪੈਂਦਾ ਹੈ।

### ਕੋਵਿਡ ਮਹਾਮਾਰੀ ਦੌਰਾਨ ਡਰ, ਦਵਾਈ ਅਤੇ ਦਬਾਅ

ਕੋਵਿਡ-19 ਮਹਾਮਾਰੀ ਨੇ ਤਾਂ ਇਸ ਪੂਰੇ ਸਿਸਟਮ ਨੂੰ ਬੇਨਕਾਬ ਕਰ ਦਿੱਤਾ। ਡਰ ਦਾ ਮਾਹੌਲ, ਲਾਕਡਾਊਨ, ਹਸਪਤਾਲਾਂ ਦੀ ਕਮੀ ਅਤੇ ਮੌਤਾਂ ਦੇ ਅੰਕੜਿਆਂ ਨੇ ਲੋਕਾਂ ਨੂੰ ਮਨੋਵਿਗਿਆਨਕ ਤੌਰ 'ਤੇ ਬੰਧਕ ਬਣਾ ਲਿਆ।

ਇਸੇ ਡਰ ਦੇ ਮਾਹੌਲ ਵਿੱਚ ਵੈਕਸੀਨ ਨੂੰ ਇੱਕ "ਇਕੱਲਾ ਰਾਹ" ਬਣਾਕੇ ਪੇਸ਼ ਕੀਤਾ ਗਿਆ। ਸਵਾਲ ਪੁੱਛਣ ਵਾਲਿਆਂ ਨੂੰ "ਵਿਗਿਆਨ ਵਿਰੋਧੀ" ਕਰਾਰ ਦੇ ਕੇ ਚੁੱਪ ਕਰਵਾ ਦਿੱਤਾ ਗਿਆ। ਇਸ ਦੌਰਾਨ ਇਹ ਸੱਚ ਵੀ ਸਾਹਮਣੇ ਆਇਆ ਕਿ ਵੱਡੀਆਂ ਦਵਾਈ ਕੰਪਨੀਆਂ ਨੇ ਕੁਝ ਸਾਲਾਂ ਵਿੱਚ ਹੀ ਹਜ਼ਾਰਾਂ ਕਰੋੜ ਰੁਪਏ ਦਾ ਮੁਨਾਫ਼ਾ ਕਮਾਇਆ।

ਇਹ ਵੀ ਗੌਰਤਲਬ ਹੈ ਕਿ ਜਿੱਥੇ ਅਮੀਰ ਦੇਸ਼ਾਂ ਨੇ ਲੋੜ ਤੋਂ ਵੱਧ ਵੈਕਸੀਨ ਇਕੱਠੀ ਕਰ ਲਈ, ਉੱਥੇ ਗਰੀਬ ਦੇਸ਼ ਲੰਮੇ ਸਮੇਂ ਤੱਕ ਪਹਿਲੀ ਖੁਰਾਕ ਲਈ ਵੀ ਤਰਸਦੇ ਰਹੇ। ਇਹ ਸਿਹਤ ਦਾ ਸੰਕਟ ਸੀ ਜਾਂ ਮਨਾਫ਼ੇ ਦੀ ਦੌੜ; ਇਸ ਸਵਾਲ ਦਾ ਅੱਜ ਵੀ ਕੋਈ ਜੁਆਬ ਦੇਣ ਲਈ ਤਿਆਰ ਨਹੀਂ।

### ਵੈਕਸੀਨ ਦੇ ਨਾਂ 'ਤੇ ਬੇਵਕੂਫ਼ੀ?

ਕੋਵਿਡ ਵੈਕਸੀਨਾਂ ਬਾਰੇ ਕਈ ਦੋਸ਼ ਲੱਗੇ, ਜਿਵੇਂ- ਲੰਬੇ ਸਮੇਂ ਦੇ ਪ੍ਰਭਾਵਾਂ 'ਤੇ ਪੂਰੀ ਖੋਜ ਦੀ ਕਮੀ; ਦਵਾਈ ਕੰਪਨੀਆਂ ਨੂੰ ਕਾਨੂੰਨੀ ਛੋਟ ਅਤੇ ਸਾਈਡ ਇਫੈਕਟਾਂ 'ਤੇ ਖੁੱਲ੍ਹੀ ਚਰਚਾ ਦੀ ਅਣਹੋਂਦ। ਭਾਵੇਂ ਵੈਕਸੀਨਾਂ ਨਾਲ ਕਈ ਜ਼ਿੰਦਗੀਆਂ ਬਚੀਆਂ, ਪਰ ਇਹ ਵੀ ਸੱਚ ਹੈ ਕਿ ਪੂਰੀ ਜਾਣਕਾਰੀ ਅਤੇ ਪਾਰਦਰਸ਼ਤਾ ਦੀ ਘਾਟ ਨੇ ਲੋਕਾਂ ਦੇ ਮਨ ਵਿੱਚ ਸ਼ੱਕ ਪੈਦਾ ਕੀਤਾ। ਡਰ ਅਤੇ ਅਗਿਆਨਤਾ ਹੀ ਮੈਡੀਕਲ ਮਾਫ਼ੀਆ ਦੀ ਸਭ ਤੋਂ ਵੱਡੀ ਤਾਕਤ ਹੈ।

### ਭਾਰਤ ਦੇ ਹਵਾਲੇ ਨਾਲ ਸਥਿਤੀ

ਭਾਰਤ ਨੂੰ "ਦੁਨੀਆ ਦੀ ਫਾਰਮੇਸੀ" ਕਿਹਾ ਜਾਂਦਾ ਹੈ। ਇੱਥੇ ਬਣਦੀਆਂ ਜੈਨੇਰਿਕ ਦਵਾਈਆਂ ਕਈ ਵਿਕਸਿਤ ਦੇਸ਼ਾਂ ਨਾਲੋਂ ਕਾਫ਼ੀ ਸਸਤੀਆਂ ਹਨ; ਪਰ ਇਸਦੇ ਬਾਵਜੂਦ ਦੇਸ਼ ਦੇ ਅੰਦਰ ਮੈਡੀਕਲ ਮਾਫ਼ੀਆ ਦੀ ਪਕੜ ਬੇਹੱਦ ਮਜ਼ਬੂਤ ਹੈ। ਨਿੱਜੀ ਹਸਪਤਾਲਾਂ ਵਿੱਚ ਬਿਨਾਂ ਲੋੜ ਮਹਿੰਗੇ ਟੈਸਟ, ਫ਼ਜ਼ੂਲ ਸਰਜਰੀਆਂ ਅਤੇ ਲੰਬੇ ਦਵਾਈ ਕੋਰਸ ਆਮ ਗੱਲ ਬਣ ਚੁੱਕੇ ਹਨ। ਕੋਵਿਡ ਦੌਰਾਨ ਆਕਸੀਜਨ, ਬੈਡ ਅਤੇ ਇੰਜੈਕਸ਼ਨਾਂ ਦੀ ਕਾਲਾਬਾਜ਼ਾਰੀ ਨੇ ਸਾਬਤ ਕਰ ਦਿੱਤਾ ਸੀ ਕਿ ਮੌਤ ਦੇ ਸਾਹਮਣੇ ਵੀ ਮੁਨਾਫ਼ਾ ਕਮਾਇਆ ਜਾ ਸਕਦਾ ਹੈ।

### ਤੱਥ, ਅੰਕੜੇ ਅਤੇ ਦਸਤਾਵੇਜ਼ੀ ਹਕੀਕਤ

ਵਿਸ਼ਵ ਪੱਧਰ 'ਤੇ ਫਾਰਮਾ ਉਦਯੋਗ ਦੀ ਕੁੱਲ ਕੀਮਤ 2023 ਤੱਕ ਕਰੀਬ 1.5 ਟ੍ਰਿਲੀਅਨ ਡਾਲਰ ਮੰਨੀ ਗਈ ਹੈ। ਸਿਰਫ਼ ਕੋਵਿਡ-19 ਦੇ ਦੋ ਸਾਲਾਂ (2020-2022) ਦੌਰਾਨ ਕੁਝ ਵੱਡੀਆਂ ਦਵਾਈ ਕੰਪਨੀਆਂ ਨੇ 100 ਅਰਬ ਡਾਲਰ ਤੋਂ ਵੱਧ ਮੁਨਾਫ਼ਾ ਕਮਾਇਆ।

ਵਿਸ਼ਵ ਸਿਹਤ ਸੰਸਥਾ ਅਨੁਸਾਰ ਘੱਟ ਅਤੇ ਮੱਧ ਆਮਦਨੀ ਵਾਲੇ ਦੇਸ਼ਾਂ ਵਿੱਚ ਹਰ ਸਾਲ ਕਰੀਬ 10 ਕਰੋੜ ਲੋਕ ਸਿਹਤ ਖਰਚਿਆਂ ਕਰਕੇ ਗਰੀਬੀ ਰੇਖਾ ਤੋਂ ਹੇਠਾਂ ਧੱਕੇ ਜਾਂਦੇ ਹਨ।

ਭਾਰਤ ਵਿੱਚ ਨੈਸ਼ਨਲ ਹੈਲਥ ਅਕਾਊਂਟਸ ਦੇ ਅਨੁਸਾਰ ਕੁੱਲ ਸਿਹਤ ਖਰਚ ਦਾ ਲਗਭਗ 47 ਫੀਸਦੀ ਲੋਕਾਂ ਨੂੰ ਆਪਣੀ ਜੇਬ ਤੋਂ ਦੇਣਾ ਪੈਂਦਾ ਹੈ। ਦਵਾਈਆਂ ਦੇ ਬ੍ਰਾਂਡਿਡ ਅਤੇ ਜੈਨੇਰਿਕ ਰੂਪਾਂ ਵਿੱਚ 10 ਤੋਂ 20 ਗੁਣਾ ਤੱਕ ਕੀਮਤੀ ਦਾ ਫਰਕ ਵੀ ਦਰਜ ਕੀਤਾ ਗਿਆ ਹੈ।

### ਮੈਡੀਕਲ ਮਾਫ਼ੀਆ ਦੇ ਮਨਸੂਬੇ

ਮੈਡੀਕਲ ਮਾਫ਼ੀਆ ਦੇ ਮਨਸੂਬੇ ਸਪਸ਼ਟ ਹਨ- ਬਿਮਾਰੀਆਂ ਨੂੰ ਵਪਾਰ ਬਣਾਉਣਾ ਅਤੇ ਦਵਾਈਆਂ ਦੀ ਕੀਮਤ 'ਤੇ ਪੂਰਾ ਕਬਜ਼ਾ। ਡਾਕਟਰਾਂ ਤੇ ਹਸਪਤਾਲਾਂ ਨੂੰ ਆਪਣੇ ਨੈੱਟਵਰਕ ਵਿੱਚ ਰੱਖਣਾ ਅਤੇ ਸਰਕਾਰਾਂ 'ਤੇ ਦਬਾਅ ਬਣਾ ਕੇ ਕਾਨੂੰਨ ਆਪਣੇ ਹੱਕ ਵਿੱਚ ਕਰਵਾਉਣਾ। ਆਮ ਲੋਕਾਂ ਨੂੰ ਜਾਣਕਾਰੀ ਤੋਂ ਦੂਰ ਰੱਖਣਾ।

### ਆਮ ਬੰਦੇ ਦੀ ਜ਼ਿੰਮੇਵਾਰੀ

ਇਸ ਜਾਲ ਤੋਂ ਬਚਣ ਲਈ ਸਿਰਫ਼ ਸਿਸਟਮ ਨੂੰ ਦੋਸ਼ ਦੇਣਾ ਕਾਫ਼ੀ ਨਹੀਂ। ਆਮ ਬੰਦੇ ਨੂੰ ਵੀ ਦਵਾਈ ਬਾਰੇ ਸਵਾਲ ਪੁੱਛਣੇ, ਜੈਨੇਰਿਕ ਦਵਾਈਆਂ ਦੀ ਮੰਗ ਕਰਨੀ, ਬਿਨਾ ਲੋੜ ਟੈਸਟਾਂ ਤੋਂ ਇਨਕਾਰ ਕਰਨਾ ਅਤੇ ਸਿਹਤ ਸੰਬੰਧੀ ਜਾਣਕਾਰੀ ਖੁਦ ਸਮਝਣੀ ਪਵੇਗੀ।

ਮੈਡੀਕਲ ਵਿਗਿਆਨ ਮਨੁੱਖਤਾ ਲਈ ਵਰਦਾਨ ਹੈ, ਪਰ ਜਦੋਂ ਇਹ ਮਨਾਫ਼ੇ ਦੀ ਮਸ਼ੀਨ ਬਣ ਜਾਵੇ, ਤਾਂ ਇਹੀ ਵਰਦਾਨ ਸਰਾਪ ਬਣ ਸਕਦਾ ਹੈ। ਸੰਸਾਰ ਨੂੰ ਬਚਾਉਣ ਵਾਲੀ ਦਵਾਈ ਵੀ ਗਲਤ ਹੱਥਾਂ ਵਿੱਚ ਪੈ ਕੇ, ਬੰਧਕ ਬਣਾਉਣ ਦਾ ਸਾਧਨ ਬਣ ਸਕਦੀ ਹੈ। ਸਵਾਲ ਇਹ ਨਹੀਂ ਕਿ ਦਵਾਈਆਂ ਚਾਹੀਦੀਆਂ ਹਨ ਜਾਂ ਨਹੀਂ- ਸਵਾਲ ਇਹ ਹੈ ਕਿ ਦਵਾਈ ਮਨੁੱਖ ਲਈ ਹੈ ਜਾਂ ਮਨੁੱਖ ਦਵਾਈ ਲਈ?

---

ਜਾਣਕਾਰੀ

# ਭਾਰਤੀ ਸੰਵਿਧਾਨ ਦਾ ਯੂ.ਐਨ.ਓ. ਉਤੇ ਪ੍ਰਭਾਵ

ਤਰਲੋਚਨ ਸਿੰਘ ਭੱਟੀ
ਸਾਬਕਾ ਪੀ.ਸੀ.ਐਸ. ਅਧਿਕਾਰੀ
ਫੋਨ:91-9876502607



ਲੀਗ ਆਫ਼ ਨੇਸ਼ਨਜ਼ (1919) ਅਤੇ ਯੂ.ਐਨ.ਓ. (1945, ਯੂਨਾਈਟਿਡ ਨੇਸ਼ਨਜ਼ ਆਰਗਨਾਈਜੇਸ਼ਨ ਜਾਂ ਸੰਯੁਕਤ ਰਾਸ਼ਟਰ ਸੰਘ) ਦਾ ਮੁਢਲਾ ਮੈਂਬਰ ਹੋਣਾ ਭਾਰਤ ਲਈ ਮਾਣ ਵਾਲੀ ਗੱਲ ਹੈ, ਖਾਸ ਤੌਰ 'ਤੇ ਉਸ ਵੇਲੇ ਜਦੋਂ ਭਾਰਤ ਬਰਤਾਨੀਆ ਸਮਰਾਜ ਦੇ ਅਧੀਨ ਇੱਕ ਗੁਲਾਮ ਦੇਸ਼ ਸੀ। ਭਾਰਤ ਯੂ.ਐਨ. ਦੇ ਉਨ੍ਹਾਂ ਮੁਢਲੇ ਮੈਂਬਰਾਂ ਵਿੱਚੋਂ ਇੱਕ ਹੈ, ਜਿਨ੍ਹਾਂ 1 ਜਨਵਰੀ 1942 ਨੂੰ ਵਾਸ਼ਿੰਗਟਨ ਡੀ.ਸੀ. ਵਿਖੇ ਯੂ.ਐਨ. ਦੇ ਚਾਰਟਰ ਉਤੇ ਦਸਤਖਤ ਕੀਤੇ ਸਨ। ਯੂ.ਐਨ. ਦਾ ਮੁਢਲਾ ਸੰਸਥਾਪਕ ਮੈਂਬਰ ਹੋਣ ਦੇ ਨਾਤੇ ਯੂ.ਐਨ. ਦੇ ਚਾਰਟਰ ਵਿੱਚ ਦਰਸਾਏ ਟੀਚਿਆਂ ਨੂੰ ਨਿਰਧਾਰਤ ਕਰਨ, ਵਿਸ਼ੇਸ਼ ਪ੍ਰੋਗਰਾਮਾਂ ਅਤੇ ਏਜੰਸੀਆਂ ਦੇ ਵਿਕਾਸ ਵਿੱਚ ਆਪਣੇ ਰਾਜਦੂਤਾਂ ਅਤੇ ਹੋਰ ਸਾਧਨਾਂ ਰਾਹੀਂ ਮਹੱਤਵਪੂਰਨ ਯੋਗਦਾਨ ਪਾਇਆ ਹੈ। ਸਾਲ 2025 ਦੌਰਾਨ ਯੂ.ਐਨ.ਓ. ਵੱਲੋਂ ਆਪਣੀ 80ਵੀਂ ਵਰ੍ਹੇਗੰਢ ਮਨਾਉਣ ਦੇ ਸੰਦਰਭ ਵਿੱਚ ਭਾਰਤ ਦੇ ਸੰਵਿਧਾਨ ਨੇ ਯੂ.ਐਨ. ਉਤੇ ਕੀ ਪ੍ਰਭਾਵ ਪਾਇਆ ਹੈ, ਬਾਰੇ ਜ਼ਿਕਰ ਕਰਨਾ ਬਣਦਾ ਹੈ।

1947 ਵਿੱਚ ਬਰਤਾਨੀਆ ਸਮਰਾਜ ਵੱਲੋਂ ਭਾਰਤ ਨੂੰ ਆਜ਼ਾਦ ਦੇਸ਼ ਐਲਾਨ ਦਿੱਤਾ ਗਿਆ। ਆਜ਼ਾਦ ਦੇਸ਼ ਦੀ ਹੈਸੀਅਤ ਵਿੱਚ ਆਪਣੇ ਦੇਸ਼ ਦਾ ਸੰਵਿਧਾਨ ਬਣਾਉਣ ਲਈ ਭਾਰਤ ਵੱਲੋਂ ਸੰਵਿਧਾਨਕ ਸਭਾ ਦੀ ਚੋਣ ਕੀਤੀ ਗਈ, ਜਿਸ ਵਿੱਚ ਭਾਰਤ ਦੇ ਲੋਕਾਂ ਵੱਲੋਂ ਚੁਣੇ ਗਏ ਸੰਵਿਧਾਨਕ ਨੁਮਾਇੰਦਿਆਂ ਰਾਹੀਂ ਡਾ. ਭੀਮ ਰਾਓ ਅੰਬੇਦਕਰ ਦੀ ਅਗਵਾਈ ਹੇਠ 26 ਨਵੰਬਰ 1949 ਨੂੰ ਭਾਰਤ ਦਾ ਸੰਵਿਧਾਨ ਤਿਆਰ ਕਰਦੇ ਹੋਏ ਇਸ ਨੂੰ ਕਾਨੂੰਨੀ ਦਰਜਾ ਦਿੱਤਾ ਗਿਆ ਅਤੇ ਭਾਰਤੀ ਲੋਕਾਂ ਵੱਲੋਂ ਇਸ ਨੂੰ ਅਪਣਾਇਆ ਗਿਆ। ਇਸ ਨੂੰ 26 ਜਨਵਰੀ 1950 ਵਿੱਚ ਸਮੁੱਚੇ ਭਾਰਤ ਵਿੱਚ ਲਾਗੂ ਕੀਤਾ ਗਿਆ, ਜਿਸਦਾ ਜ਼ਿਕਰ ਭਾਰਤ ਦੇ ਸੰਵਿਧਾਨ ਦੇ ਮੁੱਖਬੰਦ (ਪ੍ਰੀਐਂਬਲ) ਵਿੱਚ ਕੀਤਾ ਗਿਆ ਹੈ, ਜਿਸ ਅਨੁਸਾਰ "ਅਸੀਂ, ਭਾਰਤ ਦੇ ਲੋਕ ਭਾਰਤ ਨੂੰ ਇੱਕ ਪ੍ਰਭੁਤਾਧਾਰੀ ਸਮਾਜਵਾਦੀ ਧਰਮਨਿਰਪੱਖੀ ਲੋਕਤੰਤਰੀ ਗਣਰਾਜ ਬਣਾਉਣ ਲਈ ਅਤੇ ਇਸ ਦੇ ਸਭ ਨਾਗਰਿਕਾਂ ਨੂੰ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਨਿਆਂ, ਵਿਚਾਰ ਪ੍ਰਗਟਾਉ, ਵਿਸ਼ਵਾਸ, ਧਰਮ ਤੇ ਉਪਾਸ਼ਨਾ ਦੀ ਆਜ਼ਾਦੀ, ਪ੍ਰਤਿਸ਼ਠਾ ਤੇ ਅਫ਼ਸਰ ਦੀ ਸਮਾਨਤਾ ਪ੍ਰਾਪਤ ਕਰਾਉਣ ਲਈ ਅਤੇ ਉਨ੍ਹਾਂ ਸਭਨਾ ਵਿਚਕਾਰ ਵਿਅਕਤੀ ਦਾ ਗੌਰਵ, ਕੌਮ ਦੀ ਏਕਤਾ ਤੇ ਅਖੰਡਤਾ ਸੁਨਿਸਚਿਤ ਕਰਨ ਵਾਲੀ ਭਰਾਤਰਤਾ ਵਧਾਉਣ ਲਈ ਦ੍ਰਿੜਮਾਨ ਹੋ ਕੇ ਆਪਣੀ ਸੰਵਿਧਾਨਕ ਸਭਾ ਵਿੱਚ 26 ਨਵੰਬਰ 1949 ਨੂੰ ਅੰਗੀਕਾਰ ਕਰਦੇ ਹੋਏ, ਐਕਟ ਬਣਾਉਂਦੇ ਤੇ ਆਪਣੇ ਆਪ ਨੂੰ ਅਰਪਦੇ ਹਾਂ।" ਭਾਰਤ ਲਈ ਇਹ ਵੀ ਮਾਣ ਵਾਲੀ ਗੱਲ ਹੈ ਕਿ ਭਾਰਤ ਦਾ ਸੰਵਿਧਾਨ ਦੁਨੀਆਂ ਦਾ ਸਭ ਤੋਂ ਵੱਡਾ ਜੀਵੰਤ ਦਸਤਾਵੇਜ਼ ਹੈ, ਜੋ ਭਾਰਤ ਤੋਂ ਇਲਾਵਾ ਹੋਰ ਦੇਸ਼ਾਂ ਅਤੇ ਅੰਤਰਰਾਸ਼ਟਰੀ ਦੇਸ਼ਾਂ ਲਈ ਪ੍ਰੇਰਨਾ ਦਾ ਸਰੋਤ ਹੈ।

ਜ਼ਿਕਰਯੋਗ ਹੈ ਕਿ ਭਾਰਤ ਨੇ ਯੂ.ਐਨ.ਓ. (ਸੰਯੁਕਤ ਰਾਸ਼ਟਰ ਸੰਘ) ਦੇ ਚਾਰਟਰ (1945) ਅਤੇ ਮਨੁੱਖੀ ਅਧਿਕਾਰਾਂ ਦੀ ਵਿਸ਼ਵਵਿਆਪੀ ਘੋਸ਼ਣਾ (ਯੂ.ਡੀ.ਐਚ.ਆਰ. 1948) ਨੂੰ ਤਿਆਰ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਭਾਰਤ ਯੂ.ਐਨ. ਦੇ ਸੰਸਥਾਪਕ ਮੈਂਬਰਾਂ ਵਿੱਚੋਂ ਇੱਕ ਸੀ ਅਤੇ ਉਸਨੇ ਕੌਮਾਂਤਰੀ ਨਿਯਮਾਂ ਨੂੰ ਆਕਾਰ ਦੇਣ ਵਿੱਚ ਯੋਗਦਾਨ ਪਾਇਆ। ਭਾਰਤ ਨੇ 1 ਜਨਵਰੀ 1942 ਨੂੰ ਵਾਸ਼ਿੰਗਟਨ ਵਿਖੇ ਯੂਨਾਈਟਿਡ ਨੇਸ਼ਨਜ਼ ਦੀ ਘੋਸ਼ਣਾ ਉਤੇ ਦਸਤਖਤ ਕੀਤੇ ਅਤੇ 20 ਅਪ੍ਰੈਲ ਤੋਂ 26 ਜੂਨ 1945 ਤੱਕ ਸੈਨ ਫਰਾਂਸਿਸਕੋ ਵਿੱਚ ਹੋਈ ਯੂਨਾਈਟਿਡ ਨੇਸ਼ਨ ਕਾਨਫਰੰਸ ਆਨ ਇੰਟਰਨੈਸ਼ਨਲ ਆਰਗੇਨਾਈਜ਼ੇਸ਼ਨ ਵਿੱਚ ਹਿੱਸਾ ਲਿਆ। ਭਾਵੇਂ ਉਸ ਸਮੇਂ ਭਾਰਤ ਬਰਤਾਨੀਆ ਸਮਰਾਜ ਅਧੀਨ ਸੀ, ਪਰ ਉਸਨੇ ਚਾਰਟਰ ਉਤੇ ਦਸਤਖਤ ਕੀਤੇ ਅਤੇ ਕੌਮਾਂਤਰੀ ਸ਼ਾਂਤੀ, ਸਮਾਨ ਅਧਿਕਾਰ ਤੇ ਸਵੈ-ਨਿਰਣੇ ਦੇ ਅਸੂਲਾਂ ਨੂੰ ਉਤਸ਼ਾਹਤ ਕੀਤਾ। ਸਰ ਅਰਕੋਟ ਰਾਮਾਸੁਆਮੀ ਮੁਦਾਲੀਅਰ, ਮੈਂਬਰ, ਗਵਰਨਰ ਜਨਰਲ ਅਗਜ਼ੈਕਟਿਵ ਕੌਂਸਲ, ਭਾਰਤ ਦੀ ਟੀਮ ਦੇ ਲੀਡਰ ਵਜੋਂ 26 ਜੂਨ 1945 ਨੂੰ ਵਟਰਨਜ਼ ਵਾਰ ਮੈਮੋਰੀਅਲ ਬਿਲਡਿੰਗ, ਸੈਨ ਫਰਾਂਸਿਸਕੋ ਵਿਖੇ ਦਸਤਖਤ ਕੀਤੇ, ਜਿਸ ਨੂੰ ਯੂ.ਐਨ. ਦਾ ਸੰਵਿਧਾਨ ਵੀ ਕਿਹਾ ਜਾਂਦਾ ਹੈ। ਇਸ ਚਾਰਟਰ ਨੂੰ ਮੈਂਬਰ ਦੇਸ਼ਾਂ ਦੀਆਂ ਸਰਕਾਰਾਂ ਵੱਲੋਂ ਪ੍ਰਵਾਨਗੀ ਵੀ ਦਿੱਤੀ ਗਈ। ਸਰ ਮੁਦਾਲੀਅਰ ਯੂ.ਐਨ. ਦੀ ਆਰਥਿਕ ਅਤੇ ਸਮਾਜਿਕ ਕੌਂਸਲ ਦੇ ਪਹਿਲੇ ਪ੍ਰਧਾਨ ਵੀ ਰਹੇ।

ਭਾਰਤ ਨੇ 1947-48 ਵਿੱਚ ਯੂ.ਡੀ.ਐਚ.ਆਰ. ਦੇ ਖਰੜੇ ਨੂੰ ਤਿਆਰ ਕਰਨ ਵਿੱਚ ਮੁੱਖ ਭੂਮਿਕਾ ਨਿਭਾਈ। ਡਾ. ਸ੍ਰੀਮਤੀ ਹੰਸਾ ਜੀਵਰਾਜ ਮਹਿਤਾ, ਜਿਨ੍ਹਾਂ ਭਾਰਤ ਦੇ ਪ੍ਰਤੀਨਿਧ ਵਜੋਂ ਨੁਮਾਇੰਦਗੀ ਕਰਿ, ਖਰੜਾ ਕਮੇਟੀ ਦੇ ਉਘੇ ਮੈਂਬਰ ਵਜੋਂ ਕੰਮ ਕੀਤਾ ਅਤੇ ਇਸ ਦੇ ਆਰਟੀਕਲ 1 ਵਿੱਚ "ਸਾਰੇ ਆਦਮੀ ਸੁਤੰਤਰ ਅਤੇ ਬਰਾਬਰ ਜਨਮੇ ਹਨ" ਨੂੰ ਬਦਲ ਕੇ "ਸਾਰੇ ਮਨੁੱਖੀ ਜੀਵ ਸੁਤੰਤਰ ਅਤੇ ਬਰਾਬਰ ਜਨਮੇ ਹਨ" ਵਜੋਂ ਦਰਜ ਕਰਵਾਇਆ, ਜੋ ਲਿੰਗ ਸਮਾਨਤਾ ਨੂੰ ਉਜਾਗਰ ਕਰਦਾ ਹੈ। ਇਹ ਵਿਆਖਿਆ ਭਾਰਤ ਦਾ ਸੰਵਿਧਾਨ ਤਿਆਰ ਕਰਨ ਵਾਲੀ ਸੰਵਿਧਾਨਕ ਸਭਾ (9 ਦਸੰਬਰ 1946-26 ਨਵੰਬਰ 1949) ਵਿੱਚ ਤਿਆਰ ਕੀਤੇ ਜਾ ਰਹੇ ਭਾਰਤੀ ਸੰਵਿਧਾਨ ਲਈ ਕੀਤੀਆਂ ਗਈਆਂ ਬੈਠਕਾਂ ਵਿੱਚ ਬਤੌਰ ਸੰਵਿਧਾਨਕ ਮੈਂਬਰ ਬਹਿਸ ਅਤੇ ਨਿਰਣਿਆਂ ਤੋਂ ਪ੍ਰਭਾਵਿਤ ਹੋਈ।

ਯੂ.ਐਨ.ਓ. ਵਿੱਚ ਭਾਰਤ ਦੀ ਪ੍ਰਤੀਨਿਧਤਾ ਕਰਦੀ ਸ੍ਰੀਮਤੀ ਲਕਸ਼ਮੀ ਐਨ. ਮੈਨਨ ਨੇ ਲਿੰਗ ਆਧਾਰਤ ਵਿਤਕਰੇ ਨੂੰ ਰੋਕਣ ਅਤੇ ਖਰੜੇ ਵਿੱਚ "ਮਰਦ ਅਤੇ ਔਰਤਾਂ ਦੇ ਬਰਾਬਰ ਅਧਿਕਾਰ" ਸ਼ਾਮਲ ਕਰਾਉਣ ਦੀ ਵਕਾਲਤ ਕੀਤੀ। ਉਹ ਯੂ.ਐਨ. ਕਮਿਸ਼ਨ ਆਨ ਸਟੇਟਸ ਆਫ਼ ਵਿਮੈਨ ਦੀ 1949-50 ਵਿੱਚ ਪ੍ਰਧਾਨ ਵੀ ਰਹੇ। ਭਾਰਤ ਸਰਕਾਰ ਵੱਲੋਂ ਉਨ੍ਹਾਂ ਨੂੰ ਪਦਮ ਵਿਭੂਸ਼ਨ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ। ਸ੍ਰੀਮਤੀ ਵਿਜੇ ਲਕਸ਼ਮੀ ਪੰਡਿਤ ਅਤੇ ਡਾ. ਹੰਸਾ ਜੀਵਰਾਜ ਮਹਿਤਾ ਭਾਰਤ ਦੀ ਸੰਵਿਧਾਨਕ ਸਭਾ ਦੇ ਮੈਂਬਰਾਂ ਤੋਂ ਇਲਾਵਾ ਯੂ.ਐਨ. ਵਿੱਚ ਭਾਰਤ ਦੇ ਰਾਜਦੂਤ ਵੀ ਰਹੇ।

ਜ਼ਿਕਰਯੋਗ ਹੈ ਕਿ ਯੂ.ਐਨ.ਓ. ਵਿੱਚ ਭਾਰਤੀ ਸੰਵਿਧਾਨ ਬਾਰੇ ਭਾਰਤੀ ਰਾਜਦੂਤਾਂ ਜਾਂ ਪ੍ਰਤੀਨਿਧਾਂ ਵੱਲੋਂ ਸਿੱਧੀ ਅਤੇ ਖੁੱਲ੍ਹ ਕੇ ਚਰਚਾ ਨਹੀਂ ਹੁੰਦੀ, ਪਰ ਅੰਤਰਰਾਸ਼ਟਰੀ ਮੁੱਦੇ ਜਿਵੇਂ ਵਿਸ਼ਵ ਸ਼ਾਂਤੀ, ਅਤਿਵਾਦ, ਨਸ਼ਾ, ਜਲਵਾਯੂ ਤਬਦੀਲੀ, ਯੂ.ਐਨ. ਸੁਧਾਰ ਆਦਿ ਬਾਰੇ ਯੂ.ਐਨ. ਅਤੇ ਇਸ ਦੀਆਂ ਵਿਸ਼ੇਸ਼ ਏਜੰਸੀਆਂ/ਸੰਗਠਨਾਂ ਵਿੱਚ ਖੁੱਲ੍ਹ ਕੇ ਚਰਚਾ ਕਰਦੇ ਹਨ। ਹਾਂ, ਇੰਨਾ ਜ਼ਰੂਰ ਹੈ ਕਿ ਭਾਰਤੀ ਸੰਵਿਧਾਨ ਨੂੰ ਅਕਸਰ ਭਾਰਤ ਦੀ ਲੋਕਤੰਤਰੀ ਪ੍ਰਣਾਲੀ ਦੀ ਸਫ਼ਲਤਾ ਦੇ ਪ੍ਰਤੀਕ ਵਜੋਂ ਪੇਸ਼ ਕੀਤਾ ਜਾਂਦਾ ਹੈ। ਭਾਰਤ ਨੂੰ ਕਈ ਵਾਰ ਆਪਣੇ ਸੰਬੋਧਨਾਂ ਅਤੇ ਦਸਤਾਵੇਜ਼ਾਂ ਰਾਹੀਂ ਵਿਸ਼ਵ ਦੇ ਲੋਕਤੰਤਰੀ ਗਣਰਾਜ ਅਤੇ ਵਿਸ਼ਵ ਦੇ ਸਭ ਤੋਂ ਵੱਡੇ ਸੰਵਿਧਾਨ ਵੱਲੋਂ ਵਿਆਖੇ ਗਏ ਸੰਵਿਧਾਨਕ ਮੂਲਾਂ ਜਿਵੇਂ ਨਿਆਂ, ਸਮਾਨਤਾ, ਧਰਮ-ਨਿਰਪੱਖਤਾ ਨੂੰ ਉਜਾਗਰ ਕੀਤਾ। ਭਾਰਤ ਆਪਣੇ ਸੰਵਿਧਾਨ ਦੁਆਰਾ ਸਥਾਪਤ ਲੋਕਤੰਤਰੀ ਗਣਰਾਜ ਕਾਰਨ ਇੱਕ ਸਫ਼ਲ ਵਿਕਾਸਸ਼ੀਲ ਦੇਸ਼ ਬਣਿਆ ਹੈ।

ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਬੀ.ਆਰ. ਅੰਬੇਦਕਰ ਨੇ ਭਾਵੇਂ ਯੂ.ਐਨ. ਵਿੱਚ ਸਿੱਧੇ ਤੌਰ 'ਤੇ ਭੂਮਿਕਾ ਨਹੀਂ ਨਿਭਾਈ, ਪਰ ਉਨ੍ਹਾਂ ਦੀ ਯੂ.ਐਨ. ਨਾਲ ਅਸਿੱਧੀ ਜੁੜਤ ਅਤੇ ਪ੍ਰਭਾਵ ਬਹੁਤ ਮਹੱਤਵਪੂਰਨ ਹੈ। 1940ਵੀਆਂ ਵਿੱਚ ਡਾ. ਅੰਬੇਦਕਰ ਨੇ ਜਾਤਪਾਤ ਅਤੇ ਛੂਆਛੂਤ ਨੂੰ ਅੰਤਰਰਾਸ਼ਟਰੀ ਮੁੱਦਾ ਬਣਾਇਆ। ਡਾ. ਅੰਬੇਦਕਰ ਦਾ ਯੂ.ਐਨ.ਓ. ਉਤੇ ਮੁੱਖ ਤੌਰ 'ਤੇ ਪ੍ਰਭਾਵ ਹੀ ਹੈ ਕਿ 1916 ਵਿੱਚ ਯੂ.ਐਨ.ਓ. ਵੱਲੋਂ ਡਾ. ਅੰਬੇਦਕਰ ਦੇ ਜਨਮ ਦਿਹਾੜਾ (14 ਅਪ੍ਰੈਲ) ਨੂੰ ਸਮੁੱਚੇ ਵਿਸ਼ਵ ਵਿੱਚ ਹਰੇਕ ਸਾਲ 'ਅੰਤਰਰਾਸ਼ਟਰੀ ਸਮਾਨਤਾ ਦਿਵਸ' ਦੇ ਤੌਰ 'ਤੇ ਮਨਾਉਣ ਦਾ ਐਲਾਨ ਕੀਤੀ ਗਿਆ ਹੈ। ਯੂ.ਐਨ.ਓ. ਦੇ ਯੂਨੀਵਰਸਲ ਡੈਕਲਾਰੇਸ਼ਨ ਆਫ਼ ਹਯੂਮਨ ਰਾਈਟਸ (1948) ਅਤੇ ਸਸਟੇਨੇਬਲ ਡਿਵੈਲਪਮੈਂਟ ਗੋਲਜ਼ ਡਾ. ਅੰਬੇਦਕਰ ਦੀ ਵਿਚਾਰਧਾਰਾਂ ਉਤੇ ਆਧਾਰਤ ਹਨ। ਇਹ ਭਾਰਤ ਦੇ ਸੰਵਿਧਾਨ ਦਾ ਹੀ ਪ੍ਰਭਾਵ ਹੈ ਕਿ ਭਾਰਤ ਯੂ.ਐਨ. ਸਿਕਿਊਰਿਟੀ ਕੌਂਸਲ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

ਇੱਕ ਇਤਿਹਾਸਕ ਯਾਦ

# ਸੰਵਿਧਾਨ ਦੇ ਬੁਨਿਆਦੀ ਢਾਂਚੇ ਦੀ ਰਾਖੀ

**ਕ੍ਰਿਸ਼ਨ ਪ੍ਰਤਾਪ ਸਿੰਘ**
**(ਸੀਨੀਅਰ ਪੱਤਰਕਾਰ)**




ਅੱਜ ਭਾਰਤ ਵਿੱਚ ਅਕਸਰ ਇਹ ਗੱਲ ਪੂਰੇ ਭਰੋਸੇ ਨਾਲ ਕਹੀ ਜਾਂਦੀ ਹੈ ਕਿ ਕੋਈ ਵੀ ਸਰਕਾਰ, ਚਾਹੇ ਉਸਨੂੰ ਸੰਸਦ ਵਿੱਚ ਕਿੰਨਾ ਵੀ ਵੱਡਾ ਬਹੁਮਤ ਕਿਉਂ ਨਾ ਮਿਲਿਆ ਹੋਵੇ, ਦੇਸ਼ ਦੇ ਸੰਵਿਧਾਨ ਦੇ ਬੁਨਿਆਦੀ ਢਾਂਚੇ ਨਾਲ ਛੇੜਛਾੜ ਨਹੀਂ ਕਰ ਸਕਦੀ। ਇਹ ਬੁਨਿਆਦੀ ਢਾਂਚਾ ਸੰਵਿਧਾਨ ਦੀ "ਆਤਮਾ" ਮੰਨਿਆ ਜਾਂਦਾ ਹੈ ਅਤੇ ਇਸ ਆਤਮਾ ਨੂੰ ਬਦਲਣ ਦਾ ਹੱਕ ਸੰਸਦ ਨੂੰ ਵੀ ਨਹੀਂ ਹੈ।

ਪਰ ਇਹ ਗੱਲ ਯਾਦ ਰੱਖਣੀ ਜ਼ਰੂਰੀ ਹੈ ਕਿ ਇਹ ਭਰੋਸਾ ਸਾਨੂੰ ਹਮੇਸ਼ਾ ਤੋਂ ਨਹੀਂ ਸੀ। 1973 ਤੋਂ ਪਹਿਲਾਂ ਤੱਕ ਲੋਕਾਂ ਕੋਲ ਇਹ ਪੱਕੀ ਗਾਰੰਟੀ ਨਹੀਂ ਸੀ ਕਿ ਸੰਸਦ ਆਪਣੀ ਮਰਜ਼ੀ ਨਾਲ ਸੰਵਿਧਾਨ ਨੂੰ ਪੂਰੀ ਤਰ੍ਹਾਂ ਬਦਲ ਨਹੀਂ ਸਕਦੀ। ਇਹ ਭਰੋਸਾ ਸਾਨੂੰ ਕੇਸ਼ਵਾਨੰਦ ਭਾਰਤੀ ਬਨਾਮ ਕੇਰਲ ਰਾਜ ਮਾਮਲੇ ਵਿੱਚ ਸੁਪਰੀਮ ਕੋਰਟ ਦੇ ਇਤਿਹਾਸਕ ਫੈਸਲੇ ਤੋਂ ਬਾਅਦ ਮਿਲਿਆ।

### ਸੰਸਦ ਦੀ ਤਾਕਤ ਅਤੇ ਗਲਤਫਹਿਮੀ

ਸੰਵਿਧਾਨ ਦੇ ਨਿਰਮਾਤਾਵਾਂ ਨੇ ਇਹ ਸੋਚ ਕੇ ਸੰਸਦ ਨੂੰ ਸੋਧ ਕਰਨ ਦਾ ਅਧਿਕਾਰ ਦਿੱਤਾ ਸੀ ਕਿ ਸੰਵਿਧਾਨ ਕੋਈ ਖੜੋਤ ਵਾਲਾ ਦਸਤਾਵੇਜ਼ ਨਾ ਬਣ ਜਾਵੇ ਅਤੇ ਸਮੇਂ ਦੇ ਨਾਲ ਲੋੜੀਂਦੇ ਬਦਲਾਅ ਕੀਤੇ ਜਾ ਸਕਣ; ਪਰ ਇਸ ਅਧਿਕਾਰ ਦੀ ਆੜ ਵਿੱਚ ਕਈ ਸਰਕਾਰਾਂ ਇਹ ਸਮਝਣ ਲੱਗ ਪਈਆਂ ਕਿ ਉਹ ਸੰਸਦ ਵਿੱਚ ਮਿਲੇ ਬਹੁਮਤ ਦੇ ਜ਼ੋਰ 'ਤੇ ਸੰਵਿਧਾਨ ਵਿੱਚ ਕਿਸੇ ਵੀ ਕਿਸਮ ਦੀ ਅਤੇ ਕਿਸੇ ਵੀ ਹੱਦ ਤੱਕ ਸੋਧ ਕਰ ਸਕਦੀਆਂ ਹਨ।

ਇਸ ਕਾਰਨ ਇਹ ਡਰ ਪੈਦਾ ਹੋਣ ਲੱਗਾ ਸੀ ਕਿ ਕਦੇ ਕੋਈ ਤਾਨਾਸ਼ਾਹ ਸਰਕਾਰ ਸੰਵਿਧਾਨ ਨੂੰ ਇੰਨਾ ਨਾ ਬਦਲ ਦੇਵੇ ਕਿ ਉਹ ਆਮ ਨਾਗਰਿਕਾਂ ਲਈ ਬੇਮਤਲਬ ਹੋ ਜਾਵੇ। ਉਸ ਸਮੇਂ ਤੱਕ ਕੇਂਦਰ ਵਿੱਚ ਕਦੇ ਵੀ ਸੱਤਾ ਬਦਲਾਅ ਨਹੀਂ ਹੋਇਆ ਸੀ ਅਤੇ ਕਾਂਗਰਸ ਦਾ ਲਗਾਤਾਰ ਰਾਜ ਸੀ। ਵਿਰੋਧੀ ਪਾਰਟੀਆਂ ਅਕਸਰ ਕਾਂਗਰਸ 'ਤੇ ਤਾਨਾਸ਼ਾਹੀ ਦੇ ਦੋਸ਼ ਲਗਾਉਂਦੀਆਂ ਸਨ ਅਤੇ ਇਹੀ ਡਰ ਦਿਖਾਉਂਦੀਆਂ ਸਨ ਕਿ ਸੰਵਿਧਾਨ ਖ਼ਤਰੇ ਵਿੱਚ ਪੈ ਸਕਦਾ ਹੈ। ਦਿਲਚਸਪ ਗੱਲ ਇਹ ਹੈ ਕਿ ਅੱਜ ਦੇ ਕਈ ਸੱਤਾਧਾਰੀ ਨੇਤਾਵਾਂ ਦੇ ਰਾਜਨੀਤਿਕ ਪੂਰਵਜ ਵੀ ਉਸ ਵੇਲੇ ਇਹੀ ਚਿੰਤਾ ਜਤਾਉਂਦੇ ਸਨ।

### ਸੁਪਰੀਮ ਕੋਰਟ ਦੀ ਇਤਿਹਾਸਕ ਦਖਲਅੰਦਾਜ਼ੀ

ਇਹ ਸਾਰੇ ਡਰ ਅਤੇ ਗੁੰਝਲਾਂ ਦਾ ਅੰਤ ਸੁਪਰੀਮ ਕੋਰਟ ਨੇ 1973 ਵਿੱਚ ਕਰ ਦਿੱਤਾ। ਕੇਸ਼ਵਾਨੰਦ ਭਾਰਤੀ ਮਾਮਲੇ ਵਿੱਚ ਸੁਪਰੀਮ ਕੋਰਟ ਨੇ ਆਪਣੇ ਦੂਰਗਾਮੀ ਫੈਸਲੇ ਨਾਲ ਸਾਫ਼ ਕਰ ਦਿੱਤਾ ਕਿ ਸੰਸਦ ਦੀ ਤਾਕਤ ਅਸੀਮਿਤ ਨਹੀਂ ਹੈ।

ਇਹ ਮਾਮਲਾ 1970 ਵਿੱਚ ਸ਼ੁਰੂ ਹੋਇਆ, ਜਦੋਂ ਕੇਰਲ ਸਰਕਾਰ ਨੇ ਜ਼ਮੀਨੀ ਸੁਧਾਰ ਕਾਨੂੰਨਾਂ ਵਿੱਚ ਵੱਡੇ ਬਦਲਾਅ ਕੀਤੇ। ਕਾਸਰਗੋਡ ਜ਼ਿਲ੍ਹੇ ਦੇ ਅਦਨੀਰ ਮਠ ਦੇ ਮੁਖੀ ਸਵਾਮੀ ਕੇਸ਼ਵਾਨੰਦ ਭਾਰਤੀ ਨੇ ਇਹ ਕਹਿ ਕੇ ਸੁਪਰੀਮ ਕੋਰਟ ਵਿੱਚ ਅਰਜ਼ੀ ਦਿੱਤੀ ਕਿ ਇਹ ਕਾਨੂੰਨ ਉਨ੍ਹਾਂ ਦੇ ਸੰਪਤੀ ਦੇ ਅਧਿਕਾਰ ਅਤੇ ਧਾਰਮਿਕ ਸੰਸਥਾਵਾਂ ਦੇ ਪ੍ਰਬੰਧ ਨਾਲ ਜੁੜੇ ਮੂਲ ਅਧਿਕਾਰਾਂ ਦੀ ਉਲੰਘਣਾ ਕਰਦੇ ਹਨ।

ਸੁਣਵਾਈ ਦੌਰਾਨ ਸਭ ਤੋਂ ਵੱਡਾ ਸਵਾਲ ਇਹ ਉੱਠਿਆ ਕਿ ਕੀ ਸੰਸਦ ਨੂੰ ਸੰਵਿਧਾਨ ਵਿੱਚ ਬੇਅੰਤ ਸੋਧ ਕਰਨ ਦਾ ਪੂਰਾ ਹੱਕ ਹੈ ਜਾਂ ਨਹੀਂ! ਇਸ ਮਹੱਤਵਪੂਰਨ ਮਸਲੇ ਨੂੰ ਦੇਖਦੇ ਹੋਏ ਸੁਪਰੀਮ ਕੋਰਟ ਨੇ ਆਪਣੀ ਇਤਿਹਾਸ ਦੀ ਸਭ ਤੋਂ ਵੱਡੀ ਭਾਵ 13 ਜੱਜਾਂ ਦੀ ਸੰਵਿਧਾਨਕ ਬੈਂਚ ਬਣਾਈ।

### "ਬੁਨਿਆਦੀ ਢਾਂਚਾ" ਸਿਧਾਂਤ

68 ਦਿਨਾਂ ਦੀ ਲੰਬੀ ਸੁਣਵਾਈ ਤੋਂ ਬਾਅਦ 24 ਅਪ੍ਰੈਲ 1973 ਨੂੰ ਸੁਪਰੀਮ ਕੋਰਟ ਨੇ 7-6 ਦੇ ਬਹੁਮਤ ਨਾਲ ਇਤਿਹਾਸਕ ਫੈਸਲਾ ਸੁਣਾਇਆ। ਕੋਰਟ ਨੇ ਕਿਹਾ ਕਿ ਸੰਸਦ ਸੰਵਿਧਾਨ ਦੇ ਕਿਸੇ ਵੀ ਹਿੱਸੇ-ਪ੍ਰਸਤਾਵਨਾ ਅਤੇ ਮੂਲ ਅਧਿਕਾਰਾਂ ਸਮੇਤ, ਵਿੱਚ ਸੋਧ ਕਰ ਸਕਦੀ ਹੈ, ਪਰ ਉਹ ਸੰਵਿਧਾਨ ਦੇ ਬੁਨਿਆਦੀ ਢਾਂਚੇ ਨੂੰ ਨਾ ਤਾਂ ਬਦਲ ਸਕਦੀ ਹੈ ਅਤੇ ਨਾ ਹੀ ਨਸ਼ਟ ਕਰ ਸਕਦੀ ਹੈ।

ਇਸ ਬੁਨਿਆਦੀ ਢਾਂਚੇ ਵਿੱਚ ਲੋਕਤੰਤਰ, ਧਰਮ-ਨਿਰਪੱਖਤਾ, ਸੰਘੀ ਢਾਂਚਾ, ਨਿਆਂਪਾਲਿਕਾ ਦੀ ਸਮੀਖਿਆ ਦੀ ਤਾਕਤ ਅਤੇ ਕਾਨੂੰਨ ਦਾ ਰਾਜ ਵਰਗੇ ਅਸੂਲ ਸ਼ਾਮਲ ਹਨ। ਇਹ ਫੈਸਲਾ ਲਗਭਗ 703 ਸਫ਼ਿਆਂ ਵਿੱਚ ਲਿਖਿਆ ਗਿਆ ਸੀ, ਜੋ ਇਸ ਦੀ ਗੰਭੀਰਤਾ ਅਤੇ ਮਹੱਤਤਾ ਨੂੰ ਦਰਸਾਉਂਦਾ ਹੈ।

### ਨਾਨੀ ਪਾਲਕੀਵਾਲਾ ਦੀ ਭੂਮਿਕਾ

ਇਸ ਫੈਸਲੇ ਦੇ ਪਿੱਛੇ ਪ੍ਰਸਿੱਧ ਸੰਵਿਧਾਨਕ ਵਿਦਵਾਨ ਨਾਨੀ ਪਾਲਕੀਵਾਲਾ ਦੀਆਂ ਦਲੀਲਾਂ ਦੀ ਬਹੁਤ ਵੱਡੀ ਭੂਮਿਕਾ ਸੀ। ਸਰਕਾਰ ਦਾ ਕਹਿਣਾ ਸੀ ਕਿ ਸੰਵਿਧਾਨ ਕਿਤੇ ਵੀ ਇਹ ਨਹੀਂ ਕਹਿੰਦਾ ਕਿ ਸੰਸਦ ਸੋਧ ਨਹੀਂ ਕਰ ਸਕਦੀ। ਇਸ ਦੇ ਉਲਟ ਪਾਲਕੀਵਾਲਾ ਨੇ ਦਲੀਲ ਦਿੱਤੀ ਕਿ ਸੰਵਿਧਾਨ ਸਿਰਫ਼ ਕਾਨੂੰਨੀ ਕਾਗਜ਼ ਨਹੀਂ, ਬਲਕਿ ਇੱਕ ਜੀਵੰਤ ਦਸਤਾਵੇਜ਼ ਹੈ, ਜਿਸਦੀ ਇੱਕ ਆਤਮਾ ਹੈ। ਇਸ ਆਤਮਾ ਨੂੰ ਬਦਲਿਆ ਨਹੀਂ ਜਾ ਸਕਦਾ। ਉਨ੍ਹਾਂ ਨੇ ਇਹ ਵੀ ਕਿਹਾ ਕਿ ਜੇ ਸਰਕਾਰ ਨੂੰ ਜਦੋਂ ਮਰਜ਼ੀ ਸੰਵਿਧਾਨ ਬਦਲਣ ਦੀ ਖੁੱਲ੍ਹ ਮਿਲ ਜਾਵੇ, ਤਾਂ ਨਾਗਰਿਕਾਂ ਦੇ ਮੂਲ ਅਧਿਕਾਰ ਬੇਮਾਇਨੇ ਹੋ ਜਾਣਗੇ।

### ਫੈਸਲਾ ਪਲਟਣ ਦੀ ਨਾਕਾਮ ਕੋਸ਼ਿਸ਼

1975 ਵਿੱਚ ਜਦੋਂ ਐਮਰਜੈਂਸੀ ਲੱਗੀ ਅਤੇ ਨਾਗਰਿਕਾਂ ਦੇ ਮੂਲ ਅਧਿਕਾਰ ਮੁਅੱਤਲ ਕਰ ਦਿੱਤੇ ਗਏ, ਤਾਂ ਇੰਦਿਰਾ ਗਾਂਧੀ ਸਰਕਾਰ ਨੇ ਇਸ ਫੈਸਲੇ ਨੂੰ ਪਲਟਣ ਦੀ ਕੋਸ਼ਿਸ਼ ਕੀਤੀ। ਪਰ ਨਾਨੀ ਪਾਲਕੀਵਾਲਾ ਦੇ ਤਿੱਖੇ ਵਿਰੋਧ ਕਾਰਨ ਇਹ ਕੋਸ਼ਿਸ਼ ਅਸਫ਼ਲ ਰਹੀ ਅਤੇ ਕੇਸ਼ਵਾਨੰਦ ਭਾਰਤੀ ਮਾਮਲੇ ਦਾ ਫੈਸਲਾ ਬਰਕਰਾਰ ਰਿਹਾ।

### ਅੱਜ ਦੇ ਸੰਦਰਭ ਵਿੱਚ ਬੁਨਿਆਦੀ ਢਾਂਚੇ ਦੀ ਮਹੱਤਤਾ

ਅੱਜ ਜਦੋਂ ਭਾਰਤੀ ਲੋਕਤੰਤਰ ਕਈ ਤਰ੍ਹਾਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ, ਤਦ ਕੇਸ਼ਵਾਨੰਦ ਭਾਰਤੀ ਮਾਮਲੇ ਵਿੱਚ ਦਿੱਤਾ ਗਿਆ ਫੈਸਲਾ ਹੋਰ ਵੀ ਵਧੇਰੇ ਮਹੱਤਵਪੂਰਨ ਹੋ ਜਾਂਦਾ ਹੈ। ਸਰਕਾਰਾਂ ਆਉਂਦੀਆਂ-ਜਾਂਦੀਆਂ ਰਹਿੰਦੀਆਂ ਹਨ, ਨੀਤੀਆਂ ਬਦਲਦੀਆਂ ਰਹਿੰਦੀਆਂ ਹਨ, ਪਰ ਸੰਵਿਧਾਨ ਦੇ ਬੁਨਿਆਦੀ ਅਸੂਲ ਸਥਿਰ ਰਹਿਣੇ ਚਾਹੀਦੇ ਹਨ। ਜੇ ਇਹ ਅਸੂਲ ਕਮਜ਼ੋਰ ਪੈ ਗਏ, ਤਾਂ ਲੋਕਤੰਤਰ ਸਿਰਫ਼ ਨਾਮ ਦਾ ਹੀ ਰਹਿ ਜਾਵੇਗਾ।

ਬੁਨਿਆਦੀ ਢਾਂਚੇ ਦਾ ਸਿਧਾਂਤ ਇਹ ਯਕੀਨੀ ਬਣਾਉਂਦਾ ਹੈ ਕਿ ਸੰਸਦ ਦੀ ਤਾਕਤ ਲੋਕਾਂ ਦੇ ਅਧਿਕਾਰਾਂ ਤੋਂ ਉੱਪਰ ਨਾ ਹੋ ਜਾਵੇ। ਇਹ ਸਿਧਾਂਤ ਨਿਆਂਪਾਲਿਕਾ ਨੂੰ ਇਹ ਜ਼ਿੰਮੇਵਾਰੀ ਵੀ ਦਿੰਦਾ ਹੈ ਕਿ ਉਹ ਸੰਵਿਧਾਨ ਦੀ ਰਾਖੀ ਕਰੇ, ਭਾਵੇਂ ਉਸ ਲਈ ਸਰਕਾਰ ਨਾਲ ਟਕਰਾਉਣਾ ਹੀ ਕਿਉਂ ਨਾ ਪਵੇ। ਇਸੇ ਕਾਰਨ ਸੁਪਰੀਮ ਕੋਰਟ ਨੂੰ "ਸੰਵਿਧਾਨ ਦਾ ਰਖਵਾਲਾ" ਕਿਹਾ ਜਾਂਦਾ ਹੈ।


ਇਹ ਵੀ ਸੱਚ ਹੈ ਕਿ ਸੰਵਿਧਾਨ ਦੀ ਰੱਖਿਆ ਸਿਰਫ਼ ਅਦਾਲਤਾਂ ਦੀ ਹੀ ਨਹੀਂ, ਸਗੋਂ ਨਾਗਰਿਕਾਂ ਦੀ ਸਾਂਝੀ ਜ਼ਿੰਮੇਵਾਰੀ ਹੈ। ਜਦੋਂ ਲੋਕ ਆਪਣੇ ਅਧਿਕਾਰਾਂ ਅਤੇ ਕਰਤੱਵਾਂ ਪ੍ਰਤੀ ਸਚੇਤ ਹੁੰਦੇ ਹਨ, ਤਦ ਹੀ ਸੰਵਿਧਾਨਕ ਲੋਕਤੰਤਰ ਮਜ਼ਬੂਤ ਹੁੰਦਾ ਹੈ। ਇਸ ਲਈ ਜ਼ਰੂਰੀ ਹੈ ਕਿ ਨਵੀਂ ਪੀੜ੍ਹੀ ਨੂੰ ਸੰਵਿਧਾਨ ਦੇ ਮੂਲ ਮੁੱਲਾਂ- ਆਜ਼ਾਦੀ, ਬਰਾਬਰੀ ਅਤੇ ਨਿਆਂ ਬਾਰੇ ਸਿੱਖਿਆ ਦਿੱਤੀ ਜਾਵੇ, ਤਾਂ ਜੋ ਭਵਿੱਖ ਵਿੱਚ ਕੋਈ ਵੀ ਤਾਕਤ ਇਨ੍ਹਾਂ ਮੁੱਲਾਂ ਨੂੰ ਕਮਜ਼ੋਰ ਨਾ ਕਰ ਸਕੇ।

### ਲੋਕਤੰਤਰ ਲਈ ਮੀਲ ਦਾ ਪੱਥਰ

ਕੇਸ਼ਵਾਨੰਦ ਭਾਰਤੀ ਮਾਮਲੇ ਦਾ ਫੈਸਲਾ ਭਾਰਤੀ ਲੋਕਤੰਤਰ ਲਈ ਇੱਕ ਮੀਲ ਦਾ ਪੱਥਰ ਹੈ। ਇਸ ਨੇ ਇਹ ਯਕੀਨੀ ਬਣਾਇਆ ਕਿ ਸੰਵਿਧਾਨ ਸਿਰਫ਼ ਸੱਤਾਧਾਰੀਆਂ ਦੀ ਮਰਜ਼ੀ ਦਾ ਖਿਡੌਣਾ ਨਾ ਬਣੇ। ਅੱਜ ਜਦੋਂ ਵੀ ਸੰਵਿਧਾਨ ਦੇ ਬੁਨਿਆਦੀ ਢਾਂਚੇ ਨਾਲ ਛੇੜਛਾੜ ਦੀ ਗੱਲ ਹੁੰਦੀ ਹੈ, ਤਾਂ ਇਹ ਫੈਸਲਾ ਸਾਨੂੰ ਯਾਦ ਦਿਵਾਉਂਦਾ ਹੈ ਕਿ ਲੋਕਤੰਤਰ ਦੀ ਰਾਖੀ ਲਈ ਨਿਆਂਪਾਲਿਕਾ ਦੀ ਭੂਮਿਕਾ ਕਿੰਨੀ ਅਹਿਮ ਹੈ। ਇਸ ਲਈ ਜ਼ਰੂਰੀ ਹੈ ਕਿ ਅਸੀਂ ਇਸ ਇਤਿਹਾਸਕ ਯਾਦ ਨੂੰ ਸਿਰਫ਼ ਕਿਤਾਬਾਂ ਤੱਕ ਸੀਮਿਤ ਨਾ ਰੱਖੀਏ, ਸਗੋਂ ਇੱਕ ਚੇਤਾਵਨੀ ਵਜੋਂ ਹਮੇਸ਼ਾ ਮਨ ਵਿੱਚ ਵਸਾਈਏ।

## ਨਾਨੀ ਪਾਲਕੀਵਾਲਾ
### ਇੱਕ ਵਿਲੱਖਣ ਸ਼ਖ਼ਸੀਅਤ

**ਨਾਨੀ ਪਾਲਕੀਵਾਲਾ ਨੂੰ ਅਕਸਰ ਦੱਖਣਪੰਥੀ ਸਮਝਿਆ ਜਾਂਦਾ ਸੀ, ਪਰ ਅਸਲ ਵਿੱਚ ਉਹ ਨਿੱਜੀ ਆਜ਼ਾਦੀ, ਬੋਲਣ ਦੀ ਆਜ਼ਾਦੀ, ਘੱਟ-ਗਿਣਤੀਆਂ ਦੇ ਅਧਿਕਾਰਾਂ ਅਤੇ ਸੰਵਿਧਾਨਕ ਮੁੱਲਾਂ ਦੇ ਮਜ਼ਬੂਤ ਹਮਾਇਤੀ ਸਨ। ਉਹ ਬੇਲਗਾਮ ਸਮਾਜਵਾਦ ਅਤੇ ਹੱਦ ਤੋਂ ਵੱਧ ਸਰਕਾਰੀ ਦਖਲ ਦੇ ਆਲੋਚਕ ਸਨ। ਉਨ੍ਹਾਂ ਦੀ ਜ਼ਿੰਦਗੀ ਨਾਲ ਜੁੜੀਆਂ ਕਈ ਘਟਨਾਵਾਂ-ਅਮਰੀਕਾ ਵਿੱਚ ਰਾਜਦੂਤ ਹੋਣਾ, ਦਾਨਸ਼ੀਲਤਾ ਅਤੇ ਨਿਮਰਤਾ; ਉਨ੍ਹਾਂ ਨੂੰ ਇੱਕ ਅਸਾਧਾਰਣ ਵਿਅਕਤੀ ਬਣਾਉਂਦੀਆਂ ਹਨ।**



# 2030 ਤੱਕ ਢਾਈ ਗੁਣਾ ਨਿਵੇਸ਼ ਦੀ ਲੋੜ

**ਪੰਜਾਬੀ ਪਰਵਾਜ਼ ਬਿਊਰੋ**

ਯੂ.ਐਨ. ਦੀ ਇੱਕ ਰਿਪੋਰਟ ਚੇਤਾਵਨੀ ਦਿੰਦੀ ਹੈ ਕਿ ਜੇ ਦੁਨੀਆ ਨੂੰ ਜਲਵਾਯੂ ਸੰਕਟ ਅਤੇ ਜੈਵਿਕ ਵੰਨ-ਸੁਵੰਨਤਾ ਦੇ ਤੇਜ਼ੀ ਨਾਲ ਹੋ ਰਹੇ ਪਤਨ ਤੋਂ ਬਚਾਉਣਾ ਹੈ, ਤਾਂ 2030 ਤੱਕ ਕੁਦਰਤ-ਆਧਾਰਿਤ ਹੱਲਾਂ 'ਚ ਨਿਵੇਸ਼ ਨੂੰ ਢਾਈ ਗੁਣਾ ਕਰਨਾ ਪਵੇਗਾ। ਇਸਦਾ ਮਤਲਬ ਹੈ ਕਿ ਸਾਲਾਨਾ ਨਿਵੇਸ਼ 57,100 ਕਰੋੜ ਡਾਲਰ ਤੱਕ ਲਿਜਾਣਾ ਜ਼ਰੂਰੀ ਹੈ।ਹੈਰਾਨੀ ਦੀ ਗੱਲ ਇਹ ਹੈ ਕਿ ਇੰਨੀ ਵੱਡੀ ਰਕਮ ਵੀ ਵਿਸ਼ਵ ਜੀ.ਡੀ.ਪੀ. ਦਾ ਸਿਰਫ਼ 0.5 ਫੀਸਦੀ ਹੀ ਬਣਦੀ ਹੈ। ਅਰਥਾਤ, ਧਰਤੀ ਨੂੰ ਬਚਾਉਣ ਲਈ ਲੋੜੀਂਦਾ ਪੈਸਾ ਦੁਨੀਆ ਦੀ ਆਰਥਿਕ ਸਮਰੱਥਾ ਦੇ ਮੁਕਾਬਲੇ ਕੋਈ ਅਸੰਭਵ ਬੋਝ ਨਹੀਂ।

ਨੀਤੀਆਂ ਬਦਲਣ ਦੀ ਲੋੜ: ਰਿਪੋਰਟ ਇਹ ਵੀ ਸਾਫ਼ ਕਰਦੀ ਹੈ ਕਿ ਸਿਰਫ਼ ਪੈਸਾ ਵਧਾਉਣ ਨਾਲ ਗੱਲ ਨਹੀਂ ਬਣੇਗੀ, ਸਗੋਂ ਨੀਤੀਆਂ 'ਚ ਬੁਨਿਆਦੀ ਬਦਲਾਅ ਲਿਆਉਣੇ ਪੈਣਗੇ। ਇਸ ਲਈ ਯੂ.ਐਨ.ਈ.ਪੀ. ਨੇ ਇੱਕ ਨਵਾਂ ਢਾਂਚਾ ਪੇਸ਼ ਕੀਤਾ ਹੈ, ਜਿਸਨੂੰ "ਨੇਚਰ ਟ੍ਰਾਂਜ਼ਿਸ਼ਨ ਐਕਸ-ਕਰਵ" ਕਿਹਾ ਗਿਆ ਹੈ। ਇਸ ਢਾਂਚੇ ਦਾ ਮਕਸਦ ਸਰਕਾਰਾਂ ਅਤੇ ਕੰਪਨੀਆਂ ਨੂੰ ਇਹ ਦਿਖਾਉਣਾ ਹੈ ਕਿ ਵਾਤਾਵਰਣ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਸਬਸਿਡੀਆਂ ਅਤੇ ਪੁਰਾਣੇ, ਵਿਨਾਸ਼ਕਾਰੀ ਨਿਵੇਸ਼ਾਂ ਨੂੰ ਕਿਵੇਂ ਹੌਲੀ-ਹੌਲੀ ਖ਼ਤਮ ਕੀਤਾ ਜਾਵੇ ਅਤੇ ਨਾਲ ਹੀ ਕੁਦਰਤ-ਅਨੁਕੂਲ ਨਿਵੇਸ਼ਾਂ ਨੂੰ ਤੇਜ਼ੀ ਨਾਲ ਵਧਾਇਆ ਜਾਵੇ।

ਸ਼ਹਿਰ, ਢਾਂਚਾ ਅਤੇ ਕੁਦਰਤ: ਰਿਪੋਰਟ ਸ਼ਹਿਰੀ ਇਲਾਕਿਆਂ 'ਚ ਹਰੇ-ਭਰੇ ਖੇਤਰ ਵਧਾਉਣ 'ਤੇ ਖ਼ਾਸ ਜ਼ੋਰ ਦਿੰਦੀ ਹੈ, ਤਾਂ ਜੋ ਸ਼ਹਿਰਾਂ 'ਚ ਬਣ ਰਹੇ "ਹੀਟ ਆਇਲੈਂਡ" ਪ੍ਰਭਾਵ ਨੂੰ ਘਟਾਇਆ ਜਾ ਸਕੇ। ਇਸ ਨਾਲ ਨਾ ਸਿਰਫ਼ ਤਾਪਮਾਨ ਕੰਟਰੋਲ 'ਚ ਰਹੇਗਾ, ਸਗੋਂ ਲੋਕਾਂ ਦੀ ਰਹਿਣ-ਸਹਿਣ ਦੀ ਗੁਣਵੱਤਾ ਵੀ ਸੁਧਰੇਗੀ।

ਇਸਦੇ ਨਾਲ ਹੀ ਸੜਕਾਂ, ਊਰਜਾ ਅਤੇ ਹੋਰ ਬੁਨਿਆਦੀ ਢਾਂਚੇ ਬਣਾਉਂਦੇ ਸਮੇਂ ਕੁਦਰਤ ਦੀਆਂ ਵਿਸ਼ੇਸ਼ ਲੋੜਾਂ ਨੂੰ ਧਿਆਨ 'ਚ ਰੱਖਣਾ ਲਾਜ਼ਮੀ ਦੱਸਿਆ ਗਿਆ ਹੈ। ਰਿਪੋਰਟ ਐਸੀਆਂ ਨਿਰਮਾਣ ਸਮੱਗਰੀਆਂ ਦੇ ਉਪਯੋਗ ਦੀ ਗੱਲ ਕਰਦੀ ਹੈ, ਜੋ ਉਤਸਰਜਨ ਘਟਾਉਣ ਜਾਂ ਨਕਾਰਾਤਮਕ ਉਤਸਰਜਨ ਪੈਦਾ ਕਰਨ। ਉਦਾਹਰਨ ਵਜੋਂ ਕਾਰਬਨ ਡਾਈਆਕਸਾਈਡ ਨੂੰ ਵਰਤ ਕੇ ਐਸੀ ਸਮੱਗਰੀ ਬਣਾਉਣਾ, ਜੋ ਵਾਤਾਵਰਣ ਲਈ ਲਾਭਦਾਇਕ ਹੋਵੇ।

ਸਥਾਨਕ ਲੋਕਾਂ ਨਾਲ ਜੁੜੇ ਹੱਲ: ਯੂ.ਐਨ. ਰਿਪੋਰਟ ਇਸ ਗੱਲ 'ਤੇ ਵੀ ਜ਼ੋਰ ਦਿੰਦੀ ਹੈ ਕਿ ਕੁਦਰਤ ਦੀ ਭਲਾਈ ਲਈ ਕੀਤੇ ਜਾ ਰਹੇ ਨਿਵੇਸ਼ ਤਦ ਹੀ ਸਫ਼ਲ ਹੋ ਸਕਦੇ ਹਨ, ਜਦੋਂ ਉਹ ਸਥਾਨਕ ਹਾਲਾਤ, ਸੱਭਿਆਚਾਰ ਅਤੇ ਸਮਾਜ ਨਾਲ ਜੁੜੇ ਹੋਣ। ਇਹ ਹੱਲ ਸਮਾਵੇਸ਼ੀ ਹੋਣੇ ਚਾਹੀਦੇ ਹਨ ਅਤੇ ਹਰ ਵਰਗ ਲਈ ਨਿਆਂਯੋਗ ਹੋਣੇ ਲਾਜ਼ਮੀ ਹਨ।

ਜੇ ਨੀਤੀਆਂ ਅਤੇ ਪ੍ਰੋਜੈਕਟ ਸਿਰਫ਼ ਕਾਗਜ਼ਾਂ ਤੱਕ ਸੀਮਿਤ ਰਹਿ ਗਏ ਜਾਂ ਸਥਾਨਕ ਲੋਕਾਂ ਨੂੰ ਬਿਨਾ ਸ਼ਾਮਲ ਕੀਤੇ ਲਾਗੂ ਕੀਤੇ ਗਏ, ਤਾਂ ਉਹ ਲੰਬੇ ਸਮੇਂ ਤੱਕ ਟਿਕਾਊ ਸਾਬਤ ਨਹੀਂ ਹੋ ਸਕਦੇ।

ਅਖੀਰਲਾ ਸਵਾਲ: ਅਖੀਰ ਸਵਾਲ ਸਿਰਫ਼ ਇਹੀ ਹੈ; ਕੀ ਦੁਨੀਆ ਆਪਣਾ ਪੈਸਾ ਅਜੇ ਵੀ ਵਿਨਾਸ਼ ਦੇ ਰਸਤੇ 'ਤੇ ਵਗਾਉਂਦੀ ਰਹੇਗੀ, ਜਾਂ ਸਮੇਂ ਰਹਿੰਦਿਆਂ ਉਸਨੂੰ ਕੁਦਰਤ ਦੇ ਪੁਨਰਜੀਵਨ ਵੱਲ ਮੋੜੇਗੀ?

ਜੇ ਅੱਜ ਨਿਵੇਸ਼ ਦੀ ਦਿਸ਼ਾ ਨਹੀਂ ਬਦਲੀ ਗਈ, ਤਾਂ ਕੱਲ੍ਹ ਧਰਤੀ ਨੂੰ ਬਚਾਉਣ ਲਈ ਕੋਈ ਵੀ ਕੀਮਤ ਕਾਫ਼ੀ ਨਹੀਂ ਹੋਵੇਗੀ। ਮਨੁੱਖਤਾ ਅੱਗੇ ਇਹ ਇੱਕ ਇਤਿਹਾਸਕ ਚੋਣ ਹੈ। ਜੇ ਅਸੀਂ ਹੁਣ ਵੀ ਕੁਦਰਤ ਦੇ ਨਾਲ ਖੜ੍ਹੇ ਹੋਣ ਦਾ ਫੈਸਲਾ ਨਹੀਂ ਕਰਦੇ, ਤਾਂ ਆਉਣ ਵਾਲੀਆਂ ਪੀੜ੍ਹੀਆਂ ਲਈ ਬਚਾਉਣ ਨੂੰ ਕੁਝ ਵੀ ਨਹੀਂ ਬਚੇਗਾ-ਨਾ ਜੰਗਲ, ਨਾ ਪਾਣੀ, ਨਾ ਸਾਫ਼ ਹਵਾ ਅਤੇ ਨਾ ਹੀ ਸੁਰੱਖਿਅਤ ਧਰਤੀ।

ਵਾਧੂ ਤੱਥ, ਅੰਕੜੇ ਅਤੇ ਚਿੰਤਾਜਨਕ ਸੰਕੇਤ: ਸੰਯੁਕਤ ਰਾਸ਼ਟਰ ਦੀ ਰਿਪੋਰਟ ਦੇ ਅੰਕੜੇ ਸਿਰਫ਼ ਵਿੱਤੀ ਅਸੰਤੁਲਨ ਹੀ ਨਹੀਂ ਦਿਖਾਉਂਦੇ, ਸਗੋਂ ਇਸ ਦੇ ਭਿਆਨਕ ਨਤੀਜਿਆਂ ਵੱਲ ਵੀ ਇਸ਼ਾਰਾ ਕਰਦੇ ਹਨ। ਵਿਸ਼ਵ ਪੱਧਰ 'ਤੇ ਜੈਵਿਕ ਵਿਭਿੰਨਤਾ ਪਹਿਲਾਂ ਹੀ ਗੰਭੀਰ ਸੰਕਟ 'ਚ ਹੈ। ਸੰਯੁਕਤ ਰਾਸ਼ਟਰ ਦੇ ਅਨੁਸਾਰ ਧਰਤੀ 'ਤੇ ਮੌਜੂਦ ਲਗਭਗ ਦਸ ਲੱਖ ਪੌਦਿਆਂ ਅਤੇ ਜਾਨਵਰਾਂ ਦੀਆਂ ਕਿਸਮਾਂ ਅੱਜ ਲੁਪਤ ਹੋਣ ਦੇ ਖ਼ਤਰੇ ਹੇਠ ਹਨ। ਜੰਗਲਾਂ ਦੀ ਕਟਾਈ, ਜਲ ਸਰੋਤਾਂ ਦੀ ਅਤਿ-ਅਧਿਕ ਖਪਤ ਅਤੇ ਉਦਯੋਗੀ ਪ੍ਰਦੂਸ਼ਣ ਇਸਦਾ ਮੁੱਖ ਕਾਰਨ ਬਣ ਰਹੇ ਹਨ।

ਜਲਵਾਯੂ ਬਦਲਾਅ ਦੇ ਮੋਰਚੇ 'ਤੇ ਵੀ ਹਾਲਾਤ ਚਿੰਤਾਜਨਕ ਹਨ। ਪਿਛਲੇ ਸੌ ਸਾਲਾਂ 'ਚ ਧਰਤੀ ਦਾ ਔਸਤ ਤਾਪਮਾਨ ਕਰੀਬ 1.2 ਡਿਗਰੀ ਸੈਲਸੀਅਸ ਵੱਧ ਚੁੱਕਾ ਹੈ, ਜਿਸ ਕਾਰਨ ਗਰਮੀ ਦੀਆਂ ਲਹਿਰਾਂ, ਸੋਕੇ, ਹੜ੍ਹਾਂ ਅਤੇ ਤੂਫ਼ਾਨ ਪਹਿਲਾਂ ਨਾਲੋਂ ਕਾਫ਼ੀ ਤੇਜ਼ ਅਤੇ ਵੱਧ ਆ ਰਹੇ ਹਨ। ਵਿਸ਼ਵ ਬੈਂਕ ਦੇ ਅਨੁਮਾਨ ਮੁਤਾਬਕ ਜੇ ਇਹ ਰੁਝਾਨ ਜਾਰੀ ਰਿਹਾ, ਤਾਂ 2030 ਤੱਕ ਕਰੋੜਾਂ ਲੋਕ ਗਰੀਬੀ ਦੀ ਨਵੀਂ ਲਹਿਰ ਦਾ ਸ਼ਿਕਾਰ ਹੋ ਸਕਦੇ ਹਨ।

ਰਿਪੋਰਟ ਇਹ ਵੀ ਦਰਸਾਉਂਦੀ ਹੈ ਕਿ ਜੇ ਕੁਦਰਤ-ਆਧਾਰਿਤ ਹੱਲਾਂ 'ਚ ਨਿਵੇਸ਼ ਕੀਤਾ ਜਾਵੇ, ਤਾਂ ਸਿਰਫ਼ ਵਾਤਾਵਰਣ ਹੀ ਨਹੀਂ, ਸਗੋਂ ਅਰਥਵਿਵਸਥਾ ਨੂੰ ਵੀ ਲਾਭ ਹੋ ਸਕਦਾ ਹੈ। ਅੰਕੜਿਆਂ ਅਨੁਸਾਰ ਹਰੇ-ਭਰੇ ਢਾਂਚੇ, ਜੰਗਲਾਂ ਦੀ ਸੰਭਾਲ ਤੇ ਟਿਕਾਊ ਖੇਤੀ 'ਚ ਕੀਤਾ ਹਰ ਇੱਕ ਡਾਲਰ ਦਾ ਨਿਵੇਸ਼ ਲਗਭਗ 3 ਤੋਂ 5 ਡਾਲਰ ਦਾ ਸਮਾਜਿਕ ਅਤੇ ਆਰਥਿਕ ਲਾਭ ਵਾਪਸ ਦੇ ਸਕਦਾ ਹੈ। ਇਸ ਲਈ ਸਵਾਲ ਹੁਣ 'ਪੈਸਾ ਹੈ ਜਾਂ ਨਹੀਂ" ਦਾ ਨਹੀਂ, ਸਗੋਂ ਇਹ ਹੈ ਕਿ ਅਸੀਂ ਪੈਸੇ ਨੂੰ ਕਿਸ ਦਿਸ਼ਾ ਵੱਲ ਮੋੜਨਾ ਚਾਹੁੰਦੇ ਹਾਂ!

## ਭਾਰਤੀ ਸੰਵਿਧਾਨ ਦਾ ਯੂ.ਐਨ.ਓ. ਉਤੇ ਪ੍ਰਭਾਵ

ਦਾ 8 ਵਾਰ (16 ਸਾਲ) ਅਸਥਾਈ ਮੈਂਬਰ ਰਿਹਾ ਹੈ ਅਤੇ ਹੁਣ ਇਹ ਵੀ ਸੰਭਾਵਨਾ ਹੈ ਕਿ ਭਾਰਤ ਯੂ.ਐਨ. ਸਿਕਿਉਰਿਟੀ ਕੌਂਸਲ ਦਾ ਸਥਾਈ ਮੈਂਬਰ ਵੀ ਬਣ ਸਕਦਾ ਹੈ।

ਭਾਰਤੀ ਸੰਵਿਧਾਨ ਵਿੱਚ ਮੁਢਲੇ ਅਧਿਕਾਰ (ਭਾਗ 3, ਆਰਟੀਕਲ 12 ਤੇ 35), ਅਤੇ ਮੁਢਲੇ ਫ਼ਰਜ਼ (ਭਾਗ 4 ਏ, ਆਰਟੀਕਲ 51 ਏ) ਦੋਵੇਂ ਭਾਰਤੀ ਨਾਗਰਿਕਾਂ ਲਈ ਅਹਿਮ ਹਨ। ਇਸਦੇ ਨਾਲ ਹੀ ਭਾਰਤੀ ਸੰਵਿਧਾਨ ਦੇ ਭਾਗ 4 ਆਰਟੀਕਲ 36 ਤੋਂ 51 ਰਾਜਨੀਤੀ ਦੇ ਨਿਰਦੇਸ਼ਕ ਸਿਧਾਤਾਂ ਨੇ ਭਾਰਤ ਨੂੰ ਇੱਕ ਕਲਿਆਣਕਾਰੀ ਲੋਕਤੰਤਰੀ ਗਣਰਾਜ ਬਣਾਇਆ ਹੈ। ਇਹ ਤਿੰਨੇ ਭਾਗ ਭਾਰਤ ਦੇ ਸੰਵਿਧਾਨ ਨੂੰ ਇੱਕ ਜੀਵੰਤ ਦਸਤਾਵੇਜ਼ ਬਣਾਉਂਦੇ ਹਨ। ਲਿਹਾਜ਼ਾ ਭਾਰਤ ਦਾ

## ਪੀ.ਸੀ.ਐਸ. ਸ਼ਿਕਾਗੋ ਦੇ ਸਾਲਾਨਾ ਡਰਾਇੰਗ ਮੁਕਾਬਲੇ

# ਕਲਾ ਰਾਹੀਂ ਇਤਿਹਾਸ ਸੰਭਾਲਣ ਦਾ ਸ਼ਲਾਘਾਯੋਗ ਉਪਰਾਲਾ

**ਪੰਜਾਬੀ ਪਰਵਾਜ਼ ਬਿਊਰੋ**



**ਸ਼ਿਕਾਗੋ:** ਕਲਾ ਰਾਹੀਂ ਇਤਿਹਾਸ ਨੂੰ ਸੰਭਾਲਣ ਦੇ ਨਜ਼ਰੀਏ ਤੋਂ ਪੰਜਾਬੀ ਸੱਭਿਆਚਾਰਕ ਸੁਸਾਇਟੀ (ਪੀ.ਸੀ.ਐਸ.) ਸ਼ਿਕਾਗੋ ਵੱਲੋਂ ਕਰਵਾਏ ਗਏ ਦੂਜੇ ਕਲਾ ਤੇ ਰੰਗਾਂ ਦੇ ਮੁਕਾਬਲੇ ਇਸ ਲਈ ਵੀ ਦਿਲਚਸਪ ਸਨ ਕਿ ਠੰਡ ਹੋਣ ਦੇ ਬਾਵਜੂਦ ਵੱਖ-ਵੱਖ ਵਰਗਾਂ ਦੇ ਬੱਚਿਆਂ ਵੱਲੋਂ ਇਨ੍ਹਾਂ ਵਿੱਚ ਸ਼ਮੂਲੀਅਤ ਕਰ ਕੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ ਗਿਆ।


ਪੀ.ਸੀ.ਐਸ. ਸ਼ਿਕਾਗੋ ਦੀ ਟੀਮ ਵੀ ਇਸ ਦੂਜੇ ਸਾਲਾਨਾ ਯੁਵਾ ਕਲਾ ਮੁਕਾਬਲੇ ਦੀ ਮੇਜ਼ਬਾਨੀ ਕਰਦੀ ਮਾਣ ਬਿਕਰਮ ਸੋਹੀ ਦੀ ਪ੍ਰੇਰਨਾਦਾਇਕ ਅਗਵਾਈ ਹੇਠ ਕਰਵਾਇਆ ਗਿਆ ਅਤੇ ਪੀ.ਸੀ.ਐਸ. ਦੇ ਬਾਕੀ ਨਵੇਂ-ਪੁਰਾਣੇ ਅਹੁਦੇਦਾਰਾਂ ਨੇ ਇਸ ਸਮਾਗਮ ਦੀ ਸਫਲਤਾ ਲਈ ਪੂਰਨ ਸਹਿਯੋਗ ਦਿੱਤਾ।

ਇਸ ਸਾਲ ਦੇ ਮੁਕਾਬਲੇ ਵਿੱਚ ਤਿੰਨ ਵਿਦਿਅਕ ਪੱਧਰਾਂ- ਐਲੀਮੈਂਟਰੀ ਸਕੂਲ, ਮਿਡਲ ਸਕੂਲ ਅਤੇ ਹਾਈ ਵਿਸ਼ਾ 1799-1849 ਦੇ ਵਿਚਕਾਰ ਪੰਜਾਬ 'ਤੇ ਕੇਂਦ੍ਰਿਤ ਸੀ, ਜੋ ਕਿ ਸ਼ੁਕਰਚੱਕੀਆ ਮਿਸਲ ਦੇ ਮਹਾਰਾਜਾ ਰਣਜੀਤ ਸਿੰਘ ਦੇ ਅਧੀਨ ਸਿੱਖ ਸਾਮਰਾਜ ਦੇ ਯੁੱਗ ਨੂੰ ਉਜਾਗਰ ਕਰਦਾ ਸੀ। ਜਦੋਂ ਬੱਚੇ ਹਾਲ ਵਿੱਚ ਬੈਠੇ ਆਪੋ-ਆਪਣੀ ਸਮਝ ਮੁਤਾਬਕ ਚਿੱਤਰ ਵਾਹ ਰਹੇ ਸਨ ਤੇ ਚਿੱਤਰਾਂ ਵਿੱਚ ਰੰਗ ਭਰ ਰਹੇ ਸਨ ਤਾਂ ਇਉਂ ਲੱਗ ਰਿਹਾ ਸੀ ਕਿ ਉਹ










ਸਾਲਾਨਾ ਡਰਾਇੰਗ ਮੁਕਾਬਲੇ ਦਾ ਉਪਰਾਲਾ ਸ਼ਲਾਘਾਯੋਗ ਤਾਂ ਸੀ ਹੀ, ਸਗੋਂ ਬੱਚਿਆਂ ਦੀ ਪ੍ਰਤਿਭਾ ਨੂੰ ਉਤਸ਼ਾਹਿਤ ਕਰਨ ਦਾ ਵੀ ਖਾਸ ਉਦਮ ਸੀ। ਲੰਘੇ ਦਿਨੀਂ ਸ਼ਾਮਬਰਗ ਦੇ ਨੈਸ਼ਨਲ ਇੰਡੀਆ ਹੱਬ ਵਿੱਚ ਕਰਵਾਏ ਗਏ ਇਹ ਮਹਿਸੂਸ ਕਰ ਰਹੀ ਸੀ। ਪੀ.ਸੀ.ਐਸ. ਅਨੁਸਾਰ ਬੱਚਿਆਂ ਅਤੇ ਨੌਜਵਾਨਾਂ ਵਿੱਚ ਪੰਜਾਬੀ ਵਿਰਾਸਤ ਤੇ ਸਿਰਜਣਾਤਮਕਤਾ ਨੂੰ ਉਤਸ਼ਾਹਿਤ ਕਰਨ ਲਈ ਇਹ ਇੱਕ ਹੋਰ ਮਹੱਤਵਪੂਰਨ ਕਦਮ ਹੈ। ਇਹ ਸਮਾਗਮ ਪੀ.ਸੀ.ਐਸ.-2026 ਦੇ ਪ੍ਰਧਾਨ ਸਕੂਲ (ਟੈਂਪਲੇਟ ਸ਼੍ਰੇਣੀ ਤੇ ਫ੍ਰੀ ਹੈਂਡ ਸ਼੍ਰੇਣੀ) ਵਿੱਚ ਉਤਸ਼ਾਹਜਨਕ ਭਾਗੀਦਾਰੀ ਦੇਖਣ ਨੂੰ ਮਿਲੀ। 30 ਤੋਂ ਵੱਧ ਬੱਚਿਆਂ ਨੇ ਆਪਣੀ ਕਲਾਤਮਕ ਪ੍ਰਤਿਭਾ ਅਤੇ ਇਤਿਹਾਸਕ ਸਮਝ ਦਾ ਪ੍ਰਦਰਸ਼ਨ ਕੀਤਾ। ਇਨ੍ਹਾਂ ਮੁਕਾਬਲਿਆਂ ਲਈ ਇਸ ਲਈ ਤਿਆਰੀ ਕਰ ਕੇ ਆਏ ਹਨ। ਇਸ ਮੌਕੇ ਮੌਜੂਦ ਮਾਪਿਆਂ ਅਤੇ ਹੋਰ ਪਤਵੰਤਿਆਂ ਦਾ ਕਹਿਣਾ ਸੀ ਕਿ ਇਸ ਤਰ੍ਹਾਂ ਦੇ ਪ੍ਰੋਗਰਾਮਾਂ ਨਾਲ ਬੱਚੇ ਆਪਣੇ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ








# ਪੈਲਾਟਾਈਨ ਗੁਰੂਘਰ ’ਚ ਕਾਰਸੇਵਾ ਦੀ 18ਵੀਂ ਵਰ੍ਹੇਗੰਢ ਮੌਕੇ ਸਮਾਗਮ

**ਸ਼ਿਕਾਗੋ:** ਗੁਰਦੁਆਰਾ ਪੈਲਾਟਾਈਨ ਵਿਖੇ ਲੰਘੇ ਦਿਨੀਂ ਕਾਰਸੇਵਾ ਦੀ 18ਵੀਂ ਵਰ੍ਹੇਗੰਢ ਮਨਾਈ ਗਈ। ਇਸ ਮੌਕੇ ਕਾਰਸੇਵਾ ਜਥੇ ਦੇ ਸ. ਸਤਨਾਮ ਸਿੰਘ ਔਲਖ ਨੇ ਆਈ ਸੰਗਤ ਨੂੰ ਦੱਸਿਆ ਕਿ 2025 ਦੀਆਂ ਸਮੂਹ ਸੇਵਾਵਾਂ-ਗੁਰੂ ਤੇਗ ਬਹਾਦੁਰ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸਨ। ਉਨ੍ਹਾਂ ਸਾਲ 2008 ਤੋਂ ਹੋਈਆਂ ਵੱਡੀਆਂ ਸੇਵਾਵਾਂ ਦਾ ਵੇਰਵਾ ਸਾਂਝਾ ਕਰਦਿਆਂ ਦੱਸਿਆ ਕਿ ਗੁਰਦੁਆਰਾ ਸਾਹਿਬ ਦੇ ਚਾਰ-ਚੁਫ਼ੇਰੇ ਜੰਗਲੀ ਗਲੇ ਸੜੇ ਰੁੱਖਾਂ, ਝਾੜੀਆਂ ਦੀ ਸਫ਼ਾਈ ਕਰ ਕੇ ਅੱਜ ਦੀ ਤਰੀਕ ਵਿੱਚ 779 ਫ਼ਲਦਾਰ, ਫੁੱਲਦਾਰ ਅਤੇ ਸਦਾਬਹਾਰ ਪੌਦੇ ਲੱਗੇ ਹਨ, ਜਿਨ੍ਹਾਂ ਦੀ ਸੇਵਾ-ਸੰਭਾਲ ਵੀ ਨਿਰੰਤਰ ਹੋ ਰਹੀ ਹੈ।

ਸਾਲ 2008-09 ਵਿੱਚ ਪੂਰੀ ਗੁਰਦੁਆਰਾ ਇਮਾਰਤ ਦੀ ਮੁਰੰਮਤ ਕਰ ਰੰਗ-ਰੋਗਨ ਹੋਇਆ। ਸਾਲ 2011 ਤੋਂ 2018 ਤੱਕ ਉੱਤਰ-ਪੱਛਮ ਵਾਲੇ ਕੋਨੇ ਵਿੱਚ ਕਰੀਬ ਇੱਕ ਏਕੜ ਜੰਗਲ ਦੀ ਸਾਫ ਸਫ਼ਾਈ ਕੀਤੀ ਗਈ ਅਤੇ ਸਾਲ 2021 ਵਿੱਚ ਗੁਰੂ ਤੇਗ ਬਹਾਦੁਰ ਜੀ ਦੇ 400 ਸਾਲਾ ਪ੍ਰਕਾਸ਼ ਪੂਰਬ ਨੂੰ ਸਮਰਪਿਤ 127 ਫਲ ਤੇ ਫੁੱਲਦਾਰ ਰੁੱਖ ਸੇਵਕਾਂ ਅਤੇ ਸਾਧ ਸੰਗਤ ਦੇ ਸਹਿਯੋਗ ਨਾਲ ਲਾਏ ਗਏ। ਸਾਲ 2016 ਵਿੱਚ ਬਾਬਾ ਬੰਦਾ ਸਿੰਘ ਬਹਾਦੁਰ ਜੀ ਦੀ 300 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸਮਾਗਮ ਕਰਵਾ ਕੇ ਏ.ਵੀ. ਰੂਮ ਦੇ ਸਾਹਮਣੇ ਬਾਬਾ ਜੀ ਦੀਆਂ ਪ੍ਰਾਪਤੀਆਂ ਦੀ ਤਸਵੀਰ ਸਥਾਪਿਤ ਕੀਤੀ ਗਈ। ਅਗਸਤ 2017 ਵਿੱਚ ਸ. ਓਂਕਾਰ ਸਿੰਘ ਢਿੱਲੋਂ ਅਤੇ ਓਂਕਾਰ ਸਿੰਘ ਲਾਲ ਨੇ ਹੋਰਾਂ ਸੰਗਤਾਂ ਦੇ ਵਾਅਦੇ ਅਨੁਸਾਰ 6-7 ਮਹੀਨਿਆਂ ਵਿੱਚ ਸੰਗਤ ਦੇ ਸਹਿਯੋਗ ਨਾਲ 4 ਲੱਖ ਡਾਲਰ ਇਕੱਤਰ ਕਰ ਕੇ ਮੇਜਰ ਗੁਰਚਰਨ ਸਿੰਘ ਝੱਜ ਦੇ ਸਹਿਯੋਗ ਨਾਲ ਪੁਰਾਣੀ ਚਰਚ ਦੀ ਇਮਾਰਤ ਖਰੀਦੀ ਗਈ ਅਤੇ ਟੈਕਸ ਛੋਟ ਕਰਵਾਈ ਗਈ।

ਕਾਰਸੇਵਾ ਵਰ੍ਹੇਗੰਢ ਮੌਕੇ ਦੱਸਿਆ ਗਿਆ ਕਿ ਸਾਲ 2019 ਵਿੱਚ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੂਰਬ ਨੂੰ ਸਮਰਪਿਤ ਨਿਸ਼ਕਾਮ ਸੇਵਕਾਂ ਅਤੇ ਸ਼ਿਕਾਗੋਲੈਂਡ ਦੀ ਸੰਗਤ ਦੇ ਸਹਿਯੋਗ ਨਾਲ ਪੂਰੀ ਬਿਲਡਿੰਗ ਦੀ ਮੁਰੰਮਤ, ਰੰਗ-ਰੋਗਨ, ਅੰਦਰ-ਬਾਹਰ ਲੱਗੀਆਂ ਲੈਡ ਲਾਈਟਾਂ ਖਰੀਦਣ ਦੀ ਸੇਵਾ ਮਰਹੂਮ ਇਲੈਕਟਰੀਕਲ ਇੰਜੀਨੀਅਰ ਸ. ਰਣਜੀਤ ਸਿੰਘ ਨੇ ਕੀਤੀ ਅਤੇ ਲਾਉਣ ਦੀ ਸੇਵਾ ਨਿਸ਼ਕਾਮ ਸੇਵਕਾਂ ਦੀ ਇਲੈਕਟਰੀਕਲ ਟੀਮ ਦੇ ਮਾਹਰਾਂ ਨੇ ਕੀਤੀ।

ਸੰਗਤ ਦੇ ਸਹਿਯੋਗ ਨਾਲ ਪ੍ਰਕਾਸ਼ ਪੂਰਬ ਅਤੇ ਸ਼ਹੀਦਾਂ ਦੀਆਂ ਸ਼ਹਾਦਤਾਂ ਪ੍ਰਤੀ 29 ਪ੍ਰਦਰਸ਼ਨੀਆਂ ਤਿਆਰ ਹਨ, ਜੋ ਸੇਵਕ ਦਿਨ ਦਿਹਾਰ ‘ਤੇ ਲਾਉਣ ਦੇ ਨਾਲ-ਨਾਲ ਸੇਵਾ-ਸੰਭਾਲ ਕਰਦੇ ਆ ਰਹੇ ਹਨ। ਕਾਰਸੇਵਾ ਦੇ ਕਮਰੇ ਵਿੱਚ ਗੁਰਦੁਆਰਾ ਸਾਹਿਬ ਦੇ ਅੰਦਰ ਵਰਤੋਂ ਵਾਲਾ ਸਮਾਨ ਅਤੇ ਔਜ਼ਾਰ 31 ਪਲਾਸਟਿਕ ਦੇ ਡੱਬਿਆਂ ਵਿੱਚ ਤਰਤੀਬਬੱਧ ਰੱਖਿਆ ਗਿਆ ਹੈ। ਕਾਰਸੇਵਾ ਦੀ ਵਰਕਸ਼ਾਪ 2019 ਵਿੱਚ ਸ. ਓਂਕਾਰ ਸਿੰਘ ਲਾਲ ਨੇ ਖੁਦ ਅਤੇ ਉਨ੍ਹਾਂ ਦੀ ਨਿਗਰਾਨੀ ਹੇਠ ਉਸਾਰੀ ਗਈ, ਜਿਸ ਵਿੱਚ ਮੌਸਮ ਅਨੁਸਾਰ ਮਸ਼ੀਨਾਂ, ਪਾਵਰ ਟੂਲ ਅਤੇ ਹੈਂਡੀ ਟੂਲ ਉਪਲਬਧ ਹਨ। ਇਸ ਵਕਤ ਗੱਡੀਆਂ, ਗੌਲਫ ਕਾਰਟ, ਲਾਅਨਮੂਵਰ, ਟੂਲ, ਕੰਪਰੈਸ਼ਰ ਆਦਿ ਜੋ ਕਰੀਬ 80-90 ਹਜ਼ਾਰ ਡਾਲਰ ਦੇ ਹੋਣਗੇ, ਸੰਗਤਾਂ, ਨਿਸ਼ਕਾਮ ਸੇਵਕਾਂ ਅਤੇ ਪ੍ਰਬੰਧਕ ਕਮੇਟੀ ਦੇ ਸਹਿਯੋਗ ਕਰਕੇ ਉਪਲਬਧ ਹਨ।

ਇਸ ਤੋਂ ਇਲਾਵਾ ਗੁਰਦੁਆਰਾ ਸਾਹਿਬ ਦੇ ਸੇਵਕਾਂ ਦੇ ਉਦਮ ਸਦਕਾ ਸਿੱਖ ਇਨਫਰਮੇਸ਼ਨ ਗੈਲਰੀ ਵਿੱਚ ਪੰਜਾਬੀ ਅਤੇ ਅੰਗਰੇਜ਼ੀ ਵਿੱਚ 15 ਤਸਵੀਰਾਂ ਉਪਲਬਧ ਹਨ, ਜੋ ਦੂਸਰੇ ਧਰਮਾਂ ਦੇ ਆਉਣ ਵਾਲੇ ਸ਼ਰਧਾਲੂਆਂ ਨੂੰ ਸਿੱਖ ਧਰਮ ਬਾਰੇ ਮੁਢਲੀ ਜਾਣਕਰੀ ਦਿੰਦੀਆਂ ਹਨ। ਇਸ ਨੂੰ ਡਿਜੀਟਲ ਬਣਾਉਣ ਵਾਸਤੇ ਸੇਵਕਾਂ ਵੱਲੋਂ ਯੋਜਨਾ ਤਿਆਰ ਕੀਤੀ ਜਾ ਰਹੀ ਹੈ।

ਸੰਗਤਾਂ ਵੱਲੋਂ ਖਰੀਦੇ 90 ਫਲ, ਫੁੱਲਦਾਰ ਅਤੇ ਸਦਾਬਹਾਰ ਰੁੱਖ ਤੇ ਪੌਦੇ ਗੁਰਦੁਆਰਾ ਸਾਹਿਬ ਦੀਆਂ ਦੋਹਾਂ ਇਮਾਰਤਾਂ ਦੀ ਹਦੂਦ ਅੰਦਰ ਲਾਏ ਗਏ ਹਨ। ਜਲਦੀ ਸਰਦੀ ਆਉਣ ਦੀ ਵਜ੍ਹਾ ਕਰਕੇ ਬਚੇ 6 ਰੁੱਖ ਅਤੇ ਪੈਲਾਟਾਈਨ ਵਿਲੇਜ ਪ੍ਰਸ਼ਾਸਨ ਵੱਲੋਂ ਵਿਨੇਟਕਾ ਸਟਰੀਟ ‘ਤੇ 2 ਰੁੱਖ ਬਸੰਤ ਰੁੱਤੇ ਲੱਗ ਰਹੇ ਹਨ। ਇਨ੍ਹਾਂ ਰੁੱਖਾਂ ਦੀ ਕੀਮਤ ਲਵਾਈ ਸਮੇਤ ਕਰੀਬ 30 ਹਜ਼ਾਰ ਡਾਲਰ ਹੈ, ਜੋ ਦਾਨੀ ਸੱਜਣਾਂ ਵੱਲੋਂ ਕੀਤੀ ਗਈ।

ਇਸ ਤੋਂ ਇਲਾਵਾ ਦਾਨੀ ਸੱਜਣਾਂ ਵੱਲੋਂ ਕਰੀਬ 18 ਹਜ਼ਾਰ ਦੇ ਹਾਰਡਵੇਅਰ ਅਤੇ ਨਵਾਂ ਸਕਰੱਬਰ ਜਨਵਰੀ 2025 ਤੋਂ ਖਰੀਦ ਨਿਸ਼ਕਾਮ ਸੇਵਕ ਫਰਸ਼ ਦੀ ਪੇਸ਼ੇਵਰ ਸਫ਼ਾਈ ਇੱਕ ਸਾਲ ਤੋਂ ਕਰਦੇ ਆ ਰਹੇ ਹਨ। ਦਾਨੀ ਸੱਜਣਾਂ ਵੱਲੋਂ 5905 ਡਾਲਰ ਕਾਰਸੇਵਾ ਦੇ ਕੰਮਾਂ ਵਾਸਤੇ ਦਿੱਤੇ ਗਏ ਹਨ। ਸ. ਔਲਖ ਨੇ ਕਮੇਟੀ ਨੂੰ ਬੇਨਤੀ ਕੀਤੀ ਕਿ ਇਹ ਭੇਟਾ ਕਾਰਸੇਵਾ ਦੇ ਕਾਰਜਾਂ ਵਾਸਤੇ ਹੀ ਵਰਤੀ ਜਾਵੇ ਅਤੇ ਹਰ ਮਹੀਨੇ ਤੇ ਬਜਟ ਵਿੱਚ ਵੀ ਦਰਜ ਕਰ ਸੰਗਤਾਂ ਨੂੰ ਜਾਣੂੰ ਕਰਵਾਇਆ ਜਾਵੇ।

ਸੰਗਤ ਨੂੰ ਜਾਣੂੰ ਕਰਵਾਇਆ ਗਿਆ ਕਿ ਰੁੱਖਾਂ ਦੀ ਸੇਵਾ-ਸੰਭਾਲ, ਜੈਵਿਕ ਖੇਤੀ ਅਤੇ ਵਰਕਸ਼ਾਪ ਵਿੱਚ ਪਈਆਂ ਮਸ਼ੀਨਾਂ ਤੇ ਔਜ਼ਾਰਾਂ ਦੀ ਉਪਲਬਧੀ ਵੇਖ 2023 ਵਿੱਚ ਪਾਰਲੀਮੈਂਟ ਆਫ ਵਰਲਡਜ਼ ਰਿਲੀਜ਼ਨ ਵਿੱਚ ਆਏ ਗੁਰੂ ਨਾਨਕ ਨਿਸ਼ਕਾਮ ਸੇਵਕ ਯੂ.ਕੇ. ਦੇ ਭਾਈ ਮਹਿੰਦਰ ਸਿੰਘ ਅਤੇ ਜਥੇ ਨੇ ਪ੍ਰਬੰਧਕਾਂ ਅਤੇ ਸੇਵਕਾਂ ਦੀ ਪ੍ਰਸ਼ੰਸਾ ਕੀਤੀ। ਇਸ ਤੋਂ ਇਲਾਵਾ ਖਡੂਰ ਸਾਹਿਬ ਕਾਰਸੇਵਾ ਵਾਲੇ ਬਾਬਾ ਸੇਵਾ ਸਿੰਘ ਨੇ ਗੁਰਦੁਆਰਾ ਦਰਬਾਰ ਹਾਲ ਵਿੱਚ ਖਡੂਰ ਸਾਹਿਬ ਵਿਖ਼ੇ ਵਾਤਾਵਰਣ ਅਤੇ ਵਿਦਿਆ ਪ੍ਰਤੀ ਪ੍ਰਾਪਤੀਆਂ ਬਾਰੇ ਹਾਜ਼ਰ ਸੰਗਤਾਂ ਨੂੰ ਜਾਣੂੰ ਕਰਵਾਇਆ। ਜਦੋਂ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਪ੍ਰੋਫੈਸਰ ਮਨਜੀਤ ਸਿੰਘ ਪ੍ਰਬੰਧਕ ਕਮੇਟੀ ਦੇ ਸੱਦੇ ‘ਤੇ ਆਏ ਸਨ, ਉਦੋਂ ਉਨ੍ਹਾਂ ਬਾਹਰਲੀ ਦਿੱਖ ਦੀ ਪ੍ਰਸ਼ੰਸਾ ਕਰਦਿਆਂ ਜੈਵਿਕ ਦਵਾਈਆਂ ਤਿਆਰ ਕਰ ਰੁੱਖਾਂ ਦੀਆਂ ਬਿਮਾਰੀਆਂ ਸਮੇਂ ਛਿੜਕਾਅ ਕਰਨ ਦੇ ਨੁਸਖੇ ਦੱਸੇ ਸਨ।

ਸਾਲ 2025 ਵਿੱਚ ਨਿਸ਼ਕਾਮ ਸੇਵਕਾਂ ਨੇ ਹੱਥੀਂ ਸੇਵਾ ਕਰ ਕੇ ਤਿੰਨ ਲੱਖ ਡਾਲਰ ਦੇ ਕਰੀਬ ਬੱਚਤ ਕਰ ਗੁਰੂ ਕੀ ਗੋਲਕ ਨੂੰ ਮਜਬੂਤ ਕੀਤਾ ਹੈ। ਨਿਸ਼ਕਾਮ ਸੇਵਕ ਆਪਣੀਆਂ ਸੇਵਾਵਾਂ ਦੇ ਨਾਲ-ਨਾਲ ਸਿੱਖੀ ਪ੍ਰਚਾਰ ਵਾਸਤੇ ਸੈਮੀਨਾਰ, ਸਾਕੇ, ਮੋਰਚੇ, ਘੱਲੂਘਾਰੇ ਅਤੇ ਗੜ੍ਹੀ ਦੀਆਂ ਜੰਗਾਂ ਦੀ ਜਾਣਕਾਰੀ ਦਿਨ-ਦਿਹਾਰ ‘ਤੇ ਸੰਗਤਾਂ ਨਾਲ ਪ੍ਰਦਰਸ਼ਨੀਆਂ, ਇਸ਼ਤਿਹਾਰਾਂ, ਪੇਸ਼ਕਸ਼ਾਂ ਰਾਹੀ ਸਾਂਝੀ ਕਰਦੇ ਹਨ। ਸੇਵਕਾਂ ਦੀ ਕੋਸ਼ਿਸ਼ ਹੈ ਕਿ ਪ੍ਰਚਾਰ ਰਾਹੀਂ ਸੰਗਤਾਂ ਨੂੰ ਵੱਧ ਤੋਂ ਵੱਧ ਸਿੱਖੀ ਪ੍ਰਤੀ ਜਾਣੂੰ ਕਰਵਾਇਆ ਜਾਵੇ।

ਸਾਲ 2023 ਤੋਂ ਨਿਸ਼ਕਾਮ ਸੇਵਾਵਾਂ ਦੀ ਟੀਮਾਂ ਦੀ ਜ਼ਰੂਰਤ ਅਨੁਸਾਰ ਨਵੀਂ ਤਰਤੀਬ ਦਿੱਤੀ ਗਈ ਹੈ, ਤਾਂ ਜੋ ਹੋ ਰਹੀਆਂ ਸੇਵਾਵਾਂ ਵਿੱਚ ਵਾਧਾ ਹੋਵੇ। ਨਵੀਂ ਤਰਤੀਬ ਨੂੰ ਬਣਨ ਵਾਲੇ ਕਿਤਾਬਚਿਆਂ ਵਿੱਚ ਦਰਜ ਕੀਤਾ ਜਾ ਰਿਹਾ ਹੈ। ਸ. ਔਲਖ ਨੇ ਸਮੂਹ ਸੰਗਤ ਨੂੰ ਆਪਣਾ ਫੋਨ ਨੰਬਰ ਕਾਰਸੇਵਾ ਦੇ ਵ੍ਹੱਟਸਐਪ ਗਰੁੱਪ ਵਿੱਚ ਦਾਖਲ ਕਰਨ ਦੀ ਬੇਨਤੀ ਕੀਤੀ ਹੈ, ਜਿਸ ਨਾਲ ਗੁਰਦੁਆਰਾ ਸਾਹਿਬ ਵਿਖ਼ੇ ਰੋਜ਼ਾਨਾ ਹੋ ਰਹੀਆਂ ਸੇਵਾਵਾਂ ਅਤੇ ਹੋਣ ਵਾਲੀਆਂ ਸੇਵਾਵਾਂ ਦੀ ਜਾਣਕਾਰੀ ਮਿਲਦੀ ਰਹੇਗੀ।

ਸ. ਸਤਨਾਮ ਸਿੰਘ ਔਲਖ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਦੇ ਚੁਫੇਰੇ ਜੰਗਲ ਦੀ ਸਫ਼ਾਈ ਦੇ ਨਾਲ-ਨਾਲ ਗੁਰਦੁਆਰਾ ਇੰਟਰਨਲ ਆਡਿਟ, ਰਿਕਾਰਡ ਅਤੇ ਲੀਗਲ ਇਸ਼ੂ ਕਮੇਟੀ ਦੇ ਚੇਅਰਮੈਨ ਦੀ ਡਿਊਟੀ ਕਰਦਿਆਂ ਉਨ੍ਹਾਂ ਗੁਰਦੁਆਰਾ ਸਾਹਿਬ ਦੇ ਅਸਲੀ ਦਸਤਾਵੇਜ਼ਾਂ ਨੂੰ ਗੁਰੂ ਘਰ ਵਿੱਚੋਂ ਇਕੱਠਾ ਕਰ, ਸਾਬਕਾ ਕਮੇਟੀਆਂ ਨੂੰ ਬੇਨਤੀ ਕਰ, ਅਲੱਗ-ਅਲੱਗ ਮਜਮੂਨ ਅਤੇ ਸਾਲ ਵਾਰ ਕਰ 350 ਦੇ ਕਰੀਬ ਬਾਈਂਡਰ ਨਿਸ਼ਕਾਮ ਸੇਵਕਾਂ ਦੇ ਸਹਿਯੋਗ ਨਾਲ ਤਿਆਰ ਅਤੇ ਕਲਮਬੰਦ ਕਰ ਆਉਣ ਵਾਲੀਆਂ ਕਮੇਟੀਆਂ ਦੇ ਹਵਾਲੇ ਕੀਤੇ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸਾਹਿਬ ਦੇ ਅਸਲੀ ਦਸਤਾਵੇਜ਼ ਸਿੱਖ ਰਿਲੀਜੀਅਸ ਸੁਸਾਇਟੀ ਦੀ ਰੀੜ੍ਹ ਦੀ ਹੱਡੀ ਹਨ ਅਤੇ ਸੱਚਾ-ਸੁੱਚਾ ਇਮਾਨਦਾਰੀ ਵਾਲਾ ਸੰਚਾਰ ਸਾਧ ਸੰਗਤ ਨਾਲ ਕਰਨਾ ਗੁਰਦੁਆਰਾ ਸਾਹਿਬ ਵਿੱਚ ਸਫਲਤਾ ਦੀ ਕੁੰਜੀ ਹੈ।

ਇਸ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਦੇ ਧਾਰਮਿਕ ਸਕੱਤਰ ਸ. ਤਰਲੋਚਨ ਸਿੰਘ ਮੁਲਤਾਨੀ ਨੇ ਗੁਰਬਾਣੀ ਅਨੁਸਾਰ ਅਤੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਜੈਰਾਮ ਸਿੰਘ ਕਾਹਲੋਂ ਨੇ ਨਿਸ਼ਕਾਮ ਸੇਵਾ ਪ੍ਰਤੀ ਦਰਬਾਰ ਹਾਲ ਵਿੱਚ ਆਈ ਸਾਧ ਸੰਗਤ ਨਾਲ ਵਿਚਾਰ ਸਾਂਝੇ ਕੀਤੇ। ਗੁਰੂ ਘਰ ਦੇ ਜਥਿਆਂ ਨੇ ਗੁਰਬਾਣੀ ਕਥਾ ਕੀਰਤਨ ਰਾਹੀਂ ਆਈਆਂ ਸੰਗਤਾਂ ਨੂੰ ਨਿਸ਼ਕਾਮ ਸੇਵਾ ਨਾਲ ਜੁੜਨ ਲਈ ਉਤਸ਼ਾਹਿਤ ਕੀਤਾ।







## ਪਿਛੋਕੜ ਵਿੱਚ ਯੋਗਦਾਨ

ਸਥਾਨਕ ਪਤਵੰਤੇ ਸ. ਬਲਵਿੰਦਰ ਸਿੰਘ (ਬੌਬ) ਸੰਧੂ ਅਤੇ ਪਰਿਵਾਰ ਨਿਸ਼ਕਾਮ ਸੇਵਾ ਦੀ ਸ਼ੁਰੂ ਤੋਂ ਹੀ ਤਨ, ਮਨ ਅਤੇ ਧਨ ਨਾਲ ਸੇਵਾ ਕਰਦੇ ਆ ਰਹੇ ਹਨ। ਉਨ੍ਹਾਂ ਸਭ ਤੋਂ ਪਹਿਲਾਂ 2008 ਵਿੱਚ ਘਾਹ ਕੱਟਣ ਵਾਲੀ ਮਸ਼ੀਨ, ਗੌਲਫ ਕਾਰਟ, 2021 ਵਿੱਚ ਰੁੱਖ ਲਵਾਉਣ ਦੀ ਸੇਵਾ (ਜਦੋਂ ਗੁਰੂ ਤੇਗ ਬਹਾਦੁਰ ਜੀ ਦਾ 400 ਸਾਲਾ ਪ੍ਰਕਾਸ਼ ਪੂਰਬ ਮਨਾਇਆ ਸੀ) ਅਤੇ 2025 ਵਿੱਚ ਗੁਰੂ ਤੇਗ ਬਹਾਦੁਰ ਜੀ ਦੇ 350 ਸਾਲਾ ਸ਼ਹੀਦੀ ਪੂਰਬ ‘ਤੇ ਵੀ ਸਮੂਹ ਸੰਧੂ ਪਰਿਵਾਰ ਨੇ 15 ਰੁੱਖ ਲਵਾਉਣ ਦੀ ਸੇਵਾ ਕੀਤੀ ਹੈ। ਇਸ ਤੋਂ ਉਪਰੰਤ ਗੁਰਦੁਆਰਾ ਸਾਹਿਬ ਵਿੱਚ ਸਿਰ ‘ਤੇ ਬੰਨਣ ਵਾਲੇ ਪਟਕੇ ਅਤੇ ਪੰਗਾ ਬੰਨਣ ਵਾਸਤੇ ਸ਼ੀਸ਼ੇ ਸਮੇਤ 2 ਬਕਸਿਆਂ ਦੀ 2025 ਵਿੱਚ ਸੇਵਾ ਕੀਤੀ ਗਈ, ਜੋ ਬਹੁਤ ਸ਼ਲਾਘਾਯੋਗ ਸੇਵਾ ਹੈ।

## ਨਿਸ਼ਕਾਮ ਸੇਵਕਾਂ ਦਾ ਟੀਚਾ

ਸ. ਔਲਖ ਨੇ ਦੱਸਿਆ ਕਿ ਨਿਸ਼ਕਾਮ ਸੇਵਕਾਂ ਦਾ ਟੀਚਾ ਹੈ ਕਿ “ਅਸੀਂ ਨਵੀਨ, ਦੂਰਦਰਸ਼ੀ ਹੋ ਕੇ ਸਾਰੇ ਖੇਤਰਾਂ ਵਿੱਚ ਯੋਗਤਾ ਦਾ ਪ੍ਰਦਰਸ਼ਨ ਅਤੇ ਸਹੀ ਕੰਮ ਕਰਕੇ ਉੱਤਮਤਾ ਪੈਦਾ ਕਰਦੇ ਹਾਂ। ਅਸੀਂ ਅਜਿਹੇ ਹੱਲ ਪੈਦਾ ਕਰਨ ਵਿੱਚ ਵਿਸ਼ਵਾਸ ਰੱਖਦੇ ਹਾਂ, ਜੋ ਸਾਡੇ ਭਾਈਚਾਰੇ ਦੀ ਅਧਿਆਤਮਕ, ਸਮਾਜਿਕ, ਆਰਥਿਕ ਤੇ ਰਾਜਨੀਤਕ ਵਿਰਾਸਤ ’ਤੇ ਬਣੇ ਹੋਣ ਅਤੇ ਸਾਡਾ ਪੂਰਾ ਵਿਸ਼ਵਾਸ ਹੈ ਕਿ ਸਿੱਖ ਵਿਰਾਸਤ ਦਾ ਜਸ਼ਨ ਮਨਾਉਣ ਦਾ ਤਰੀਕਾ ਹੈ।”

### 2026 ਵਿੱਚ ਹੋ ਰਹੀਆਂ ਵੱਡੀਆਂ ਸੇਵਾਵਾਂ

**ਬਸੰਤ ਰੁੱਤ ਦੀ ਸੇਵਾ**
**4 ਅਪ੍ਰੈਲ 2026 (ਸ਼ਨਿਚਰਵਾਰ)**

**ਗਰਮੀਆਂ ਦੀ ਕਾਰਸੇਵਾ**
**11 ਜੁਲਾਈ 2026 (ਸ਼ਨਿਚਰਵਾਰ)**

**ਪੱਤਝੜ ਦੀ ਕਾਰਸੇਵਾ**
**31 ਅਕਤੂਬਰ 2026 (ਸ਼ਨਿਚਰਵਾਰ)**

# ਪੀ.ਸੀ.ਐਸ. ਸ਼ਿਕਾਗੋ ਦੇ ਸਾਲਾਨਾ ਡਰਾਇੰਗ ਮੁਕਾਬਲੇ

ਭਾਈਚਾਰੇ ਨਾਲ ਜੁੜੇ ਰਹਿੰਦੇ ਹਨ ਅਤੇ ਵਿਰਸੇ ਬਾਰੇ ਵੀ ਉਨ੍ਹਾਂ ਨੂੰ ਜਾਣਕਾਰੀ ਮਿਲਦੀ ਹੈ। ਜਾਣਕਾਰੀ ਅਨੁਸਾਰ ਇਸ ਤੋਂ ਪਹਿਲਾਂ ਮੁਕਾਬਲਿਆਂ ਲਈ ਪੰਜਾਬ ਦੇ ਸਮਾਂ ਕਾਲ 1799-1849 ਸਬੰਧੀ ਨੈੱਟ ‘ਤੇ ਇਤਿਹਾਸਿਕ ਫੋਲਾ-ਫਾਲੀ ਕਰਦੇ ਸਮੇਂ ਬੱਚੇ ਅਨੁਭਵ ਲੈਂਦੇ ਰਹੇ।

ਇਹ ਸਮਾਗਮ ਪਰਮਵੀਰ ਕੌਰ (ਲੀਡ ਈਵੈਂਟ ਪਲੈਨਰ ਅਤੇ ਬੀ.ਓ.ਡੀ.), ਗੁਰਪ੍ਰੀਤ ਸਿੱਧੂ (ਕਾਰਜਕਾਰੀ ਸਕੱਤਰ ਪੀ.ਸੀ.ਐਸ.), ਗੁਰਲਾਲ ਸਿੰਘ ਭੱਠਲ (ਵਾਈਸ ਪ੍ਰੈਜ਼ੀਡੈਂਟ), ਅਮਿਤਪਾਲ ਸਿੰਘ ਗਿੱਲ (ਆਈ.ਟੀ. ਡਾਇਰੈਕਟਰ), ਤੇਜਵੀਰ ਸੂਦਨ (ਪੀ.ਸੀ.ਐਸ. ਬੀ.ਓ.ਡੀ.) ਅਤੇ ਕੇਵਿਨ ਅਟਵਾਲ (ਪੀ.ਸੀ.ਐਸ. ਬੀ.ਓ.ਡੀ.) ਦੇ ਸਮਰਪਿਤ ਯਤਨਾਂ ਸਦਕਾ ਸੰਭਵ ਹੋਇਆ।


ਪ੍ਰੋਗਰਾਮ ਦੀ ਪ੍ਰਧਾਨਗੀ ਵਿਸ਼ੇਸ਼ ਮਹਿਮਾਨ ਪ੍ਰਿਮਲ ਕੌਰ, ਜੋ ਪੀ.ਸੀ.ਐਸ.-2026 ਲਈ ਚੇਅਰਵੁਮਨ ਵੀ ਹਨ ਅਤੇ ਇਲੀਨਾਏ ਸਟੇਟ ਸੈਨੇਟਰ ਕਰੀਨਾ ਵਿਲਾ ਨੇ ਕੀਤੀ। ਉਨ੍ਹਾਂ ਨੇ ਮਿਹਨਤੀ ਪਰਵਾਸੀਆਂ ਦੇ ਮੁੱਲਾਂ ਅਤੇ ਏਕਤਾ ਤੇ ਆਦਰਸ਼ ਨਾਗਰਿਕਤਾ ਨੂੰ ਉਤਸ਼ਾਹਿਤ ਕਰਨ ਲਈ ਸੱਭਿਆਚਾਰ ਨੂੰ ਸੁਰੱਖਿਅਤ ਰੱਖਣ ਦੀ ਮਹੱਤਤਾ ‘ਤੇ ਇੱਕ ਪ੍ਰੇਰਨਾਦਾਇਕ ਵਿਚਾਰ ਸਾਂਝੇ ਕੀਤਾ। ਤਕਰੀਰ ਤੋਂ ਬਾਅਦ ਕੁਝ ਬੱਚਿਆਂ ਨੇ ਸੈਨੇਟਰ ਕਰੀਨਾ ਵਿਲਾ ਅਤੇ ਚੇਅਰਵੁਮਨ ਪ੍ਰਿਮਲ ਕੌਰ ਨਾਲ ਤਸਵੀਰਾਂ ਵੀ ਖਿਚਵਾਈਆਂ। ਇਸ ਮੌਕੇ ਦੋ ਬੱਚੀਆਂ- ਅਸੀਸ ਕੌਰ ਅਤੇ ਖੇਮ ਕੌਰ ਸੋਹੀ ਨੇ ਕਰੀਨਾ ਵਿਲਾ ਦੀ ਤਕਰੀਰ ਤੋਂ ਪ੍ਰਭਾਵਿਤ ਹੁੰਦਿਆਂ ਉਸ ਨਾਲ ਗੱਲਬਾਤ ਕੀਤੀ। ਜ਼ਿਕਰਯੋਗ ਹੈ ਕਿ ਸੈਨੇਟਰ ਕਰੀਨਾ ਵਿਲਾ ਨੇ ਪੱਛਮੀ ਸ਼ਿਕਾਗੋ ਜ਼ਿਲ੍ਹਾ 33 ਸਿੱਖਿਆ ਬੋਰਡ ਦੇ ਉਪ ਪ੍ਰਧਾਨ ਵਜੋਂ ਸੇਵਾ ਨਿਭਾਈ ਹੈ ਅਤੇ ਆਉਣ ਵਾਲੀਆਂ ਚੋਣਾਂ ਵਿੱਚ ਉਹ ਇਲੀਨਾਏ ਸਟੇਟ ਦੇ ਕੰਪਟਰੋਲਰ ਲਈ ਵੀ ਚੋਣ ਲੜ ਰਹੀ ਹੈ।

ਮੁਕਾਬਲਿਆਂ ਦੌਰਾਨ ਵੱਖ-ਵੱਖ ਸ਼੍ਰੇਣੀਆਂ ਵਿੱਚ ਹਿੱਸਾ ਲੈਣ ਵਾਲੇ ਬੱਚਿਆਂ ਨੂੰ ਪ੍ਰਸ਼ੰਸਾ ਵਜੋਂ ਅਤੇ ਸ਼ਾਨਦਾਰ ਪ੍ਰਤਿਭਾ ਦਾ ਪ੍ਰਦਰਸ਼ਨ ਕਰਨ ਵਾਲੇ ਬੱਚਿਆਂ ਨੂੰ ਮਾਨਤਾ ਦੇਣ ਵਜੋਂ ਇਨਾਮ ਅਤੇ ਸਰਟੀਫਿਕੇਟ ਵੰਡੇ ਗਏ। ਐਲੀਮੈਂਟਰੀ ਸਕੂਲ (ਟੈਂਪਲੇਟ ਸ਼੍ਰੇਣੀ) ਵਿੱਚ ਪਹਿਲਾ ਸਥਾਨ ਖੇਮ ਕੌਰ ਸੋਹੀ (ਸਕੋਰ: 41), ਦੂਜਾ ਸਥਾਨ ਅਯਾਨ ਸਿੰਘ (ਸਕੋਰ: 40.7) ਅਤੇ ਤੀਜਾ ਸਥਾਨ ਸਿਦਕ ਮਾਂਗਟ (ਸਕੋਰ: 37.7) ਦੇ ਪ੍ਰਾਪਤ ਕੀਤਾ। ਐਲੀਮੈਂਟਰੀ ਸਕੂਲ (ਫ੍ਰੀ ਹੈਂਡ ਸ਼੍ਰੇਣੀ) ਵਿੱਚ ਬਾਣੀ ਗਿੱਲ (ਸਕੋਰ: 37) ਪਹਿਲਾ, ਪ੍ਰਭਦੀਪ ਸਿੰਘ ਮਾਕਨ (ਸਕੋਰ: 34.7) ਦੂਜਾ ਅਤੇ ਏਕਮ ਸਿੰਘ (ਸਕੋਰ: 31.7) ਤੀਜਾ ਸਥਾਨ ਪ੍ਰਾਪਤ ਕਰਨ ਵਿੱਚ ਕਾਮਯਾਬ ਰਹੇ। ਇਸ ਤੋਂ ਇਲਾਵਾ ਮਿਡਲ ਸਕੂਲ ਸ਼੍ਰੇਣੀ ਵਿੱਚ ਪਹਿਲਾ ਸਥਾਨ ਰਮਣੀਕ ਗਿੱਲ (ਸਕੋਰ: 43), ਦੂਜਾ ਸਥਾਨ ਅਨਮੋਲਦੀਪ ਸਿੰਘ ਮਾਕਨ (ਸਕੋਰ: 42.3) ਅਤੇ ਤੀਜਾ ਸਥਾਨ ਮੋਹਕਮ ਸਿੰਘ ਸੋਹੀ (ਸਕੋਰ: 39.7) ਨੂੰ ਪ੍ਰਾਪਤ ਹੋਇਆ। ਜਦੋਂ ਕਿ ਹਾਈ ਸਕੂਲ ਸ਼੍ਰੇਣੀ ਵਿੱਚ ਪਹਿਲੇ ਸਥਾਨ ‘ਤੇ ਅਵਨੀ ਕੌਰ (ਸਕੋਰ: 36.7), ਦੂਜੇ ਸਥਾਨ ‘ਤੇ ਕੀਰਤ ਗਿੱਲ (ਸਕੋਰ: 33.7) ਅਤੇ ਤੀਜੇ ਸਥਾਨ ‘ਤੇ ਸਹਜ ਸਿੱਧੂ (ਸਕੋਰ: 33.3) ਰਹੀਆਂ।

ਸੰਸਥਾ ਅਨੁਸਾਰ ਇਹ ਮੁਕਾਬਲਾ ਇੱਕ ਵਾਰ ਫਿਰ ਪੀ.ਸੀ.ਐਸ. ਦੀ ਪੰਜਾਬੀ ਇਤਿਹਾਸ ਨੂੰ ਸਾਂਭਣ, ਸੱਭਿਆਚਾਰਕ ਪਛਾਣ ਦਾ ਜਸ਼ਨ ਮਨਾਉਣ ਅਤੇ ਬੱਚਿਆਂ ਤੇ ਨੌਜਵਾਨ ਪੀੜ੍ਹੀ ਵਿੱਚ ਰਚਨਾਤਮਕਤਾ ਨੂੰ ਉਤਸ਼ਾਹਿਤ ਕਰਨ ਪ੍ਰਤੀ ਦ੍ਰਿੜ ਵਚਨਬੱਧਤਾ ਨੂੰ ਦਰਸਾਉਂਦਾ ਹੈ। ਸਮਾਗਮ ਦੇ ਅਖੀਰ ਵਿੱਚ ਬੱਚਿਆਂ, ਮਾਪਿਆਂ, ਪ੍ਰਬੰਧਕਾਂ ਅਤੇ ਵਾਲੰਟੀਅਰਾਂ ਲਈ ਪੀਜ਼ੇ ਅਤੇ ਕੱਪ-ਕੇਕਜ਼ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ।

**ਤਸਵੀਰਾਂ: ਏਸ਼ੀਅਨ ਮੀਡੀਆ**






# ਮੌਜੂਦਾ ਵਿਸ਼ਵਵਿਆਪੀ ਖੁਰਾਕ ਪ੍ਰਣਾਲੀਆਂ, ਅਮਰੀਕੀ ਫਾਰਮ ਬਿੱਲ ਅਤੇ 20ਵੀਂ ਸਦੀ ਦੇ ਸ਼ੁਰੂ ਦੇ ਅਮਰੀਕਾ ਤੋਂ ਭਾਰਤ ਲਈ ਸਬਕ

**ਸੱਚੋ-ਸੱਚ**

ਡਾ. ਰਛਪਾਲ ਸਿੰਘ ਬਾਜਵਾ
ਫੋਨ: 630-303-8330



**ਵਿਸ਼ਵ ਪੱਧਰ 'ਤੇ ਖੇਤੀ ਦਾ ਭਵਿੱਖ ਅਨਿਸ਼ਚਿਤਤਾਵਾਂ ਦਾ ਸਾਹਮਣਾ ਕਰ ਰਿਹਾ ਹੈ।** ਮੌਜੂਦਾ ਭੋਜਨ ਪ੍ਰਣਾਲੀਆਂ ਕਿਸਾਨਾਂ ਲਈ ਆਰਥਿਕ ਤੌਰ 'ਤੇ ਨੁਕਸਾਨਦੇਹ ਹਨ ਅਤੇ ਮਨੁੱਖੀ ਤੇ ਵਾਤਾਵਰਣ ਸਿਹਤ-ਦੋਵਾਂ ਲਈ ਸਹੀ ਨਹੀਂ ਹਨ। ਸੀਮਤ, ਛੋਟੇ ਅਤੇ ਅਰਧ-ਦਰਮਿਆਨੇ ਕਿਸਾਨ, ਜੋ ਵਿਸ਼ਵ ਖੇਤੀਬਾੜੀ ਭਾਈਚਾਰੇ ਦਾ 80% ਹਿੱਸਾ ਬਣਾਉਂਦੇ ਹਨ, ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ। ਇਹ ਪਿਛਲੇ ਕਈ ਦਹਾਕਿਆਂ ਤੋਂ ਅਸਫਲ, ਨਾਕਾਫ਼ੀ ਅਤੇ ਅਕੁਸ਼ਲ ਖੇਤੀ ਨੀਤੀਆਂ ਦਾ ਨਤੀਜਾ ਹੈ।

**ਸਾਡੀਆਂ ਭੋਜਨ ਪ੍ਰਣਾਲੀਆਂ ਬਹੁਤ ਜ਼ਿਆਦਾ ਉਤਪਾਦਕ ਹੋਣ ਦੇ ਨਾਲ-ਨਾਲ ਬਹੁਤ ਨਾਜ਼ੁਕ ਵੀ ਹਨ।** ਪਿਛਲੇ ਕੁਝ ਸਾਲਾਂ ਵਿੱਚ ਕਰਿਆਨੇ ਦੀਆਂ ਦੁਕਾਨਾਂ ਵਿੱਚ ਉਨ੍ਹਾਂ ਦੇ ਨਤੀਜੇ ਸਪੱਸ਼ਟ ਹੋ ਗਏ ਹਨ, ਜਿੱਥੇ ਭੋਜਨ ਦੀਆਂ ਕੀਮਤਾਂ ਵਧੀਆਂ ਹਨ ਅਤੇ ਸਾਡੇ ਭਾਈਚਾਰਿਆਂ ਵਿੱਚ ਉਹ ਬਿਮਾਰੀਆਂ ਦੇ ਪ੍ਰਕੋਪ, ਜਲਵਾਯੂ-ਇੰਧਨ ਵਾਲੀਆਂ ਕੁਦਰਤੀ ਆਫ਼ਤਾਂ (ਹੜ੍ਹ, ਸੋਕਾ, ਪ੍ਰਦੂਸ਼ਣ), ਸਪਲਾਈ ਲੜੀ ਦੇ ਝਟਕਿਆਂ ਅਤੇ ਲੌਜਿਸਟਿਕਸ ਵਿੱਚ ਵਿਘਨ ਦਾ ਕਾਰਨ ਵੀ ਬਣੀਆਂ ਹਨ। ਵਿਸ਼ਵ ਪੱਧਰ 'ਤੇ ਦਹਾਕਿਆਂ ਦੀਆਂ ਗਲਤ ਦਿਸ਼ਾ-ਨਿਰਦੇਸ਼ਿਤ ਖੇਤੀ ਨੀਤੀਆਂ ਮੌਜੂਦਾ ਸੰਕਟਾਂ ਦਾ ਕਾਰਨ ਬਣੀਆਂ ਹੋਈਆਂ ਹਨ।

**ਭੋਜਨ ਪ੍ਰਣਾਲੀਆਂ ਨੂੰ ਬਦਲਣ ਲਈ ਹਰੇਕ ਦੇਸ਼ ਲਈ ਇੱਕ 'ਖੇਤੀ ਨੀਤੀ' ਦੇ ਪੁਨਰ ਨਿਰਮਾਣ ਦੀ ਲੋੜ ਹੈ।** ਭੋਜਨ ਪ੍ਰਣਾਲੀ ਵਿੱਚ ਇੱਕ ਪਾਸੇ ਕਿਸਾਨ, ਮਿੱਟੀ, ਬਿਜਾਈ, ਉਤਪਾਦਨ ਤੇ ਉਪਜ ਅਤੇ ਦੂਜੇ ਪਾਸੇ ਇਨਪੁਟਸ, ਵਪਾਰ, ਬਾਜ਼ਾਰ, ਬਾਜ਼ਾਰ ਸਹਾਇਤਾ, ਸਬਸਿਡੀਆਂ, ਟੈਕਸ, ਆਯਾਤ, ਨਿਰਯਾਤ, ਸਰਕਾਰ ਦੀਆਂ ਨੀਤੀਆਂ, ਵਿਸ਼ਵ ਵਪਾਰ ਸੰਗਠਨ ਅਤੇ ਹੋਰ ਅੰਤਰਰਾਸ਼ਟਰੀ ਏਜੰਸੀਆਂ ਹਨ। ਖਪਤਕਾਰ ਵਿਚਾਲੇ ਹੈ, ਜਿਸਨੂੰ ਖੇਤੀ ਨੀਤੀਆਂ ਦੇ ਸੰਯੁਕਤ ਪ੍ਰਭਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

**ਕਿਸਾਨਾਂ ਤੇ ਵਪਾਰੀਆਂ ਲਈ ਅਤੇ ਅੰਤਰਰਾਸ਼ਟਰੀ ਏਜੰਸੀਆਂ (ਵਿਸ਼ਵ ਵਪਾਰ ਸੰਗਠਨ, ਆਯਾਤ ਤੇ ਨਿਰਯਾਤ ਟੈਰਿਫ ਆਦਿ) ਲਈ ਖੇਤੀ ਨੀਤੀ ਦਾ ਹੇਠ ਲਿਖਿਆ ਉਦੇਸ਼ ਹੋਣਾ ਚਾਹੀਦਾ ਹੈ:**

1. ਲੋਕਾਂ ਨੂੰ ਸੁਰੱਖਿਅਤ, ਸਿਹਤਮੰਦ ਅਤੇ ਕਿਫਾਇਤੀ ਭੋਜਨ ਪ੍ਰਦਾਨ ਕਰਨਾ।
2. ਖਾਸ ਕਰਕੇ ਸੀਮਤ, ਛੋਟੇ ਅਤੇ ਅਰਧ-ਦਰਮਿਆਨੇ ਕਿਸਾਨਾਂ ਨੂੰ ਇੱਕ ਚੰਗਾ ਜੀਵਨ ਅਤੇ ਆਮਦਨ ਪ੍ਰਦਾਨ ਕਰਨਾ।
3. ਇਹ ਪ੍ਰਣਾਲੀ ਸਾਡੇ ਸਾਂਝੇ ਵਾਤਾਵਰਣ (ਜ਼ਮੀਨ, ਪਾਣੀ, ਹਵਾ) ਤੇ ਜਲਵਾਯੂ ਲਈ ਵਧੀਆ ਹੋਣੀ ਚਾਹੀਦੀ ਹੈ।
4. ਇਸਨੂੰ ਕਿਸਾਨਾਂ ਦੀ ਉਪਜ ਲਈ ਇੱਕ ਪ੍ਰਤੀਯੋਗੀ ਅਤੇ ਨਿਰਪੱਖ ਬਾਜ਼ਾਰ ਮੁੱਲ ਦਾ ਸਮਰਥਨ ਕਰਨਾ ਚਾਹੀਦਾ ਹੈ, ਜੋ ਕਿਸਾਨਾਂ ਲਈ ਕਾਫ਼ੀ ਆਮਦਨ ਪੈਦਾ ਕਰ ਸਕਦਾ ਹੋਵੇ।
5. ਇਸ ਵਿੱਚ ਖੇਤੀ ਦੇ ਉਦਯੋਗਿਕ ਤਰੀਕਿਆਂ ਤੋਂ ਦੂਰ ਤੇ ਖੇਤਰੀ, ਵਿਭਿੰਨ ਅਤੇ ਲਚਕੀਲੀਆਂ ਕੁਦਰਤੀ ਭੋਜਨ ਪ੍ਰਣਾਲੀਆਂ ਵੱਲ ਜਾਣ ਦੀ ਸਮਰੱਥਾ ਹੋਣੀ ਚਾਹੀਦੀ ਹੈ।
6. ਸਹਾਇਤਾ, ਉਤਸ਼ਾਹ ਅਤੇ ਸਬਸਿਡੀਆਂ ਕਿਸਾਨਾਂ ਵਿੱਚ ਨਿਰਪੱਖ ਢੰਗ ਨਾਲ ਵੰਡੀਆਂ ਜਾਣੀਆਂ ਚਾਹੀਦੀਆਂ ਹਨ। ਛੋਟੇ ਕਿਸਾਨਾਂ ਨੂੰ ਸਬਸਿਡੀਆਂ ਜਾਂ ਪ੍ਰੋਤਸਾਹਨਾਂ ਦੇ ਲਾਭਾਂ ਤੋਂ ਵਾਂਝਾ ਨਹੀਂ ਰੱਖਿਆ ਜਾਣਾ ਚਾਹੀਦਾ।
7. ਸਹਾਇਤਾ ਅਤੇ ਸਬਸਿਡੀ ਦੀ ਪ੍ਰਣਾਲੀਆਂ ਨੂੰ ਵਿਭਿੰਨ ਫਸਲਾਂ ਵੱਲ ਤਬਦੀਲੀ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ ਅਤੇ ਮੱਕੀ, ਸੋਇਆ, ਕਣਕ ਤੇ ਚੌਲਾਂ ਤੋਂ ਦੂਰ ਜਾਣਾ ਚਾਹੀਦਾ ਹੈ।

**ਨਵੀਆਂ ਭੋਜਨ ਪ੍ਰਣਾਲੀਆਂ ਨੂੰ ਕਿਸਾਨਾਂ, ਖੇਤ ਮਜ਼ਦੂਰਾਂ ਨੂੰ ਸਸ਼ਕਤ ਬਣਾਉਣਾ ਚਾਹੀਦਾ ਹੈ ਅਤੇ ਤਿੰਨ ਮਹੱਤਵਪੂਰਨ ਪਹਿਲੂਆਂ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ:**

**(ੳ) ਪ੍ਰੋ-ਪਲੈਨੇਟ:** ਵਾਤਾਵਰਣ ਦੀ ਸੰਭਾਲ ਲਈ।

**(ਅ) ਪ੍ਰੋ-ਕਮਿਊਨਿਟੀਜ਼:** ਮਾਰਕੀਟ ਦੇ ਉਤਰਾਅ-ਚੜ੍ਹਾਅ ਦੀ ਅਸਥਿਰਤਾ ਤੋਂ ਉਨ੍ਹਾਂ ਦੀ ਸੁਰੱਖਿਆ ਲਈ; ਅਤੇ ਕਿਸਾਨਾਂ ਤੇ ਖਪਤਕਾਰਾਂ ਨੂੰ 'ਵੱਡੇ ਖੇਤੀਬਾੜੀ-ਕਾਰੋਬਾਰ' ਨਾਲੋਂ ਤਰਜੀਹ ਦੇਣ ਲਈ।

**(ੲ) ਸਮਰੱਥਾ:** ਮੈਗਾ-ਕਾਰਪੋਰੇਸ਼ਨਾਂ ਨਾਲ ਮੁਕਾਬਲਾ ਕਰਨ ਲਈ ਵੱਡੇ ਪੱਧਰ 'ਤੇ ਕਾਰਪੋਰੇਟਾਈਜ਼ੇਸ਼ਨ ਤੇ ਏਕੀਕਰਨ ਨੂੰ ਰੋਕਣ ਲਈ ਅਤੇ ਉਨ੍ਹਾਂ ਨੂੰ 40% ਹਿੱਸੇਦਾਰੀ ਤੱਕ ਸੀਮਤ ਕਰਨ ਦੀ ਸਮਰੱਥਾ ਰੱਖਣਾ ਉਨ੍ਹਾਂ ਉਦੇਸ਼ ਹੋਣਾ ਚਾਹੀਦਾ ਹੈ, ਤਾਂ ਜੋ ਛੋਟੇ ਕਾਰੋਬਾਰ ਵੀ ਵੱਡੀਆਂ ਕਾਰਪੋਰੇਸ਼ਨਾਂ ਦੇ ਨਾਲ-ਨਾਲ ਵਧ-ਫੁਲ ਸਕਣ। ਮੌਜੂਦਾ ਬੀਫ ਅਤੇ ਬੀਜ ਸੈਕਟਰ 80% ਕਾਰਪੋਰੇਟ ਨਿਯੰਤ੍ਰਿਤ ਹੋ ਚੁਕੇ ਹਨ ਅਤੇ ਹੋਰ ਖੇਤੀਬਾੜੀ ਤੇ ਭੋਜਨ ਖੇਤਰਾਂ ਵਿੱਚ ਕਾਰਪੋਰੇਟਾਈਜ਼ੇਸ਼ਨ ਦਾ ਰੁਝਾਨ ਤੇਜ਼ੀ ਨਾਲ ਵਧ ਰਿਹਾ ਹੈ।

## ਮੌਜੂਦਾ ਭੋਜਨ ਪ੍ਰਣਾਲੀਆਂ ਵਾਧੂ ਉਤਪਾਦਨ 'ਤੇ ਆਧਾਰਤ ਹਨ

ਵਧੇਰੇ ਸਪਲਾਈ ਕਿਸਾਨਾਂ ਲਈ ਕੀਮਤਾਂ ਨੂੰ ਘਟਾਉਂਦੀ ਹੈ ਅਤੇ ਵੱਡੀਆਂ ਕਾਰਪੋਰੇਸ਼ਨਾਂ ਲਈ ਸਸਤਾ ਅਨਾਜ ਅਤੇ ਹੋਰ ਖੇਤੀ ਉਪਜ ਪੈਦਾ ਕਰਦੀ ਹੈ, ਜੋ ਉਦਯੋਗਿਕ ਉਦੇਸ਼ਾਂ ਲਈ ਅਨਾਜ ਦੀ ਵਰਤੋਂ ਕਰਕੇ ਭਾਰੀ ਮੁਨਾਫ਼ਾ ਕਮਾਉਂਦੀਆਂ ਹਨ। ਉਦਾਹਰਣ ਵਜੋਂ:

(1) ਜਾਨਵਰਾਂ ਦੇ ਭੋਜਨ ਲਈ ਵੱਡੇ ਪੱਧਰ 'ਤੇ ਪਸ਼ੂ ਪਾਲਣ (ਕੇਂਦਰਿਤ ਪਸ਼ੂ ਪਾਲਣ ਕਾਰਜ) ਚਲਾਉਣਾ।

(2) ਕੱਚੇ ਖੇਤੀਬਾੜੀ ਉਪਜਾਂ ਨੂੰ ਪ੍ਰੋਸੈਸਡ ਅਤੇ ਅਲਟਰਾ ਪ੍ਰੋਸੈਸਡ ਭੋਜਨ ਵਰਗੇ ਸ਼ੈਲਫ ਭੋਜਨਾਂ ਵਿੱਚ ਬਦਲਣਾ।





(3) ਅਨਾਜ ਤੋਂ ਈਥੇਨੌਲ ਵਰਗੇ ਬਾਇਓਫਿਊਲ ਦਾ ਉਤਪਾਦਨ ਕਰਨਾ, ਜਿਸਨੂੰ ਫਿਰ ਪੈਟਰੋਲੀਅਮ ਨਾਲ ਮਿਲਾ ਕੇ ਅਤੇ ਆਵਾਜਾਈ ਨੂੰ ਚਲਾਉਣ ਲਈ ਸਾਫ਼ ਊਰਜਾ ਦੇ ਸਰੋਤ ਵਜੋਂ ਵਰਤਿਆ ਜਾਣਾ।

ਜੈਵਿਕ ਬਾਲਣ (ਈਥੇਨੌਲ) ਦੇ ਉਤਪਾਦਨ ਲਈ ਵਾਧੂ ਅਨਾਜ ਦੀ ਵਰਤੋਂ ਅਤੇ ਮਨੁੱਖੀ ਭੋਜਨ ਲਈ ਵੱਡੇ ਪੱਧਰ ਦੇ ਕੇਂਦਰਿਤ ਪਸ਼ੂ ਪਾਲਣ ਢੰਗ ਭੋਜਨ ਸੁਰੱਖਿਆ ਪ੍ਰਦਾਨ ਕਰਨ ਦੇ ਨਾਮ 'ਤੇ ਕੀਤੇ ਜਾਂਦੇ ਹਨ। ਦਰਅਸਲ ਇਹ ਇੱਕ ਦੋਹਰਾ ਝਟਕਾ ਹੈ, ਜਿਵੇਂ ਕਿ:

*ਪਹਿਲਾ, ਜ਼ਿਆਦਾ ਫਸਲਾਂ ਉਗਾਉਣ ਨਾਲ ਜ਼ਿਆਦਾ ਗ੍ਰੀਨ ਹਾਊਸ ਗੈਸਾਂ (GHGs) ਪੈਦਾ ਹੁੰਦੀਆਂ ਹਨ।

*ਦੂਜਾ, ਜਾਨਵਰਾਂ ਦੀ ਵੱਡੀ ਆਬਾਦੀ ਵਧਾਉਣ ਲਈ ਵਾਧੂ ਫਸਲਾਂ ਅਤੇ ਅਨਾਜਾਂ ਨੂੰ ਖੁਆਉਣ ਨਾਲ ਵਾਤਾਵਰਣ ਲਈ ਨੁਕਸਾਨਦੇਹ ਵਾਧੂ ਮੀਥੇਨ ਤੇ ਜਾਨਵਰਾਂ ਦੀ ਰਹਿੰਦ-ਖੂੰਹਦ ਪੈਦਾ ਹੁੰਦੀ ਹੈ। ਇਹ ਇਨ੍ਹਾਂ ਦੀ ਸਾਂਭ-ਸੰਭਾਲ ਦੇ ਨਿਪਟਾਰੇ ਲਈ ਵੱਡੀਆਂ ਲਾਗਤਾਂ ਨੂੰ ਜਨਮ ਦਿੰਦਾ ਹੈ।

ਮੌਜੂਦਾ ਭੋਜਨ ਪ੍ਰਣਾਲੀ ਅਤੇ ਉਨ੍ਹਾਂ ਦੇ ਵਧਦੇ ਖ਼ਤਰਿਆਂ ਨੂੰ ਸਮਝਣ ਲਈ ਸਾਨੂੰ 1900 ਦੇ ਸ਼ੁਰੂ ਵਿੱਚ ਅਮਰੀਕਾ ਵੱਲ ਦੇਖਣਾ ਚਾਹੀਦਾ ਹੈ, ਜਦੋਂ ਕਾਰਪੋਰੇਟ ਲਾਲਚ ਤੇ ਫਸਲਾਂ ਦੇ ਜ਼ਿਆਦਾ ਉਤਪਾਦਨ ਨੇ ਅਮਰੀਕਾ ਨੂੰ ਦੋ ਵੱਡੇ ਸੰਕਟਾਂ ਵੱਲ ਧੱਕ ਦਿੱਤਾ ਸੀ:

(1) 1920 ਦੇ ਦਹਾਕੇ ਦੇ ਮੱਧ ਵਿੱਚ 'ਮਹਾਂ ਮੰਦੀ', ਜਿਸ ਕਾਰਨ 1929 ਦਾ ਸਟਾਕ ਮਾਰਕੀਟ ਕਰੈਸ਼ ਹੋਇਆ।

(2) 1930 ਦੇ ਦਹਾਕੇ ਦੌਰਾਨ ਅਮਰੀਕਾ ਦੀ ਵੱਡੀ ਪੱਧਰ ਦੀ ਖੇਤੀ ਦੇ ਰੇਗਿਸਤਾਨੀ (Dust Bowl) ਪ੍ਰਭਾਵ।

ਇਨ੍ਹਾਂ ਦੋ ਘਟਨਾਵਾਂ ਨੇ ਖੇਤੀਬਾੜੀ ਅਰਥਵਿਵਸਥਾ ਅਤੇ 25% ਅਮਰੀਕੀ ਆਬਾਦੀ ਦੀ ਰੋਜ਼ੀ-ਰੋਟੀ ਨੂੰ ਤਬਾਹ ਕਰ ਦਿੱਤਾ, ਜੋ ਇਸ 'ਤੇ ਨਿਰਭਰ ਸਨ। ਇਸਨੇ ਅਮਰੀਕੀ ਪ੍ਰੇਰੀ ਜ਼ਮੀਨਾਂ (Prairie Lands) ਦੀ ਉਤਪਾਦਕ ਸ਼ਕਤੀਅ ਤੇ ਭੋਜਨ ਉਦਯੋਗ ਨੂੰ ਵੀ ਤਬਾਹ ਕਰ ਦਿੱਤਾ ਅਤੇ ਪੂਰੇ ਦੇਸ਼ ਵਿੱਚ ਇੱਕ ਵਿਆਪਕ ਬੇਰੁਜ਼ਗਾਰੀ ਪੈਦਾ ਕਰ ਦਿੱਤੀ।


ਮਸ਼ੀਨੀਕ੍ਰਿਤ ਵਾਢੀ ਦੀ ਵਰਤੋਂ ਕਰਕੇ ਅਤੇ ਪ੍ਰੇਰੀ ਜ਼ਮੀਨਾਂ ਦੇ ਵੱਡੇ ਰਕਬੇ ਵਿੱਚ ਫਸਲਾਂ ਬੀਜ ਕੇ ਵਾਧੂ ਉਤਪਾਦਨ ਦੀ ਟ੍ਰੈਡਮਿਲ ਨੇ ਕਿਸਾਨਾਂ ਦੀ ਰੋਜ਼ੀ-ਰੋਟੀ ਤੇ ਉਨ੍ਹਾਂ ਦੀਆਂ ਜ਼ਮੀਨਾਂ ਨੂੰ ਤਬਾਹ ਕਰ ਦਿੱਤਾ। ਕਿਸਾਨ ਵੱਧ ਤੋਂ ਵੱਧ ਫਸਲਾਂ ਬੀਜਦੇ ਰਹੇ, ਪਰ ਉਨ੍ਹਾਂ ਦੀ ਆਮਦਨ ਨਹੀਂ ਵਧੀ। ਅਸਲ ਵਿੱਚ ਅਨਾਜ ਦੀ ਜ਼ਿਆਦਾ ਸਪਲਾਈ ਕਾਰਨ ਬਾਜ਼ਾਰ ਦੀਆਂ ਕੀਮਤਾਂ ਡਿੱਗ ਗਈਆਂ।

ਉਤਪਾਦਨ ਅਤੇ ਵਾਹੀ ਨੇ ਜ਼ਮੀਨਾਂ ਨੂੰ ਘੱਟ ਉਪਜਾਊ ਬਣਾ ਦਿੱਤਾ, ਜਿਸ ਨਾਲ ਉੱਪਰਲੀ ਮਿੱਟੀ, ਬਾਇਓਮਾਸ ਅਤੇ ਨਮੀ ਬਰਕਰਾਰ ਰੱਖਣ ਦੀ ਸ਼ਕਤੀ ਖਤਮ ਹੋ ਗਈ। ਇਸ ਤੋਂ ਇਲਾਵਾ ਘੱਟ ਮੀਂਹ ਨੇ ਟੈਕਸਸ, ਉੱਤਰ ਤੋਂ ਲੈ ਕੇ ਨੇਬਰਾਸਕਾ ਤੇ ਡਕੋਟਾ ਤੱਕ ਅਤੇ ਪੱਛਮੀ ਤੱਟ ਤੱਕ ਦੱਖਣੀ ਪੱਟੀ ਵਿੱਚ ਸੋਕਾ ਪੈਦਾ ਕਰ ਦਿੱਤਾ। ਖੇਤੀ ਉਪਜ ਅਤੇ ਆਰਥਿਕਤਾ ਪੂਰੀ ਤਰ੍ਹਾਂ ਅਸਫਲ ਹੋ ਗਈ, ਜਿਸ ਨਾਲ 7000 ਲੋਕਾਂ ਦੀ ਮੌਤ ਹੋ ਗਈ ਤੇ ਬਹੁਤ ਸਾਰੇ ਲੋਕ ਭੋਜਨ ਦੀ ਘਾਟ ਜਾਂ ਭੋਜਨ ਖਰੀਦਣ ਲਈ ਪੈਸੇ ਦੀ ਘਾਟ ਕਾਰਨ ਦੋ ਵਾਰ ਦੀ ਰੋਟੀ ਵੀ ਨਹੀਂ ਖਾ ਸਕਦੇ ਸਨ।

**ਅਮਰੀਕੀ ਰਾਸ਼ਟਰਪਤੀ ਥੀਓਡੋਰ ਰੂਜ਼ਵੈਲਟ ਅਤੇ ਸੰਘੀ ਸਰਕਾਰ ਕਿਸਾਨਾਂ ਤੇ ਖੇਤੀਬਾੜੀ ਸੈਕਟਰ ਦੀ ਮਦਦ ਲਈ ਅੱਗੇ ਆਈ।** ਉਹ ਅਮਰੀਕੀ ਕਾਂਗਰਸ ਵਿੱਚ ਪਹਿਲੀ ਵਾਰ 'ਫਾਰਮ ਬਿੱਲ' ਲੈ ਕੇ ਆਏ। ਇਹ ਅਮਰੀਕੀ ਖੇਤੀ ਨੀਤੀ ਦਾ ਨਾਮ ਹੈ ਅਤੇ ਅਮਰੀਕੀ ਕਾਂਗਰਸ 'ਤੇ ਕਾਨੂੰਨੀ ਬੰਧਨ ਵਜੋਂ ਹਰ 5 ਸਾਲਾਂ ਬਾਅਦ ਸਮੀਖਿਆ ਕੀਤੀ ਜਾਂਦੀ ਹੈ। ***ਨਵੀਂ ਡੀਲ ਨੀਤੀ 1 ਅਤੇ 2 ਲਾਗੂ ਕੀਤੀ ਗਈ।*** ਫਾਰਮ ਬਿੱਲ ਅਤੇ ਨਵੇਂ ਸੌਦੇ- ਦੋਵਾਂ ਨੇ ਮਹਾਂ ਮੰਦੀ ਅਤੇ ਡਸਟ ਬਾਊਲ ਦੇ ਕਾਰਨਾਂ ਨੂੰ ਸੰਬੋਧਿਤ ਕੀਤਾ ਤੇ ਉਨ੍ਹਾਂ ਦੇ ਉਪਾਵਾਂ ਨੂੰ ਪਰਿਭਾਸ਼ਿਤ ਕੀਤਾ।

ਮੱਕੀ, ਸੋਇਆ ਅਤੇ ਕਣਕ ਦੇ ਵੱਧ ਉਤਪਾਦਨ ਦੇ ਟ੍ਰੈਡਮਿਲ ਦੇ ਮੁੱਦੇ ਨੂੰ ਸੰਬੋਧਿਤ ਕੀਤਾ ਗਿਆ। ਸਪਲਾਈ ਪ੍ਰਬੰਧਨ ਨੀਤੀਆਂ ਲਾਗੂ ਕੀਤੀਆਂ ਗਈਆਂ। ਕਿਸਾਨਾਂ ਦੇ ਖੇਤੀ ਕਰਜ਼ਿਆਂ ਨੂੰ ਨਰਮ ਕਰਨ ਲਈ ਬੈਂਕਿੰਗ ਉਦਯੋਗ ਨੂੰ ਕਦਮ ਚੁੱਕਣ ਦਾ ਆਦੇਸ਼ ਦਿੱਤਾ ਗਿਆ। ਇਨ੍ਹਾਂ ਸਾਰੇ ਉਪਾਵਾਂ ਨੇ ਉਤਪਾਦਨ ਨੂੰ ਕਾਬੂ ਵਿੱਚ ਰੱਖਣ ਅਤੇ ਬਹੁਤ ਘੱਟ ਸਮੇਂ ਵਿੱਚ ਕਿਸਾਨ/ਖੇਤੀ ਆਮਦਨ ਵਧਾਉਣ ਵਿੱਚ ਮਦਦ ਕੀਤੀ। 1937-1938 ਤੱਕ ਇਸਨੇ ਉਦਯੋਗ, ਆਰਥਿਕਤਾ ਤੇ ਸਮੁੱਚੇ ਰੁਜ਼ਗਾਰ ਅਤੇ ਕਿਸਾਨਾਂ ਲਈ ਵਧੇਰੇ ਆਮਦਨ ਨੂੰ ਹੁਲਾਰਾ ਦਿੱਤਾ।

ਪਰ ਵੱਡੇ ਖੇਤੀਬਾੜੀ ਕਾਰੋਬਾਰ (ਕਾਰਪੋਰੇਟ) ਹਮੇਸ਼ਾ ਵਾਂਗ ਖੇਤੀ ਉਪਜ ਦੀ ਸਪਲਾਈ ਪ੍ਰਬੰਧਨ ਨੀਤੀ ਨਾਲ ਲੜਦੇ ਰਹੇ ਹਨ। 1950 ਦੇ ਦਹਾਕੇ ਤੱਕ ਰਾਸ਼ਟਰਪਤੀ ਰੂਜ਼ਵੈਲਟ ਦੀ ਸਪਲਾਈ ਪ੍ਰਬੰਧਨ ਨੀਤੀ ਦੀ ਸਥਾਪਨਾ ਦੇ 15 ਸਾਲਾਂ ਤੋਂ ਵੀ ਘੱਟ ਸਮੇਂ ਪਿੱਛੋਂ **ਰਾਸ਼ਟਰਪਤੀ ਆਈਜ਼ਨਹਾਵਰ** ਪ੍ਰਸ਼ਾਸਨ ਨੇ ਅਧਿਕਾਰਤ ਤੌਰ 'ਤੇ ਖੇਤੀ ਨੂੰ ਵੱਧ ਉਤਪਾਦਨ ਕਰਨ ਦੀ ਇਜਾਜ਼ਤ ਦੇ ਦਿੱਤੀ। ਇਸ ਫੈਸਲੇ ਨੇ ਫਿਰ ਉਦਯੋਗਿਕ ਖੇਤੀ ਨੂੰ ਪੁਨਰ ਜੀਵਿਤ ਕੀਤਾ। ਇਸ ਦੇ ਲਾਗੂ ਹੋਣ ਨਾਲ ਹਰ ਸਾਲ ਕਿਸਾਨੀ ਵੱਡੀ ਤੋਂ ਵੱਡੀ ਹੁੰਦੀ ਗਈ ਅਤੇ ਛੋਟੇ ਕਿਸਾਨ ਖਤਮ ਹੁੰਦੇ ਗਏ। ਇਸਨੇ ਵਾਤਾਵਰਣ ਦੀ ਸੁਰੱਖਿਆ ਲਈ ਨਿਯਮਾਂ ਨੂੰ ਵੀ ਖਤਮ ਕਰ ਦਿੱਤਾ। ਸਮੇਂ ਦੇ ਨਾਲ-ਨਾਲ ਦਿ ਬਿਗ-ਐਗਰੀ (ਵੱਡੀ ਖੇਤੀ) ਨੇ 1900 ਦੇ ਸ਼ੁਰੂ ਵਿੱਚ ਵੱਧ ਉਤਪਾਦਨ ਰੋਲਰ ਕੋਸਟਰ ਦੀ ਟ੍ਰੈਡਮਿਲ ਨੂੰ ਵਾਪਸ ਲਿਆਂਦਾ ਅਤੇ ਇਸ ਨਾਲ ਖੇਤੀਬਾੜੀ ਦੀ ਆਮਦਨ ਘੱਟ ਗਈ, ਕਿਸਾਨਾਂ 'ਤੇ ਵੱਡੇ ਕਰਜ਼ੇ ਇਕੱਠੇ ਹੋਏ ਅਤੇ ਕਿਸਾਨਾਂ ਦੀਆਂ ਖੁਦਕੁਸ਼ੀਆਂ ਹੋਈਆਂ। ਮਹਾਂ ਮੰਦੀ, ਡਸਟ ਬਾਊਲ ਅਤੇ ਨਿਊ ਡੀਲ ਯੁੱਗ (1920 ਦੇ ਦਹਾਕੇ ਦੇ ਮੱਧ ਤੋਂ 1930 ਦੇ ਦਹਾਕੇ ਦੇ ਮੱਧ ਤੱਕ) ਸਾਨੂੰ ਉਨ੍ਹਾਂ ਔਖੇ ਅਤੇ ਡਰਾਉਣੇ ਸਮਿਆਂ ਦੇ ਦੁਹਰਾਓ ਤੋਂ ਬਚਣ ਲਈ ਬਹੁਤ ਸਾਰੇ ਸਬਕ ਪ੍ਰਦਾਨ ਕਰਦਾ ਹੈ। 1950 ਵਿੱਚ ਸਪਲਾਈ ਪ੍ਰਬੰਧਨ 'ਤੇ ਪਾਬੰਦੀਆਂ ਹਟਾਉਣ ਨਾਲ ਸਪਲਾਈ-ਪ੍ਰਬੰਧਨ ਦੇ ਸੁਹਾਵਣੇ ਦਿਨਾਂ ਦੇ ਖਤਮ ਹੋਣ ਤੋਂ ਬਾਅਦ ਬਹੁਤ ਕੁਝ ਬਦਲ ਗਿਆ ਹੈ।



ਮੌਜੂਦਾ ਭੋਜਨ ਪ੍ਰਣਾਲੀਆਂ ਲੋਕਾਂ ਦੀਆਂ ਜ਼ਰੂਰਤਾਂ ਤੋਂ ਕਿਤੇ ਜ਼ਿਆਦਾ ਪੈਦਾ ਕਰ ਰਹੀਆਂ ਹਨ, ਸਪਲਾਈ ਚੇਨਾਂ ਦੇ ਨਾਲ-ਨਾਲ 1/3 ਭੋਜਨ ਬਰਬਾਦ ਹੋ ਰਿਹਾ ਹੈ, ਜਿਸ ਨਾਲ ਵੱਡੀ ਮਾਤਰਾ ਵਿੱਚ ਨੁਕਸਾਨ ਹੋ ਰਿਹਾ ਹੈ, ਜੋ ਪੇਂਡੂ ਭਾਈਚਾਰਿਆਂ ਤੇ ਵਾਤਾਵਰਣ ਲਈ ਨੁਕਸਾਨਦੇਹ ਹੈ ਅਤੇ ਕਿਸਾਨਾਂ ਦੀ ਘੱਟ ਆਮਦਨ ਦਾ ਕਾਰਨ ਵੀ ਹੈ।

## ਭੋਜਨ ਪ੍ਰਣਾਲੀਆਂ ਦੇ ਮੌਜੂਦਾ ਸੰਕਟਾਂ ਦੇ ਹੱਲ

ਖੇਤੀ ਨੀਤੀ ਜਾਂ ਖੇਤੀ ਬਿੱਲ ਦੇ 5 ਹਿੱਸਿਆਂ 'ਤੇ ਧਿਆਨ ਕੇਂਦਰਿਤ ਕਰਕੇ ਸਪਲਾਈ ਪ੍ਰਬੰਧਨ ਨੂੰ ਠੀਕ ਕੀਤਾ ਜਾ ਸਕਦਾ ਹੈ:

1. ਅਨਾਜ ਭੰਡਾਰ ਬਣਾਏ ਜਾਣੇ ਚਾਹੀਦੇ ਹਨ। ਜਦੋਂ ਜ਼ਿਆਦਾ ਪੈਦਾਵਾਰ ਹੁੰਦੀ ਹੈ, ਤਾਂ ਸਰਕਾਰ ਨੂੰ ਘੱਟੋ-ਘੱਟ ਸਮਰਥਨ ਮੁੱਲ 'ਤੇ ਜਾਂ ਫਲੋਰ ਪ੍ਰਾਈਸ 'ਤੇ ਅਨਾਜ ਖਰੀਦਣਾ ਚਾਹੀਦਾ ਹੈ ਅਤੇ ਘੱਟ ਵਾਢੀ ਦੇ ਸਾਲਾਂ ਵਿੱਚ ਸਟੋਰ ਕੀਤੇ ਅਨਾਜ ਦੀ ਵਰਤੋਂ ਕਰਨੀ ਚਾਹੀਦੀ ਹੈ। ਅਜਿਹੀ ਪਹੁੰਚ ਕਿਸਾਨਾਂ ਨੂੰ ਵਧੇਰੇ ਆਮਦਨ ਦੇਵੇਗੀ ਅਤੇ ਖਪਤਕਾਰਾਂ ਲਈ ਕੀਮਤਾਂ ਨੂੰ ਸਥਿਰ ਰੱਖੇਗੀ।
2. ਜ਼ਿਆਦਾ ਸਪਲਾਈ ਅਤੇ ਘੱਟ ਕੀਮਤਾਂ ਦੀ ਸਥਿਤੀ ਵਿੱਚ ਕਿਸਾਨਾਂ ਦੀ ਰੱਖਿਆ ਲਈ ਐਮ.ਐਸ.ਪੀ. ਜਾਂ ਫਲੋਰ ਪ੍ਰਾਈਸ ਦਿੱਤਾ ਜਾਣਾ ਚਾਹੀਦਾ ਹੈ। ਅਨਾਜ ਭੰਡਾਰ ਅਤੇ ਐਮ.ਐਸ.ਪੀ. ਜਾਂ ਫਲੋਰ ਪ੍ਰਾਈਸ ਨਾਲ-ਨਾਲ ਚੱਲਣੇ ਚਾਹੀਦੇ ਹਨ।
3. ਫਸਲ ਬੀਮਾ, ਜੋਖਮ ਬੀਮਾ ਤੇ ਵਾਤਾਵਰਣ ਕਾਨੂੰਨਾਂ ਅਤੇ ਨਿਯਮਾਂ ਵਰਗੀਆਂ ਸੰਭਾਲ ਪ੍ਰੋਗਰਾਮ ਨੀਤੀਆਂ ਬਣਾਉਣੀਆਂ ਤੇ ਲਾਗੂ ਕਰਨੀਆਂ ਚਾਹੀਦੀਆਂ ਹਨ।
4. ਆਯਾਤ ਤੇ ਨਿਰਯਾਤ ਲਈ ਘਰੇਲੂ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਨਿਰਪੱਖ ਵਪਾਰ ਨੀਤੀਆਂ ਸਥਾਪਿਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਉਦਾਹਰਣ ਵਜੋਂ, ਘਰੇਲੂ ਕੀਮਤਾਂ ਨਾਲੋਂ ਘੱਟ ਕੀਮਤਾਂ 'ਤੇ ਆਯਾਤ ਘਰੇਲੂ ਉਤਪਾਦਕਾਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ ਅਤੇ ਇਸ ਨੂੰ ਬੰਦ ਕਰਨਾ ਚਾਹੀਦਾ ਹੈ। ਇਸੇ ਤਰ੍ਹਾਂ ਘੱਟ ਕੀਮਤਾਂ 'ਤੇ ਨਿਰਯਾਤ ਕਰਨਾ ਕਿਸੇ ਹੋਰ ਦੇਸ਼ ਦੇ ਘਰੇਲੂ ਕਿਸਾਨਾਂ ਨੂੰ ਨੁਕਸਾਨ ਪਹੁੰਚਾਉਣ ਦੇ ਬਰਾਬਰ ਹੈ।
5. ਵੱਡੀਆਂ ਕਾਰਪੋਰੇਸ਼ਨਾਂ ਦੇ ਪ੍ਰਭਾਵ ਨੂੰ ਘਟਾਉਣ ਅਤੇ ਇੱਕ ਨਿਰਪੱਖ ਬਾਜ਼ਾਰ ਬਣਾਉਣ ਲਈ ਨੀਤੀਆਂ ਬਣਾਉਣੀਆਂ ਚਾਹੀਦੀਆਂ ਹਨ। ਵਪਾਰ ਦੇ ਇੱਕ ਖਾਸ ਖੇਤਰ, ਇੱਕ ਪੇਸ਼ੇ ਜਾਂ ਇੱਕ ਵਸਤੂ ਵਿੱਚ 40% ਕਾਰਪੋਰੇਟ ਨਿਯੰਤਰਣ ਠੀਕ ਹੈ, ਕਿਉਂਕਿ ਇਹ ਛੋਟੇ ਵਿਅਕਤੀਗਤ ਵਪਾਰੀ ਨੂੰ ਪ੍ਰਭਾਵਤ ਨਹੀਂ ਕਰਦਾ ਹੈ। ਜਦੋਂ ਕਾਰਪੋਰੇਟ ਨਿਯੰਤਰਣ 40% ਜਾਂ ਦਸ ਵਿੱਚੋਂ 4 ਤੋਂ ਵੱਧ ਤੱਕ ਪਹੁੰਚਣਾ ਜਾਂ ਫੈਲਣਾ ਸ਼ੁਰੂ ਕਰ ਦਿੰਦਾ ਹੈ, ਤਾਂ ਇਹ ਛੋਟੇ ਕਾਰੋਬਾਰੀਆਂ ਜਾਂ ਕਿਸਾਨਾਂ ਨੂੰ ਨੁਕਸਾਨ ਪਹੁੰਚਾਉਣਾ ਸ਼ੁਰੂ ਕਰ ਦਿੰਦਾ ਹੈ। ਇਸੇ ਤਰ੍ਹਾਂ ਬੀਜ ਅਤੇ ਖੇਤੀਬਾੜੀ ਇਨਪੁਟ ਉਦਯੋਗ 80% ਕਾਰਪੋਰੇਟ ਨਿਯੰਤਰਣ ਅਧੀਨ ਹੈ। ਇਸ ਲਈ ਛੋਟੇ ਕਾਰੋਬਾਰਾਂ ਲਈ ਇਨ੍ਹਾਂ ਦੋਵਾਂ ਖੇਤਰਾਂ ਵਿੱਚ ਕਾਰਪੋਰੇਟ ਨਾਲ ਮੁਕਾਬਲਾ ਕਰਨ ਦੀ ਕੋਈ ਗੁੰਜਾਇਸ਼ ਨਹੀਂ ਹੈ।

ਸਪਲਾਈ ਪ੍ਰਬੰਧਨ ਵੱਲ ਵਾਪਸੀ ਨਾਲ ਭੋਜਨ ਪ੍ਰਣਾਲੀਆਂ ਨੂੰ ਇਸਦੇ ਸਾਰੇ ਪਹਿਲੂਆਂ ਵਿੱਚ ਬਹਾਲ ਕਰਨ ਵਿੱਚ ਮਦਦ ਕਰੇਗੀ, ਜਿਵੇਂ ਕਿ: 1. ਕਿਸਾਨਾਂ ਲਈ ਵਧੇਰੇ ਆਮਦਨ; 2. ਸਰੋਤਾਂ ਦੀ ਵਧੇਰੇ ਸੰਭਾਲ; 3. ਵਪਾਰ ਵਿੱਚ ਵਧੇਰੇ ਨਿਰਪੱਖਤਾ ਤੇ ਖੁਸ਼ ਖਪਤਕਾਰ; ਅਤੇ 4. ਪੇਂਡੂ ਭਾਈਚਾਰਿਆਂ ਤੇ ਅਰਥਵਿਵਸਥਾਵਾਂ ਨੂੰ ਪ੍ਰਫੁੱਲਤ ਕਰਨਾ।

## ਭਾਰਤ ਇੱਕ ਵਿਲੱਖਣ ਸਥਿਤੀ ਵਿੱਚ ਹੈ

1. ਇਸਦੇ 70% ਤੋਂ ਵੱਧ ਸੀਮਤ, ਛੋਟੇ ਅਤੇ ਅਰਧ-ਦਰਮਿਆਨੇ ਕਿਸਾਨ ਬਹੁਤ ਘੱਟ ਆਮਦਨ ਦੇ ਨਾਲ ਗੁਜ਼ਾਰਾ ਖੇਤੀਬਾੜੀ 'ਤੇ ਨਿਰਭਰ ਹਨ।
2. ਇਸਦੀ 80 ਕਰੋੜ ਆਬਾਦੀ ਕੋਲ ਭੋਜਨ ਖਰੀਦਣ ਲਈ ਆਮਦਨ ਦੀ ਘਾਟ ਹੈ ਅਤੇ ਇਸ ਲਈ ਉਹ ਸਰਕਾਰ ਦੁਆਰਾ ਵਿਸ਼ਵ ਦੇ ਸਭ ਤੋਂ ਵੱਡੇ ਸਬਸਿਡੀ ਵਾਲੇ ਭੋਜਨ ਪ੍ਰੋਗਰਾਮ, ਜਿਸਨੂੰ ਪੀ.ਡੀ.ਐਸ. (ਪਬਲਿਕ ਡਿਸਟ੍ਰੀਬਿਊਸ਼ਨ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

**ਭਖਦਾ ਸਵਾਲ**

ਅਪੂਰਵਾਨੰਦ
(ਦਿੱਲੀ ਯੂਨੀਵਰਸਿਟੀ ਵਿੱਚ ਪੜ੍ਹਾਉਂਦੇ ਹਨ)



# ਸਿੱਖਿਆ ਦਾ ਮੰਤਵ ਹੈ ਸਵਾਲ ਕਰਨ ਦੀ ਆਜ਼ਾਦੀ ਸਿੱਖਣਾ, ਗੁਰੂ-ਸ਼ਿਸ਼ ਪਰੰਪਰਾ ਇਸ ਦੇ ਉਲਟ ਹੈ

ਇੱਕ ਵਿਦਿਆਰਥੀ ਨੇ ਮੈਨੂੰ ਪੁੱਛਿਆ ਹੈ ਕਿ ਗੁਰੂ-ਸ਼ਿਸ਼ ਪਰੰਪਰਾ ਬਾਰੇ ਮੇਰੀ ਕੀ ਰਾਏ ਹੈ। ਉਸ ਨੇ ਪੁੱਛਿਆ ਕਿ ਅੱਜ ਦੇ ਸੰਦਰਭ ਵਿੱਚ ਇਸ ਦੀ ਪ੍ਰਸੰਗਿਕਤਾ ਕੀ ਹੋ ਸਕਦੀ ਹੈ? ਇਹ ਸਕਾਰਾਤਮਕ ਹੈ ਜਾਂ ਨਕਾਰਾਤਮਕ? ਖਾਸ ਤੌਰ 'ਤੇ ਸੰਗੀਤ ਦੀ ਸਿੱਖਿਆ ਦੇ ਸੰਦਰਭ ਵਿੱਚ ਇਸ ਨੂੰ ਕਿਵੇਂ ਵੇਖਿਆ ਜਾਵੇ। ਸੰਗੀਤ ਨਾਲ ਨਾਚ ਨੂੰ ਵੀ ਜੋੜਿਆ ਜਾ ਸਕਦਾ ਹੈ।

ਸੰਗੀਤ ਦਾ ਜ਼ਿਕਰ ਆਉਂਦੇ ਹੀ ਮੈਨੂੰ ਗਾਇਕ ਅਤੇ ਸੰਗੀਤਕਾਰ ਟੀ.ਐੱਮ. ਕ੍ਰਿਸ਼ਨਾ ਦਾ ਪੰਜ ਸਾਲ ਪਹਿਲਾਂ ਛਪਿਆ ਇੱਕ ਲੇਖ ਯਾਦ ਆ ਗਿਆ। ਉਸ ਲੇਖ ਵਿੱਚ ਉਨ੍ਹਾਂ ਨੇ ਗੁਰੂ-ਸ਼ਿਸ਼ ਪਰੰਪਰਾ ਜਾਂ ਇਸ ਸੰਸਥਾ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਦੇਣ ਦੀ ਗੱਲ ਕੀਤੀ ਸੀ। ਉਨ੍ਹਾਂ ਮੁਤਾਬਕ, ਗੁਰੂ-ਸ਼ਿਸ਼ ਨਾਮਕ ਇਸ ਸੰਸਥਾ ਵਿੱਚ ਸਥਾਈ ਤੌਰ 'ਤੇ ਤਾਕਤ ਦਾ ਅਸੰਤੁਲਨ ਹੈ; ਪਰ ਇੱਥੇ ਇਸ ਅਸੰਤੁਲਨ ਦਾ ਮਹਿਮਾਮੰਡਨ ਕੀਤਾ ਜਾਂਦਾ ਹੈ। ਇਸ ਸੰਸਥਾ ਵਿੱਚ ਸ਼ਾਗਿਰਦਾਂ ਨੂੰ ਨਾ ਸਿਰਫ਼ ਗੁਰੂ ਦੇ ਅਧੀਨ ਰਹਿਣਾ ਪੈਂਦਾ ਹੈ, ਬਲਕਿ ਉਸ ਨੂੰ ਆਪਣੇ ਆਪ ਨੂੰ ਪੂਰੀ ਤਰ੍ਹਾਂ ਗੁਰੂ ਨੂੰ ਸਮਰਪਿਤ ਕਰ ਦੇਣਾ ਪੈਂਦਾ ਹੈ। ਇਸ ਦੀ ਬਣਤਰ ਹੀ ਦੋਸ਼ਪੂਰਨ ਹੈ। ਗੁਰੂ ਤੋਂ ਸਵਾਲ ਕਰਨਾ ਅਪਰਾਧ ਹੈ। ਅਸਹਿਮਤੀ ਦਾ ਵੀ ਪ੍ਰਸ਼ਨ ਨਹੀਂ ਉੱਠਦਾ।

ਸੰਗੀਤ ਅਤੇ ਕਲਾ ਦੇ ਕੁਝ ਹੋਰ ਖੇਤਰਾਂ ਵਿੱਚ ਅਜਿਹੇ ਕਿੱਸਿਆਂ ਦੀ ਭਰਮਾਰ ਹੈ, ਜਿਨ੍ਹਾਂ ਵਿੱਚ ਦੱਸਿਆ ਜਾਂਦਾ ਹੈ ਕਿ ਸ਼ਿਸ਼ ਵਜੋਂ ਸਵੀਕਾਰ ਕਰਨ ਤੋਂ ਪਹਿਲਾਂ ਗੁਰੂ ਨੇ ਕਿਵੇਂ ਸਖ਼ਤ ਇਮਤਿਹਾਨ ਲਏ। ਉਨ੍ਹਾਂ ਇਮਤਿਹਾਨਾਂ ਦਾ ਸਬੰਧ ਗਿਆਨ ਨਾਲ ਨਹੀਂ ਸੀ। ਗੁਰੂ ਦੇ ਘਰ ਦੇ ਭਾਂਡੇ ਮਾਂਜਣ ਜਾਂ ਸਫ਼ਾਈ ਕਰਨ ਜਾਂ ਹੋਰ ਕੰਮ ਹਫ਼ਤਿਆਂ ਤੱਕ ਕਰਨ ਤੋਂ ਬਾਅਦ ਜਦੋਂ ਗੁਰੂ ਪ੍ਰਤੀ ਨਿਸ਼ਠਾ ਜਾਂ ਭਗਤੀ ਸਾਬਤ ਹੋ ਜਾਵੇ ਤਾਂ ਗੁਰੂ ਸਿੱਖਿਆ ਦੇਣ ਲਈ ਤਿਆਰ ਹੁੰਦੇ ਹਨ। ਗੁਰੂ ਨੂੰ ਦੈਵੀ ਗੁਣਾਂ ਨਾਲ ਲੈਸ ਮੰਨਿਆ ਜਾਂਦਾ ਹੈ।

ਕ੍ਰਿਸ਼ਨਾ ਦਾ ਉਹ ਲੇਖ ਹਿੰਦੁਸਤਾਨੀ ਸੰਗੀਤ ਵਿੱਚ ਪ੍ਰਸਿੱਧ ਗੁੰਦੇਚਾ ਭਰਾਵਾਂ ਉੱਤੇ ਆਪਣੇ ਸ਼ਾਗਿਰਦਾਂ ਨਾਲ ਯੌਨ ਦੁਰਵਿਹਾਰ ਦੇ ਦੋਸ਼ਾਂ ਦੇ ਸੰਦਰਭ ਵਿੱਚ ਲਿਖਿਆ ਗਿਆ ਸੀ। ਉਨ੍ਹਾਂ ਨੇ ਲਿਖਿਆ ਕਿ ਸੰਗੀਤ ਅਤੇ ਨਾਚ ਦੇ ਖੇਤਰ ਵਿੱਚ ਇਸ ਤਰ੍ਹਾਂ ਦੀਆਂ ਗੱਲਾਂ ਬਾਰੇ ਗੁਫ਼ਤਗੂ ਹੁੰਦੀ ਰਹੀ ਹੈ, ਪਰ ਬਹੁਤ ਘੱਟ ਲੋਕਾਂ ਵਿੱਚ ਹਿੰਮਤ ਹੁੰਦੀ ਹੈ ਕਿ ਉਹ ਇਸ ਨੂੰ ਖੁੱਲ੍ਹ ਕੇ ਕਹਿ ਸਕਣ। ਇਨ੍ਹਾਂ ਖੇਤਰਾਂ ਵਿੱਚ ਜੋ ਤਾਕਤਵਰ ਗੁਰੂ ਹਨ, ਉਨ੍ਹਾਂ ਵਿਰੁੱਧ ਜਾਣ ਦੀ ਕੀਮਤ ਬਹੁਤ ਜ਼ਿਆਦਾ ਹੋ ਸਕਦੀ ਹੈ। ਗੁਰੂਆਂ ਵਿੱਚ ਪੇਸ਼ੇਵਰ ਮੁਕਾਬਲੇਬਾਜ਼ੀ ਭਾਵੇਂ ਹੋਵੇ, ਪਰ ਇਸ ਮਾਮਲੇ ਵਿੱਚ ਉਹ ਗੁਰੂ ਦੀ ਸੱਤਾ ਉੱਤੇ ਆਂਚ ਨਹੀਂ ਆਉਣ ਦਿੰਦੇ। ਇਸ ਲਈ ਉਨ੍ਹਾਂ ਵਿੱਚ ਇੱਕ ਅਲਿਖਤ ਸਮਝੌਤਾ ਹੁੰਦਾ ਹੈ ਕਿ ਇਸ ਉੱਤੇ ਉਹ ਮੂੰਹ ਨਹੀਂ ਖੋਲ੍ਹਣਗੇ, ਜਿਵੇਂ ਗੁੰਦੇਚਾ ਭਰਾਵਾਂ ਦੇ ਪ੍ਰਸੰਗ ਵਿੱਚ ਸੰਗੀਤ ਦੇ ਦਿੱਗਜ ਖਾਮੋਸ਼ ਰਹੇ ਸਨ।


ਗੁਰੂ-ਸ਼ਿਸ਼ ਪਰੰਪਰਾ ਵਿੱਚ ਗੁਰੂ ਪਰਵਾਲਾਂ ਤੋਂ ਪਾਰ ਹੈ। ਗੁਰੂ ਦੇ ਫ਼ੈਸਲੇ ਉੱਤੇ ਸਵਾਲ ਨਹੀਂ ਉਠਾਇਆ ਜਾ ਸਕਦਾ। ਕ੍ਰਿਸ਼ਨਾ ਦੇ ਲੇਖ ਤੋਂ ਪ੍ਰੇਰਿਤ ਹੋ ਕੇ ਹਵਾਈ ਫ਼ੌਜ ਦੇ ਇੱਕ ਅਧਿਕਾਰੀ ਨੇ ਆਪਣੇ ਤਾਲੀਮੀ ਅਨੁਭਵ ਬਾਰੇ ਲਿਖਦਿਆਂ ਇੱਕ ਘਟਨਾ ਦਾ ਜ਼ਿਕਰ ਕੀਤਾ। ਤਾਲੀਮ ਦੇ ਇੱਕ ਸੈਸ਼ਨ ਵਿੱਚ ਤਾਲੀਮਕਾਰ ਨੇ ਇੱਕ ਤਾਲੀਮੀ ਨੂੰ ਸਵਾਲ ਦਾ ਜਵਾਬ ਦੇਣ ਦੀ ਥਾਂ ਉਸ ਨੂੰ ਸਭ ਦੇ ਅੱਗੇ ਬੁਲਾਇਆ ਅਤੇ ਕਿਹਾ, "ਤੈਨੂੰ ਜਵਾਬ ਚਾਹੀਦਾ ਹੈ। ਇਹ ਰਿਹਾ ਤੇਰਾ ਜਵਾਬ।" ਅਤੇ ਇੱਕ ਜ਼ਬਰਦਸਤ ਥੱਪੜ ਮਾਰ ਦਿੱਤਾ। ਵਿਦਿਆਰਥੀ ਨਿੰਮੋਝੂਣਾ ਹੋ ਕੇ ਵਾਪਸ ਆਪਣੀ ਸੀਟ ਉੱਤੇ ਆ ਗਿਆ। ਉਸ ਦੀਆਂ ਅੱਖਾਂ ਵਿੱਚ ਅਪਮਾਨ ਦੇ ਅੱਥਰੂ ਭਰ ਆਏ। ਪੂਰੀ ਕਲਾਸ ਖਾਮੋਸ਼ ਰਹੀ, ਕਿਉਂਕਿ ਗੁਰੂ ਉੱਤੇ ਸਵਾਲ ਨਹੀਂ ਉਠਾਇਆ ਜਾ ਸਕਦਾ। ਉਸ ਅਧਿਕਾਰੀ ਵਿਰੁੱਧ ਕਿਸੇ ਕਾਰਵਾਈ ਦਾ ਪ੍ਰਸ਼ਨ ਹੀ ਨਹੀਂ ਸੀ। ਇਸ ਅਧਿਕਾਰੀ ਨੇ ਲਿਖਿਆ ਕਿ ਮੈਂ ਵੀ ਇਸ ਤਰ੍ਹਾਂ ਦੀ ਹਿੰਸਾ ਬਾਰੇ ਖਾਮੋਸ਼ੀ ਅਪਣਾ ਕੇ ਅਪਰਾਧ ਕੀਤਾ ਸੀ।

ਕਿਉਂਕਿ ਇਹ ਪ੍ਰਸ਼ਨ ਭਾਰਤੀ ਸੰਦਰਭ ਵਿੱਚ ਉਠਾਇਆ ਜਾ ਰਿਹਾ ਹੈ, ਇਸ ਉੱਤੇ ਧਿਆਨ ਨਾ ਦੇਣਾ ਸਾਡੇ ਲਈ ਸੰਭਵ ਨਹੀਂ। ਇਸ ਦਾ ਇੱਕ ਸਬੰਧ ਸਾਡੀ ਜਾਤ ਪ੍ਰਣਾਲੀ ਨਾਲ ਵੀ ਹੈ। ਗੁਰੂ ਹੋਣ ਦਾ ਅਧਿਕਾਰ ਕਿਸ ਨੂੰ ਹੈ? ਉਹ ਕਿਸ ਨੂੰ ਸ਼ਿਸ਼ ਵਜੋਂ ਸਵੀਕਾਰ ਕਰੇਗਾ? ਹਿੰਦੂਆਂ ਦੀਆਂ ਮਿਥਕ ਯਾਦਾਂ ਵਿੱਚ ਦੋ ਗੁਰੂਆਂ ਦੀਆਂ ਕਥਾਵਾਂ ਪ੍ਰਸਿੱਧ ਹਨ: ਦਰੋਣਾਚਾਰੀਆ ਦੀ ਕਥਾ ਜਿਸ ਵਿੱਚ ਉਸ ਨੇ ਏਕਲਵਿਆ ਦਾ ਅੰਗੂਠਾ ਗੁਰੂ ਦਕਸ਼ਣਾ ਵਜੋਂ ਮੰਗ ਲਿਆ, ਹਾਲਾਂਕਿ ਉਸ ਨੂੰ ਦਰੋਣਾਚਾਰੀਆ ਨੇ ਕੋਈ ਸਿੱਖਿਆ ਨਹੀਂ ਦਿੱਤੀ ਸੀ। ਦੂਜੀ ਕਥਾ ਪਰਸ਼ੁਰਾਮ ਦੀ ਹੈ, ਜਿਸ ਤੋਂ ਆਪਣੀ ਜਾਤ ਲੁਕਾ ਕੇ ਕਰਨ ਨੇ ਸਿੱਖਿਆ ਲਈ ਸੀ। ਉਸ ਦੀ ਸਜ਼ਾ ਕਰਨ ਨੂੰ ਗੁਰੂ ਨੇ ਇਹ ਦਿੱਤੀ ਕਿ ਜਦੋਂ ਉਸ ਨੂੰ ਸਭ ਤੋਂ ਵੱਧ ਲੋੜ ਹੋਵੇ ਤਾਂ ਪਰਸ਼ੁਰਾਮ ਤੋਂ ਪ੍ਰਾਪਤ ਵਿਦਿਆ ਉਹ ਭੁੱਲ ਜਾਵੇ। ਇਹ ਇਸ ਲਈ ਕਿਉਂਕਿ ਉਸ ਨੇ ਆਪਣੀ ਜਾਤ ਲੁਕਾ ਲਈ ਸੀ।

ਦੋਹਾਂ ਕਥਾਵਾਂ ਵਿੱਚ ਸ਼ਿਸ਼ ਦੀ ਜਾਤ ਅਤੇ ਕੁਲ, ਸ਼ਿਸ਼ ਵਜੋਂ ਉਨ੍ਹਾਂ ਨੂੰ ਸਵੀਕਾਰ ਕੀਤੇ ਜਾਣ ਦੇ ਰਾਹ ਵਿੱਚ ਰੁਕਾਵਟ ਹੈ। ਇਹ ਦੁਖਾਂਤ ਹੀ ਹੈ ਕਿ ਖੇਡਾਂ ਦੇ ਇਨਾਮ ਦਰੋਣਾਚਾਰੀਆ ਦੇ ਨਾਮ 'ਤੇ ਦਿੱਤੇ ਜਾਂਦੇ ਹਨ ਅਤੇ ਕਿਸੇ ਨੇ ਇਸ ਉੱਤੇ ਅਜੇ ਤੱਕ ਇਤਰਾਜ਼ ਨਹੀਂ ਕੀਤਾ। ਇਸ ਤੋਂ ਵੀ ਪਤਾ ਲੱਗਦਾ ਹੈ ਕਿ ਸਾਡੀ ਸੱਭਿਆਚਾਰਕ ਬੇਹੋਸ਼ੀ ਵਿੱਚ ਜਾਤ ਕਿੰਨੀ ਡੂੰਘੀ ਬੈਠੀ ਹੋਈ ਹੈ। ਜੇਕਰ ਅਸੀਂ ਵੇਖੀਏ ਕਿ ਅੱਜ ਕੌਣ ਲੋਕ ਹਨ, ਜੋ ਗੁਰੂ-ਸ਼ਿਸ਼ ਪਰੰਪਰਾ ਦੀ ਵਾਪਸੀ ਚਾਹੁੰਦੇ ਹਨ ਤਾਂ ਸਾਡੀ ਸਮਝ ਵਿੱਚ ਆ ਜਾਵੇਗਾ ਕਿ ਇਹ ਅਸਲ ਵਿੱਚ 'ਉੱਚ ਜਾਤੀ' ਵਾਲਿਆਂ ਵੱਲੋਂ ਸਿੱਖਿਆ ਉੱਤੇ ਫਿਰ ਤੋਂ ਸਰਦਾਰੀ ਦੀ ਇੱਛਾ ਦਾ ਹੀ ਪ੍ਰਗਟਾਵਾ ਹੈ।

ਇਹ ਮੰਗ ਸ਼ਾਇਦ ਹੀ ਕਦੇ ਅਨੁਸੂਚਿਤ ਜਾਤੀ ਜਾਂ ਜਨਜਾਤੀ ਸਮੂਹਾਂ ਵੱਲੋਂ ਕੀਤੀ ਜਾਵੇ, ਕਿਉਂਕਿ ਗੁਰੂ-ਸ਼ਿਸ਼ ਪਰੰਪਰਾ ਨੇ ਹੀ ਉਨ੍ਹਾਂ ਨੂੰ ਸਿੱਖਿਆ ਦੇ ਅਦਾਰਿਆਂ ਵਿੱਚ ਦਾਖ਼ਲੇ ਤੋਂ ਰੋਕਿਆ ਹੋਇਆ ਸੀ। ਗੁਰੂ-ਸ਼ਿਸ਼ ਪਰੰਪਰਾ ਸੱਭਿਆਚਾਰਕ ਪੂੰਜੀ ਨੂੰ 'ਉੱਚ ਜਾਤੀ' ਤੱਕ ਹੀ ਸੀਮਿਤ ਰੱਖਣ ਦਾ ਕੰਮ ਕਰੇਗੀ। ਇਹ ਵੀ ਸੌਖਾ ਹੀ ਸਮਝਿਆ ਜਾ ਸਕਦਾ ਹੈ ਕਿ ਕਿਸ ਜਾਤੀ ਦੇ ਗੁਰੂ ਦਾ ਸ਼ਿਸ਼ ਕੋਈ ਬਣਨਾ ਚਾਹੇਗਾ।

ਆਧੁਨਿਕ ਸਿੱਖਿਆ ਸਮਾਨਤਾ ਦੇ ਸਿਧਾਂਤ ਉੱਤੇ



ਟਿਕੀ ਹੋਈ ਹੈ। ਇਸ ਤੋਂ ਇਲਾਵਾ ਇਸ ਵਿੱਚ ਕਿਸੇ ਦੇ ਦਾਖ਼ਲੇ 'ਤੇ ਰੋਕ ਨਹੀਂ ਹੈ; ਬਲਕਿ ਉਹ ਲੋਕ ਜਿਨ੍ਹਾਂ ਲਈ ਕਲ੍ਹ ਤੱਕ ਸਿੱਖਿਆ ਦੇ ਦਰਵਾਜ਼ੇ ਬੰਦ ਸਨ, ਉਨ੍ਹਾਂ ਲਈ ਖਾਸ ਵਿਵਸਥਾ ਕੀਤੀ ਜਾ ਰਹੀ ਹੈ ਕਿ ਉਹ ਇਸ ਵਿੱਚ ਦਾਖ਼ਲ ਹੋ ਸਕਣ। ਇਸ ਵਿੱਚ ਦਾਖ਼ਲਾ ਦੇਣ ਵਾਲੇ ਦੀ ਇੱਛਾ ਦੀ ਕੋਈ ਜਗ੍ਹਾ ਨਹੀਂ ਹੈ। ਜੇਕਰ ਇਹ ਵਿਧੀ ਲਾਗੂ ਕੀਤੀ ਜਾਵੇ ਤਾਂ ਆਬਾਦੀ ਦੇ ਕਿਹੜੇ ਹਿੱਸੇ ਸਿੱਖਿਆ ਤੋਂ ਬਾਹਰ ਰਹਿ ਜਾਣਗੇ, ਇਸ ਬਾਰੇ ਅਨੁਮਾਨ ਲਗਾਉਣ ਦੀ ਵੀ ਲੋੜ ਨਹੀਂ।

ਬਰਾਬਰੀ ਸਿਰਫ਼ ਵਿਦਿਆਰਥੀ ਦੇ ਦਾਖ਼ਲੇ ਤੱਕ ਸੀਮਿਤ ਨਹੀਂ ਹੈ। ਇਸ ਦਾ ਇੱਕ ਉਦੇਸ਼ ਸਮਾਜ ਵਿੱਚ ਸਮਾਨਤਾ ਦੇ ਅਸੂਲ ਨੂੰ ਸਥਾਪਿਤ ਕਰਨਾ ਵੀ ਹੈ। ਆਧੁਨਿਕਤਾ ਨਾਲ ਸਿੱਖਿਆ ਵਿੱਚ ਯੂਨੀਵਰਸਲ ਸਿਧਾਂਤ ਦੀ ਪ੍ਰਵਾਨਗੀ ਵਧਦੀ ਗਈ ਹੈ। ਗਿਆਨ ਦਾ ਅਧਿਕਾਰ ਸਭ ਨੂੰ ਹੈ ਅਤੇ ਇਹ ਫ਼ਰਜ਼ ਰਾਜ ਦਾ ਹੈ ਕਿ ਉਹ ਇਸ ਨੂੰ ਯਕੀਨੀ ਬਣਾਵੇ। ਉਸੇ ਨਾਲ ਇਹ ਵਿਚਾਰ ਵੀ ਕਿ ਗਿਆਨ ਜਾਂ ਹੁਨਰ ਦਾ ਕੋਈ ਖੇਤਰ ਕਿਸੇ ਇੱਕ ਸਮੂਹ ਤੱਕ ਸੀਮਿਤ ਨਹੀਂ ਰਹੇਗਾ, ਬਲਕਿ ਹਰ ਖੇਤਰ ਹਰ ਕਿਸੇ ਲਈ ਖੁੱਲ੍ਹਾ ਹੋਵੇਗਾ। ਉਦਾਹਰਨ ਵਜੋਂ ਫੌਜੀ ਸਿੱਖਿਆ ਇੱਕ ਜਾਤੀ ਵਿਸ਼ੇਸ਼ ਲਈ ਨਹੀਂ, ਕਿਸੇ ਰਾਜ ਪਰਿਵਾਰ ਦੀ ਰੱਖਿਆ ਲਈ ਨਹੀਂ, ਬਲਕਿ ਸਮੁੱਚੇ ਸਮਾਜ ਦੀ ਹਿਫ਼ਾਜ਼ਤ ਲਈ ਜ਼ਰੂਰੀ ਹੈ। ਇਸ ਲਈ ਇਸ ਵਿੱਚ ਸਭ ਦਾ ਦਾਖ਼ਲਾ ਹੋ ਸਕਦਾ ਹੈ।

ਇਸ ਤੋਂ ਇਲਾਵਾ ਅੱਜ ਦੀ ਸਿੱਖਿਆ ਪ੍ਰਣਾਲੀ ਵਿੱਚ ਸਿਲੇਬਸ ਵੀ ਸਾਂਝੇ ਵਿਚਾਰ-ਵਟਾਂਦਰੇ ਤੋਂ ਤੈਅ ਕੀਤਾ ਜਾਂਦਾ ਹੈ, ਕਿਸੇ ਇੱਕ ਦੀ ਮਰਜ਼ੀ ਨਾਲ ਨਹੀਂ ਬਣਦਾ। ਇੱਕ ਵਿਦਿਆਰਥੀ ਨੂੰ ਇੱਕ ਨਹੀਂ, ਅਨੇਕ ਅਧਿਆਪਕਾਂ ਨਾਲ ਕੰਮ ਕਰਨਾ ਚਾਹੀਦਾ ਹੈ। ਵਿਚਾਰ ਅਤੇ ਵਿਸ਼ਲੇਸ਼ਣ ਦੇ ਕਈ ਤਰੀਕੇ ਹਨ, ਗਿਆਨ ਦੀਆਂ ਵੀ ਕਈ ਵਿਧੀਆਂ ਹਨ। ਵਿਦਿਆਰਥੀ ਕਿਸੇ ਇੱਕ ਨਾਲ ਬੰਨ੍ਹੇ ਨਹੀਂ ਰਹਿ ਸਕਦੇ, ਆਪਣੀ ਚੋਣ ਕਰਨ ਦੇ ਅਧਿਕਾਰ ਤਾਂ ਉਨ੍ਹਾਂ ਨੂੰ ਹਨ। ਉਨ੍ਹਾਂ ਦੀ ਵਫ਼ਾਦਾਰੀ ਕਿਸੇ ਇੱਕ ਗੁਰੂ ਨਾਲ ਨਹੀਂ, ਆਪਣੇ ਗਿਆਨ ਦੇ ਖੇਤਰ ਨਾਲ ਹੈ।

ਫਿਰ ਗਿਆਨ ਦਾ ਹਰ ਖੇਤਰ ਦੂਜੇ ਨਾਲ ਜੁੜਿਆ ਹੋਇਆ ਹੈ। ਇਸ ਲਈ ਇਸ ਦੀ ਵਿਆਪਕ ਸਮਝ ਹੋਣੀ ਵੀ ਜ਼ਰੂਰੀ ਹੈ। ਇਹ ਕਿਸੇ ਇੱਕ 'ਗੁਰੂ' ਦੇ ਸ਼ਿਸ਼ ਹੋਣ ਨਾਲ ਸੰਭਵ ਨਹੀਂ ਹੋਵੇਗਾ।

ਆਧੁਨਿਕ ਸਿੱਖਿਆ ਸਵਾਲ ਦੀ ਆਜ਼ਾਦੀ ਉੱਤੇ ਟਿਕੀ ਹੋਈ ਹੈ। ਗੁਰੂ-ਸ਼ਿਸ਼ ਪਰੰਪਰਾ ਇਸ ਦੀ ਇਜਾਜ਼ਤ ਨਹੀਂ ਦਿੰਦੀ। ਗੁਰੂ-ਸ਼ਿਸ਼ਿ ਪਰੰਪਰਾ ਵਿੱਚ ਸ਼ਿਸ਼ਾਂ ਨੂੰ ਆਪਣਾ ਸਵੈ-ਮਾਣ ਤਿਆਗ ਦੇਣਾ ਲਾਜ਼ਮੀ ਹੈ, ਪੂਰੀ ਤਰ੍ਹਾਂ ਨਿਰਸਵ ਹੋ ਜਾਣਾ ਹੈ, ਗੁਰੂ ਦੇ ਸ਼ਬਦ ਨੂੰ ਅੰਤਿਮ ਮੰਨਣਾ ਹੈ। ਜਦਕਿ ਆਧੁਨਿਕ ਸਿੱਖਿਆ ਦਾ ਮੰਤਵ ਆਪਣੀ ਆਜ਼ਾਦ ਆਵਾਜ਼ ਅਤੇ ਆਪਣੇ ਸਵੈ-ਅਧਿਕਾਰ ਨੂੰ ਹਾਸਲ ਕਰਨਾ ਹੈ। ਇਸ ਵਿੱਚ ਕਈ ਵਾਰ ਜੋ ਸਰਵ-ਪ੍ਰਵਾਨ ਹੈ, ਉਸ ਨੂੰ ਅਸਵੀਕਾਰ ਵੀ ਕਰਨਾ ਪੈਂਦਾ ਹੈ।

ਸਿੱਖਿਆ ਦਾ ਵੱਡਾ ਉਦੇਸ਼ ਜਨਤੰਤਰੀ ਭਾਵਨਾ ਅਤੇ ਵਿਚਾਰ ਲਈ ਖੇਤਰ ਨੂੰ ਵਿਆਪਕ ਬਣਾਉਣਾ ਹੈ। ਕੀ ਗੁਰੂ-ਸ਼ਿਸ਼ ਪਰੰਪਰਾ ਇਸ ਵਿੱਚ ਮਦਦ ਕਰਦੀ ਹੈ? ਭਾਰਤ ਵਿੱਚ ਅੱਜਕੱਲ੍ਹ ਗੁਰੂ-ਸ਼ਿਸ਼ ਪਰੰਪਰਾ ਦਾ ਜੋ ਗੁਣਗਾਨ ਕੀਤਾ ਜਾ ਰਿਹਾ ਹੈ, ਉਸ ਦਾ ਕਾਰਨ ਇਹ ਹੈ ਕਿ ਸੱਤਾ ਹੁਣ ਆਜ਼ਾਦ ਮਨ ਅਤੇ ਮਗਜ਼ ਵਾਲੇ ਨਾਗਰਿਕ ਨਹੀਂ ਚਾਹੁੰਦੀ; ਸੱਤਾ ਅੱਗੇ ਸਮਰਪਣਸ਼ੀਲ ਜਨ ਚਾਹੁੰਦੀ ਹੈ। ਸਿੱਖਿਆ ਦਾ ਕੰਮ ਇਸ ਪ੍ਰਤੀ ਲੋਕਾਂ ਨੂੰ ਚੌਕਸ ਕਰਨਾ ਅਤੇ ਉਨ੍ਹਾਂ ਅੰਦਰ ਆਲੋਚਨਾਤਮਕ ਨਜ਼ਰੀਆ ਵਿਕਸਿਤ ਕਰਨਾ ਹੈ। ਗੁਰੂ-ਸ਼ਿਸ਼ ਪਰੰਪਰਾ ਇਸ ਵਿੱਚ ਰੁਕਾਵਟ ਹੈ, ਸਹਾਇਕ ਨਹੀਂ।

# ਮੌਜੂਦਾ ਵਿਸ਼ਵਵਿਆਪੀ ਖੁਰਾਕ ਪ੍ਰਣਾਲੀਆਂ, ਅਮਰੀਕੀ ਫਾਰਮ ਬਿੱਲ ਅਤੇ 20ਵੀਂ ਸਦੀ ਦੇ ਸ਼ੁਰੂ ਦੇ ਅਮਰੀਕਾ ਤੋਂ ਭਾਰਤ ਲਈ ਸਬਕ

ਸਿਸਟਮ) ਜਾਂ ਟਾਰਗੇਟਡ ਪੀ.ਡੀ.ਐਸ. ਕਿਹਾ ਜਾਂਦਾ ਹੈ, ਵਿੱਚ ਪ੍ਰਦਾਨ ਕੀਤੇ ਗਏ ਮੁਫਤ ਜਾਂ ਬਹੁਤ ਜ਼ਿਆਦਾ ਸਬਸਿਡੀ ਵਾਲੇ ਅਨਾਜ 'ਤੇ ਨਿਰਭਰ ਹਨ।

3. ਕਿਸਾਨਾਂ ਦੀ ਆਮਦਨ ਬਹੁਤ ਮਾੜੀ ਹੈ ਅਤੇ ਉਹ ਬਿਹਤਰ ਆਮਦਨ ਤੇ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਦੀ ਮੰਗ ਕਰ ਰਹੇ ਹਨ।

4. ਐਮ.ਐਸ.ਪੀ. ਦੇ ਕਾਨੂੰਨੀਕਰਣ ਨੂੰ ਲੈ ਕੇ ਬਹੁਤ ਸਾਰੇ ਫਾਇਦੇ ਅਤੇ ਨੁਕਸਾਨ ਹੋਣ ਕਰਕੇ ਇਨ੍ਹਾਂ ਮੁੱਦਿਆਂ 'ਤੇ ਇੱਕ ਰੁਕਾਵਟ ਪੈਦਾ ਹੋ ਗਈ ਹੈ, ਇਸ ਮੁੱਦੇ ਦੇ ਹਰ ਪਾਸੇ ਬਹੁਤ ਸਾਰੇ ਮਾਹਰ ਹਨ। ਇਨ੍ਹਾਂ ਮਾਹਿਰਾਂ ਨੂੰ ਇੱਕ-ਦੂਜੇ ਦੀ ਗੈਰ-ਹਾਜ਼ਰੀ ਵਿੱਚ ਇੱਕ ਦੂਜੇ ਦਾ ਵਿਰੋਧ ਕਰਨ ਦੀ ਬਜਾਏ, ਮਸਲੇ ਨੂੰ ਹੱਲ ਕਰਨ ਲਈ ਆਹਮੋ-ਸਾਹਮਣੇ ਬੈਠਣਾ ਚਾਹੀਦਾ ਹੈ।

**ਯੂ.ਐਸ. ਫਾਰਮ ਬਿੱਲ ਇੱਕ ਵਿਆਪਕ, ਬਹੁ-ਸਾਲਾ ਸੰਘੀ ਕਾਨੂੰਨ ਹੈ,** ਜੋ ਸੰਯੁਕਤ ਰਾਜ ਅਮਰੀਕਾ ਵਿੱਚ ਖੇਤੀਬਾੜੀ ਅਤੇ ਭੋਜਨ ਨੀਤੀ ਨੂੰ ਆਕਾਰ ਦਿੰਦਾ ਹੈ। ਇਹ ਇੱਕ ਸਰਵ-ਵਿਆਪੀ ਕਾਨੂੰਨ ਹੈ, ਜੋ ਖੇਤੀਬਾੜੀ ਆਮਦਨ ਸਹਾਇਤਾ, ਫਸਲ ਬੀਮਾ, ਸੰਭਾਲ ਪਹਿਲਕਦਮੀਆਂ, ਪੇਂਡੂ ਵਿਕਾਸ, ਵਪਾਰ ਤੇ ਨਿਰਯਾਤ ਸਹਾਇਤਾ, ਖੇਤੀਬਾੜੀ ਖੋਜ ਅਤੇ ਘਰੇਲੂ ਪੋਸ਼ਣ ਪ੍ਰੋਗਰਾਮ, ਜਿਵੇਂ ਕਿ ਫੂਡ ਸਟੈਂਪ ਸਮੇਤ ਕਈ ਪ੍ਰੋਗਰਾਮਾਂ ਨੂੰ ਕਵਰ ਕਰਦਾ ਹੈ। ਫਾਰਮ ਬਿੱਲਾਂ ਦਾ ਉਦੇਸ਼ ਖੇਤੀਬਾੜੀ ਬਾਜ਼ਾਰਾਂ ਵਿੱਚ ਸਥਿਰਤਾ ਅਤੇ ਭਵਿੱਖਬਾਣੀ ਪ੍ਰਦਾਨ ਕਰਨਾ ਹੈ, ਜਦੋਂ ਕਿ ਸਮਾਜਿਕ ਅਤੇ ਵਾਤਾਵਰਣ ਦੀਆਂ ਵਿਕਸਤ ਜ਼ਰੂਰਤਾਂ ਨੂੰ ਸੰਬੋਧਿਤ ਕਰਨਾ ਹੈ।

ਅਮਰੀਕਾ ਵਿੱਚ ਰਸਮੀ ਖੇਤੀ-ਵਿਆਪੀ ਕਾਨੂੰਨ ਦੀ ਸ਼ੁਰੂਆਤ 1930 ਦੇ ਦਹਾਕੇ ਤੋਂ ਮਹਾਂ ਮੰਦੀ ਦੌਰਾਨ ਹੋਈ ਸੀ, ਜਦੋਂ ਕਾਂਗਰਸ ਨੇ ਖੇਤੀ ਕੀਮਤਾਂ ਨੂੰ ਸਥਿਰ ਕਰਨ ਅਤੇ ਪੇਂਡੂ ਭਾਈਚਾਰਿਆਂ ਦਾ ਸਮਰਥਨ ਕਰਨ ਲਈ ਵਿਆਪਕ ਖੇਤੀਬਾੜੀ ਕਾਨੂੰਨਾਂ ਦੀ ਵਰਤੋਂ ਸ਼ੁਰੂ ਕੀਤੀ ਸੀ। ਉਦੋਂ ਤੋਂ ਬਦਲਦੇ ਆਰਥਿਕ, ਵਾਤਾਵਰਣ ਅਤੇ ਸਮਾਜਿਕ ਹਾਲਾਤਾਂ ਦਾ ਜਵਾਬ ਦੇਣ ਲਈ ਖੇਤੀ ਬਿੱਲ ਨੂੰ ਲਗਭਗ ਹਰ ਪੰਜ ਸਾਲਾਂ ਬਾਅਦ ਨਵਿਆਇਆ ਜਾਂਦਾ ਰਿਹਾ ਹੈ।

ਸਭ ਤੋਂ ਤਾਜ਼ਾ ਪੂਰਾ ਖੇਤੀ ਬਿੱਲ 2018 ਦਾ ਖੇਤੀਬਾੜੀ ਸੁਧਾਰ ਐਕਟ ਸੀ, ਜੋ ਦਸੰਬਰ 2018 ਵਿੱਚ ਕਾਨੂੰਨ ਬਣਿਆ। ਇਸਨੇ ਵਿੱਤੀ ਸਾਲ 2023 ਤੱਕ ਵਿਭਿੰਨ ਪ੍ਰੋਗਰਾਮਾਂ ਨੂੰ ਅਧਿਕਾਰਤ ਕੀਤਾ ਅਤੇ ਫਸਲ ਬੀਮਾ, ਵਸਤੂਆਂ ਦੀ ਕੀਮਤ ਪ੍ਰੋਗਰਾਮ, ਸੰਭਾਲ ਯਤਨਾਂ ਅਤੇ ਪੋਸ਼ਣ ਸਹਾਇਤਾ ਲਈ ਮੁੱਖ ਸਹਾਇਤਾ ਸ਼ਾਮਲ ਕੀਤੀ।

ਕਿਉਂਕਿ ਕਾਂਗਰਸ ਨੇ ਨਿਰਧਾਰਤ ਮਿਆਦ ਪੁੱਗਣ ਤੱਕ ਇੱਕ ਉੱਤਰਾਧਿਕਾਰੀ ਬਿੱਲ ਪੂਰਾ ਨਹੀਂ ਕੀਤਾ, ਇਸ ਲਈ ਕਾਨੂੰਨਸਾਜ਼ਾਂ ਨੇ 2018 ਦੇ ਫਾਰਮ ਬਿੱਲ ਅਥਾਰਟੀ ਨੂੰ ਕਈ ਵਾਰ ਵਧਾਇਆ ਹੈ। ਇਸ ਵਿੱਚ ਅਮਰੀਕੀ ਰਾਹਤ ਐਕਟ-2025 ਦੇ ਤਹਿਤ 30 ਸਤੰਬਰ 2025 ਤੱਕ ਇੱਕ ਸਾਲ ਦਾ ਵਾਧਾ ਸ਼ਾਮਲ ਹੈ, ਇਸ ਲਈ ਨਵੇਂ ਕਾਨੂੰਨ 'ਤੇ ਬਹਿਸ ਹੋਣ ਤੱਕ ਮੁੱਖ ਖੇਤੀ ਪ੍ਰੋਗਰਾਮ ਜਾਰੀ ਰਹਿੰਦੇ ਹਨ।

2026 ਦੇ ਸ਼ੁਰੂ ਵਿੱਚ, ਇੱਕ ਨਵੇਂ ਖੇਤੀ ਬਿੱਲ 'ਤੇ ਗੱਲਬਾਤ - ਜਿਸ ਵਿੱਚ ਸਦਨ ਅਤੇ ਸੈਨੇਟ ਦੋਵਾਂ ਵਿੱਚ ਪ੍ਰਸਤਾਵ ਸ਼ਾਮਲ ਹਨ, ਚੱਲ ਰਹੀ ਹੈ ਪਰ ਅਜੇ ਤੱਕ ਇੱਕ ਪੂਰੀ ਤਰ੍ਹਾਂ ਲਾਗੂ ਕੀਤੇ ਗਏ ਬਹੁ-ਸਾਲਾ ਫਾਰਮ ਬਿੱਲ ਦਾ ਨਤੀਜਾ ਨਹੀਂ ਨਿਕਲਿਆ ਹੈ। ਕਾਨੂੰਨਸਾਜ਼ ਅਗਲੇ ਪ੍ਰਮੁੱਖ ਖੇਤੀਬਾੜੀ ਨੀਤੀ ਪੈਕੇਜ ਨੂੰ ਤਿਆਰ ਕਰਨ ਲਈ ਫੰਡਿੰਗ ਪੱਧਰਾਂ, ਵਸਤੂ ਸਹਾਇਤਾ, ਸੰਭਾਲ ਤਰਜੀਹਾਂ ਅਤੇ ਪੋਸ਼ਣ ਪ੍ਰੋਗਰਾਮਾਂ 'ਤੇ ਕੰਮ ਕਰ ਰਹੇ ਹਨ।

### 20ਵੀਂ ਸਦੀ ਦੇ ਸ਼ੁਰੂ ਦੇ ਅਮਰੀਕਾ ਤੋਂ ਭਾਰਤ ਲਈ ਸਬਕ

20ਵੀਂ ਸਦੀ ਦੇ ਸ਼ੁਰੂ ਦਾ ਅਮਰੀਕਾ ਭਾਰਤ ਲਈ ਸ਼ਕਤੀਸ਼ਾਲੀ ਸਬਕ ਪੇਸ਼ ਕਰਦਾ ਹੈ, ਕਿਉਂਕਿ ਇਹ ਅਮਰੀਕਾ ਦਾ ਖੇਤੀਬਾੜੀ ਸੰਕਟ, ਵਾਤਾਵਰਣ ਦੇ ਪਤਨ ਅਤੇ ਬਾਜ਼ਾਰ ਦੀ ਅਸਥਿਰਤਾ ਦਾ ਸਾਹਮਣਾ ਕਰ ਰਿਹਾ ਸਮਾਂ ਸੀ। 1920 ਦੇ ਦਹਾਕੇ ਵਿੱਚ ਕਾਰਪੋਰੇਟ ਮੁਨਾਫ਼ੇ ਦੇ ਉਦੇਸ਼ਾਂ ਅਤੇ ਨੀਤੀਗਤ ਪ੍ਰੋਤਸਾਹਨਾਂ ਦੁਆਰਾ ਪ੍ਰੇਰਿਤ, ਅਮਰੀਕੀ ਕਿਸਾਨਾਂ ਨੇ ਉਤਪਾਦਨ ਨੂੰ ਹਮਲਾਵਰ ਢੰਗ ਨਾਲ ਵਧਾਇਆ। ਮਸ਼ੀਨੀਕਰਨ, ਮੋਨੋਕ੍ਰਪਿੰਗ ਅਤੇ ਆਸਾਨ ਕਰਜ਼ੇ ਨੇ ਕਣਕ ਤੇ ਕਪਾਹ ਵਰਗੀਆਂ ਫਸਲਾਂ ਦੇ ਲੰਬੇ ਸਮੇਂ ਤੋਂ ਵੱਧ ਉਤਪਾਦਨ ਨੂੰ ਜਨਮ ਦਿੱਤਾ। ਜਦੋਂ ਪਹਿਲੇ ਵਿਸ਼ਵ ਯੁੱਧ ਤੋਂ ਬਾਅਦ ਵਿਸ਼ਵਵਿਆਪੀ ਮੰਗ ਡਿੱਗ ਗਈ, ਤਾਂ ਕੀਮਤਾਂ ਡਿੱਗ ਗਈਆਂ, ਜਿਸ ਨਾਲ ਕਿਸਾਨਾਂ ਨੂੰ ਕਰਜ਼ੇ ਵਿੱਚ ਧੱਕ ਦਿੱਤਾ ਗਿਆ। ਉਤਪਾਦਨ ਅਤੇ ਮੰਗ ਵਿਚਕਾਰ ਇਸ ਅਸੰਤੁਲਨ ਨੇ ਮਹਾਂ ਮੰਦੀ ਵਿੱਚ ਯੋਗਦਾਨ ਪਾਇਆ। ਇਸਦੇ ਨਾਲ ਹੀ ਵਾਤਾਵਰਣ ਸੁਰੱਖਿਆ ਦੇ ਬਿਨਾ ਨਾਜ਼ੁਕ ਘਾਹ ਦੇ ਮੈਦਾਨਾਂ ਦੀ ਲਗਾਤਾਰ ਹਲ ਵਾਹੁਣ ਨਾਲ ਵੱਡੇ ਪੱਧਰ 'ਤੇ ਮਿੱਟੀ ਦੀ ਕਟੌਤੀ ਹੋਈ, ਜਿਸਦਾ ਨਤੀਜਾ '1930 ਦੇ ਦਹਾਕੇ ਦਾ ਡਸਟ ਬਾਊਲ' ਹੋਇਆ, ਜਿਸ ਨੂੰ ਇੱਕ ਸੰਯੁਕਤ ਆਰਥਿਕ ਤੇ ਵਾਤਾਵਰਣਕ ਤਬਾਹੀ ਮੰਨਿਆ ਗਿਆ।



### ਭਾਰਤ ਕੀ ਤਿੰਨ ਮੁੱਖ ਸਬਕ ਸਿੱਖ ਸਕਦਾ ਹੈ

ਪਹਿਲਾ, ਮੰਗ ਪ੍ਰਬੰਧਨ ਤੋਂ ਬਿਨਾ ਅਣਚਾਹੇ ਉਤਪਾਦਨ ਪ੍ਰੋਤਸਾਹਨ ਖੇਤੀ ਆਮਦਨ ਨੂੰ ਤਬਾਹ ਕਰ ਸਕਦੇ ਹਨ; ਘੱਟੋ-ਘੱਟ ਸਮਰਥਨ ਮੁੱਲ, ਖਰੀਦ ਅਤੇ ਨਿਰਯਾਤ ਯੋਜਨਾਬੰਦੀ ਨੂੰ ਖਪਤ ਤੇ ਸਥਿਰਤਾ ਨਾਲ ਜੋੜਿਆ ਜਾਣਾ ਚਾਹੀਦਾ ਹੈ।

ਦੂਜਾ, ਵਾਤਾਵਰਣਕ ਸੀਮਾਵਾਂ ਮਾਇਨੇ ਰੱਖਦੀਆਂ ਹਨ: ਇੱਕ-ਫਸਲੀ, ਭੂਮੀਗਤ ਪਾਣੀ ਦੀ ਜ਼ਿਆਦਾ ਨਿਕਾਸੀ ਅਤੇ ਬਹੁਤ ਜ਼ਿਆਦਾ ਰਸਾਇਣਕ ਵਰਤੋਂ ਲੰਬੇ ਸਮੇਂ ਦੇ ਨੁਕਸਾਨ ਨੂੰ ਪੈਦਾ ਕਰ ਸਕਦੀ ਹੈ, ਜਿਵੇਂ ਕਿ ਅੱਜ ਪੰਜਾਬ ਤੇ ਹਰਿਆਣਾ ਵਿੱਚ ਦੇਖਿਆ ਗਿਆ ਹੈ।

ਤੀਜਾ, ਇਕੱਲੇ ਬਾਜ਼ਾਰ ਕਿਸਾਨਾਂ ਦੀ ਰੱਖਿਆ ਨਹੀਂ ਕਰ ਸਕਦੇ; ਮਜਬੂਤ ਜਨਤਕ ਸੰਸਥਾਵਾਂ, ਮਿੱਟੀ ਸੰਭਾਲ ਪ੍ਰੋਗਰਾਮ, ਫਸਲੀ ਵਿਭਿੰਨਤਾ ਅਤੇ ਸਮਾਜਿਕ ਸੁਰੱਖਿਆ ਜਾਲ ਜ਼ਰੂਰੀ ਹਨ।

ਅਮਰੀਕਾ ਨੇ ਸੰਭਾਲ, ਨਿਯਮਨ ਅਤੇ ਕਿਸਾਨ ਸਹਾਇਤਾ ਰਾਹੀਂ ਖੇਤੀਬਾੜੀ ਵਿੱਚ ਸੁਧਾਰ ਕਰਕੇ ਮੁੜ ਸੁਰਜੀਤੀ ਪ੍ਰਾਪਤ ਕੀਤੀ। ਭਾਰਤ ਨੂੰ ਜਲਦੀ ਕਾਰਵਾਈ ਕਰਨੀ ਚਾਹੀਦੀ ਹੈ - ਉਤਪਾਦਕਤਾ ਨੂੰ ਵਾਤਾਵਰਣ ਅਤੇ ਇਕੁਇਟੀ ਨਾਲ ਸੰਤੁਲਿਤ ਕਰਨਾ - ਤਾਂ ਜੋ ਵਿਕਾਸ ਭਵਿੱਖ ਦੇ ਸੰਕਟ ਦੇ ਬੀਜ ਨਾ ਬੀਜੇ।

# ਏ.ਆਰ. ਰਹਿਮਾਨ ਦੀ ਟਿੱਪਣੀ 'ਤੇ ਵਿਵਾਦ

**ਮਨੋਜ ਕੁਮਾਰ ਝਾਅ***

ਜਦੋਂ ਕਿਸੇ ਕਲਾਕਾਰ, ਲੇਖਕ ਜਾਂ ਆਮ ਨਾਗਰਿਕ ਨੂੰ ਸਿਰਫ਼ ਸ਼ੀਸ਼ਾ ਦਿਖਾਉਣ ਲਈ ਸਜ਼ਾ ਦਿੱਤੀ ਜਾਣ ਲੱਗੇ ਤਾਂ ਸਮੱਸਿਆ ਸ਼ੀਸ਼ੇ ਵਿੱਚ ਨਹੀਂ ਹੁੰਦੀ। ਦਰਾਰਾਂ ਤਾਂ ਪਹਿਲਾਂ ਤੋਂ ਹੀ ਮੌਜੂਦ ਹੁੰਦੀਆਂ ਹਨ। ਬਦਲਾਅ ਇਹ ਆਇਆ ਹੈ ਕਿ ਸਾਨੂੰ ਉਹ ਦਰਾਰਾਂ ਨਾ ਵੇਖਣ ਦੀ ਟ੍ਰੇਨਿੰਗ ਦਿੱਤੀ ਜਾ ਰਹੀ ਹੈ-ਟੁੱਟਣ ਨੂੰ ਨਕਾਰਨਾ ਅਤੇ ਸੱਚ ਕਹਿਣ ਨੂੰ ਗ਼ੱਦਾਰੀ ਸਮਝਣਾ।


ਏ.ਆਰ. ਰਹਿਮਾਨ ਨੇ ਇਨ੍ਹੀਂ ਦਿਨੀਂ ਬਾਲੀਵੁੱਡ 'ਤੇ ਫ਼ਿਰਕੂ ਪ੍ਰਭਾਵ ਬਾਰੇ ਗੱਲ ਕੀਤੀ ਸੀ। ਏ.ਆਰ. ਰਹਿਮਾਨ ਨੇ ਵੀ ਸਿਰਫ਼ ਉਹੀ ਗੱਲ ਕਹੀ ਜੋ ਅੱਜ ਦੇਸ਼ ਵਿੱਚ ਲੱਖਾਂ ਲੋਕ ਮਹਿਸੂਸ ਕਰ ਰਹੇ ਹਨ। ਉਨ੍ਹਾਂ ਉੱਤੇ ਹੋਇਆ ਹਮਲਾ ਇਹ ਦੱਸਦਾ ਹੈ ਕਿ ਸਾਨੂੰ ਝੂਠ ਨਹੀਂ, ਸੱਚ ਅਸਹਿਜ ਕਰਦਾ ਹੈ।

ਮੁੰਬਈ ਫ਼ਿਲਮ ਉਦਯੋਗ ਵਿੱਚ ਵੱਧ ਰਹੇ ਧਾਰਮਿਕ ਧਰੁਵੀਕਰਨ ਬਾਰੇ ਏ.ਆਰ. ਰਹਮਾਨ ਦੀ ਟਿੱਪਣੀ ਦਰਅਸਲ ਕੌਮੀ ਆਤਮ-ਚਿੰਤਨ ਦਾ ਮੌਕਾ ਬਣ ਸਕਦੀ ਸੀ। ਉਹ ਨਾ ਉਕਸਾਉਣ ਵਾਲੀ ਸੀ, ਨਾ ਕਿਸੇ ਖ਼ਾਸ ਪੱਖ ਦੀ। ਇਹ ਇੱਕ ਐਸੇ ਕਲਾਕਾਰ ਦੀ ਸ਼ਾਂਤ ਅਤੇ ਸੋਚ-ਵਿਚਾਰ ਭਰੀ ਗੱਲ ਸੀ, ਜਿਸਦਾ ਪੂਰਾ ਜੀਵਨ ਕੰਮ ਧਰਮ, ਭਾਸ਼ਾ ਅਤੇ ਰਾਸ਼ਟਰ ਦੀਆਂ ਹੱਦਾਂ ਤੋਂ ਉੱਪਰ ਉਠਦਾ ਰਿਹਾ ਹੈ। ਪਰ ਇਸਦੇ ਬਦਲੇ, ਪ੍ਰਤੀਕਿਰਿਆ ਤੁਰੰਤ ਅਤੇ ਜ਼ਹਿਰੀਲੀ ਸੀ। ਸੋਸ਼ਲ ਮੀਡੀਆ 'ਤੇ ਟ੍ਰੋਲਾਂ ਨੇ ਝੁੰਡ ਬਣਾ ਕੇ ਉਨ੍ਹਾਂ ਉੱਤੇ ਹਮਲੇ ਕੀਤੇ, ਉਨ੍ਹਾਂ ਨੂੰ ਪੱਖਪਾਤੀ ਅਤੇ 'ਦੇਸ਼ਦ੍ਰੋਹੀ' ਤੱਕ ਕਹਿ ਦਿੱਤਾ। ਜਿਵੇਂ ਸਮੱਸਿਆ ਦਾ ਨਾਮ ਲੈਣਾ ਹੀ ਅਪਰਾਧ ਬਣ ਗਿਆ ਹੋਵੇ।

ਕੁਝ ਹਮਲੇ ਸਿੱਧੀ ਗਾਲੀ-ਗਲੋਚ ਦੇ ਰੂਪ ਵਿੱਚ ਸਨ ਤੇ ਕੁਝ ਉਨ੍ਹਾਂ ਲੋਕਾਂ ਵੱਲੋਂ ਆਏ ਜੋ ਆਪਣੇ ਆਪ ਨੂੰ 'ਉਦਾਰ' ਕਹਿੰਦੇ ਹਨ ਪਰ ਉਨ੍ਹਾਂ ਦੀ ਮਿੱਠੀ ਬੋਲੀ ਵਿੱਚ ਵੀ ਕੁੜੱਤਣ ਛੁਪੀ ਹੋਈ ਸੀ। ਅਣਜਾਣੇ ਵਿੱਚ ਹੀ, ਇਨ੍ਹਾਂ ਸਾਰੀਆਂ ਪ੍ਰਤੀਕਿਰਿਆਵਾਂ ਨੇ ਰਹਿਮਾਨ ਦੇ ਉਸੇ ਫ਼ਿਕਰ ਨੂੰ ਸੱਚ ਸਾਬਤ ਕਰ ਦਿੱਤਾ, ਜਿਸ ਵੱਲ ਉਹ ਧਿਆਨ ਦਿਵਾ ਰਹੇ ਸਨ।

ਇਹ ਮਾਮਲਾ ਰਹਿਮਾਨ ਦੀ 'ਰਾਜਨੀਤੀ' ਨਹੀਂ, ਸਗੋਂ ਸਾਡੀ ਸੁਣਨ ਦੀ ਸਮਰੱਥਾ ਦੇ ਘਟਣ ਦਾ ਸਬੂਤ ਹੈ। ਅੱਜ ਦੇ ਸਮੇਂ ਵਿੱਚ-ਜਦੋਂ ਪਛਾਣ ਨੂੰ ਹਥਿਆਰ ਬਣਾਇਆ ਜਾ ਰਿਹਾ ਹੈ, ਸੱਚ ਆਪ ਹੀ ਬਗਾਵਤ ਜਿਹਾ ਲੱਗਣ ਲੱਗ ਪਿਆ ਹੈ। ਧਰੁਵੀਕਰਨ ਸਿਰਫ਼ ਉੱਪਰੋਂ ਨਹੀਂ ਥੋਪਿਆ ਜਾਂਦਾ; ਇਸਨੂੰ ਹੇਠਾਂ ਤੋਂ ਵੀ ਪ੍ਰਵਾਨਗੀ ਮਿਲਦੀ ਹੈ। ਗੁੱਸੇ ਦੀ ਅਰਥਵਿਵਸਥਾ, ਸੋਸ਼ਲ ਮੀਡੀਆ ਦੇ ਐਲਗੋਰਿਦਮ ਅਤੇ ਇੱਕ ਐਸਾ ਜਨਤਕ ਵਾਤਾਵਰਨ- ਜਿੱਥੇ ਹਕੀਕਤ ਨਾਲੋਂ ਤਮਾਸ਼ੇ ਨੂੰ ਵੱਧ ਤਰਜੀਹ ਮਿਲਦੀ ਹੈ-ਇਸਨੂੰ ਹੋਰ ਮਜ਼ਬੂਤ ਕਰਦੇ ਹਨ।

ਰਹਿਮਾਨ ਦਾ ਸੰਗੀਤ ਸਾਨੂੰ ਸਾਲਾਂ ਤੋਂ ਇਹ ਸਿਖਾਉਂਦਾ ਆਇਆ ਹੈ ਕਿ ਸਾਂਝ ਦਾ ਮਤਲਬ ਇੱਕੋ ਜਿਹਾ ਹੋਣਾ ਨਹੀਂ




ਹੁੰਦਾ। ਸਾਂਝ ਦਾ ਅਰਥ ਹੈ ਵੱਖ-ਵੱਖ ਆਵਾਜ਼ਾਂ ਦਾ ਇੱਕ-ਦੂਜੇ ਨਾਲ ਗੂੰਜਣਾ। ਐਸੇ ਕਲਾਕਾਰ ਨੂੰ ਨਿਸ਼ਾਨਾ ਬਣਾਉਣਾ ਇਹ ਮੰਨਣਾ ਹੈ ਕਿ ਇੱਕ ਸਮਾਜ ਵਜੋਂ ਸਾਡੇ ਅੰਦਰ ਨਫ਼ਰਤ ਕਿੰਨੀ ਡੂੰਘੀ ਬੈਠ ਚੁੱਕੀ ਹੈ। ਜੋ ਸਮਾਜ ਆਪਣੇ ਆਪ ਵਿੱਚ ਸੁਰੱਖਿਅਤ ਹੁੰਦਾ ਹੈ, ਉਹ ਆਪਣੇ ਪ੍ਰਤੀਬਿੰਬ ਤੋਂ ਨਹੀਂ ਡਰਦਾ। ਅਸਲ ਬੇਈਮਾਨੀ ਸਮੱਸਿਆ ਨੂੰ ਨਾ ਕਹਿਣ ਵਿੱਚ ਨਹੀਂ, ਸਗੋਂ ਉਸਦੇ ਮੌਜੂਦ ਹੋਣ ਤੋਂ ਇਨਕਾਰ ਕਰਨ ਵਿੱਚ ਹੈ-ਅਤੇ ਚੁੱਪੀ ਨੂੰ ਏਕਤਾ ਤੇ ਸ਼ਾਂਤੀ ਸਮਝ ਲੈਣ ਵਿੱਚ ਹੈ।

ਜਦੋਂ ਮਿਲਜੁਲ ਕੇ ਰਹਿਣ ਦੀ ਅਪੀਲ ਨੂੰ ਵੈਰ ਸਮਝਿਆ ਜਾਣ ਲੱਗੇ, ਜਦੋਂ ਵੰਨ-ਸੁਵੰਨਤਾ ਦੀ ਯਾਦ ਦਿਵਾਉਣਾ ਹਮਲਾ ਮੰਨਿਆ ਜਾਣ ਲੱਗੇ, ਤਾਂ ਇਹ ਸਾਫ਼ ਇਸ਼ਾਰਾ ਹੁੰਦਾ ਹੈ ਕਿ ਅਸਹਿਣਸ਼ੀਲਤਾ ਸਾਡੀ ਜਨਤਕ ਸੋਚ ਵਿੱਚ ਕਿੰਨੀ ਡੂੰਘੀ ਵਸ ਚੁੱਕੀ ਹੈ। ਅੱਜ ਵੰਡ ਪੈਦਾ ਕਰਨ ਵਾਲੀਆਂ ਗੱਲਾਂ ਜ਼ਿਆਦਾ ਤੇਜ਼ੀ ਨਾਲ ਫੈਲਦੀਆਂ ਹਨ, ਵੱਧ ਤਾੜੀਆਂ ਮਿਲਦੀਆਂ ਹਨ ਅਤੇ ਏਕਤਾ ਦੀਆਂ ਗੱਲਾਂ ਨਾਲੋਂ ਵੱਧ ਭਾਵਨਾਤਮਕ ਤਾਕਤ ਖਿੱਚਦੀਆਂ ਹਨ।

ਨਫ਼ਰਤ ਹੁਣ ਪ੍ਰਦਰਸ਼ਨ ਬਣ ਗਈ ਹੈ। ਗੁੱਸਾ ਪਛਾਣ ਦਾ ਬੈਜ ਹੈ। ਸੰਜਮ ਕਾਇਰਤਾ ਲੱਗਦਾ ਹੈ, ਨਜ਼ਾਕਤ ਸ਼ੱਕੀ ਅਤੇ ਹਮਦਰਦੀ ਲਗਭਗ ਖ਼ਤਰਨਾਕ। ਰਹਿਮਾਨ ਦੇ ਸ਼ਬਦ ਕੋਈ ਐਲਾਨਨਾਮਾ ਨਹੀਂ ਸਨ; ਉਹ ਇੱਕ ਡੂੰਘੀ ਤੜਪ ਵਰਗੇ ਸਨ-ਉਸ ਦੇਸ਼ ਅਤੇ ਉਸ ਸਮਾਜ ਬਾਰੇ, ਜਿਸਨੂੰ ਉਹ ਪਿਆਰ ਕਰਦੇ ਹਨ ਅਤੇ ਜੋ ਬਦਲ ਰਿਹਾ ਹੈ। ਇਸ ਤਰ੍ਹਾਂ ਦੀ ਗੱਲ 'ਤੇ ਵੀ ਜਦੋਂ ਗਾਲ੍ਹਾਂ ਦੀ ਬਾਰਿਸ਼ ਹੋਵੇ, ਤਾਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਅਸੀਂ ਅਸਹਿਜ ਸੱਚ ਸੁਣਨ ਤੋਂ ਕਿੰਨੇ ਹਿਚਕਿਚਾਉਂਦੇ ਹਾਂ।

ਇੱਥੇ ਗੱਲ ਸਿਰਫ਼ ਸੋਸ਼ਲ ਮੀਡੀਆ ਤੱਕ ਸੀਮਿਤ ਨਹੀਂ। ਇਹ ਇੱਕ ਵੱਡੇ ਸੱਭਿਆਚਾਰਕ ਬਦਲਾਅ ਦਾ ਸ਼ੀਸ਼ਾ ਹੈ, ਜਿੱਥੇ ਪਛਾਣ ਨੂੰ ਸਖ਼ਤ ਹਥਿਆਰ ਬਣਾਇਆ ਜਾ ਰਿਹਾ ਹੈ ਅਤੇ ਵੱਖਰੇਪਨ ਨੂੰ ਖ਼ਤਰਾ ਸਮਝਿਆ ਜਾ ਰਿਹਾ ਹੈ। ਸਿਨੇਮਾ-ਜੋ ਕਦੇ ਭਾਰਤ ਦੀ ਸਭ ਤੋਂ ਵਧੇਰੇ ਵੰਨ-ਸੁਵੰਨੀ ਕਲਾ ਸੀ-ਵੀ ਇਸ ਤੋਂ ਅਛੂਤਾ ਨਹੀਂ ਰਿਹਾ। ਮੁੰਬਈ ਫ਼ਿਲਮ ਉਦਯੋਗ ਵੱਖ-ਵੱਖ ਧਰਮਾਂ, ਭਾਸ਼ਾਵਾਂ ਅਤੇ ਇਲਾਕਿਆਂ ਦੇ ਲੋਕਾਂ ਦੀ ਸਾਂਝ ਨਾਲ ਖੜਾ ਹੋਇਆ। ਉਸਦੀ ਖ਼ੂਬਸੂਰਤੀ ਇਸੀ ਮਿਲਾਪ ਵਿੱਚ ਸੀ।

ਰਹਿਮਾਨ ਉਸੀ ਵਿਰਾਸਤ ਦਾ ਪ੍ਰਤੀਕ ਹਨ। ਵੰਦੇ ਮਾਤਰਮ ਤੋਂ ਜੈ ਹੋ ਤੱਕ, ਸੂਫ਼ੀ ਰੰਗ ਤੋਂ ਲੈ ਕੇ ਆਧੁਨਿਕ ਤਜਰਬਿਆਂ ਤੱਕ, ਉਨ੍ਹਾਂ ਦਾ ਸੰਗੀਤ ਵੱਖ-ਵੱਖ ਸੱਭਿਆਚਾਰਾਂ ਨੂੰ ਇੱਕ ਸਾਂਝੀ ਮਨੁੱਖੀ ਭਾਵਨਾ ਵਿੱਚ ਜੋੜਦਾ ਹੈ। ਉਹ ਕਦੇ ਨਹੀਂ ਪੁੱਛਦਾ ਕਿ ਤੁਸੀਂ ਕੌਣ ਹੋ; ਉਹ ਤੁਹਾਨੂੰ ਮਨੁੱਖ ਮੰਨ ਕੇ ਚੱਲਦਾ ਹੈ।

ਪਰ ਰਹਿਮਾਨ 'ਤੇ ਹਮਲਾ ਇੱਕ ਵੱਡੇ ਰੁਝਾਨ ਦਾ ਹਿੱਸਾ ਹੈ। ਜੋ ਵੀ ਕਲਾਕਾਰ, ਲੇਖਕ, ਪੱਤਰਕਾਰ ਜਾਂ ਅਧਿਆਪਕ ਵੰਨ-ਸੁਵੰਨਤਾ ਦੀ ਗੱਲ ਕਰਦਾ ਹੈ ਜਾਂ ਧਰੁਵੀ ਕਰਨ ਤੋਂ ਚੇਤਾਵਨੀ ਦਿੰਦਾ ਹੈ, ਉਸਨੂੰ ਤੇਜ਼ੀ ਨਾਲ 'ਰਾਸ਼ਟਰ-ਵਿਰੋਧੀ' ਕਰਾਰ ਦਿੱਤਾ ਜਾਂਦਾ ਹੈ। ਭਾਸ਼ਾ ਬਦਲ ਜਾਂਦੀ ਹੈ, ਪਰ ਨੀਅਤ ਇੱਕੋ ਰਹਿੰਦੀ ਹੈ-ਉਸ ਹਰ ਕਹਾਣੀ ਨੂੰ ਗ਼ੈਰ-ਕਾਨੂੰਨੀ ਬਣਾਉਣਾ ਜੋ ਰਾਸ਼ਟਰ ਦੀ ਇੱਕੋ ਜਿਹੀ ਤਸਵੀਰ ਨੂੰ ਚੁਣੌਤੀ ਦੇਵੇ।

ਅਸੀਂ ਭੁੱਲ ਰਹੇ ਹਾਂ ਕਿ ਭਾਰਤ ਦੀ ਅਸਲੀ ਤਾਕਤ ਕਦੇ ਵੀ ਇੱਕਰੂਪਤਾ ਵਿੱਚ ਨਹੀਂ ਰਹੀ, ਸਗੋਂ ਵਿਰੋਧਾਂ ਨੂੰ ਨਾਲ ਲੈ ਕੇ ਚੱਲਣ ਦੀ ਸਮਰੱਥਾ ਵਿੱਚ ਰਹੀ ਹੈ। ਇੱਥੇ ਧਰਮ-ਨਿਰਪੇਖਤਾ ਦਾ ਅਰਥ ਧਰਮ ਨੂੰ ਮਿਟਾਉਣਾ ਨਹੀਂ ਸੀ, ਸਗੋਂ ਇਹ ਯਕੀਨੀ ਬਣਾਉਣਾ ਸੀ ਕਿ ਕੋਈ ਇੱਕ ਧਰਮ ਸਭ 'ਤੇ ਹਾਵੀ ਨਾ ਹੋਵੇ। ਵੰਨ-ਸੁਵੰਨਤਾ ਸਾਡੀ ਮਜਬੂਰੀ ਨਹੀਂ, ਸਾਡੀ ਨੀਂਹ ਸੀ।

ਅੱਜ ਉਸ ਨੈਤਿਕ ਸੋਚ ਦਾ ਘਿਸਣਾ ਸਾਫ਼ ਦਿੱਸ ਰਿਹਾ ਹੈ। ਰਾਜਨੀਤੀ ਨੇ ਸਮਝ ਲਿਆ ਹੈ ਕਿ ਡਰ, ਆਸ ਨਾਲੋਂ ਵੱਧ ਤੇਜ਼ੀ ਨਾਲ ਸਮਰਥਨ ਇਕੱਠਾ ਕਰਦਾ ਹੈ। ਐਲਗੋਰਿਦਮ ਗੁੱਸੇ ਨੂੰ ਵਧਾਉਂਦੇ ਹਨ। ਟੀ.ਵੀ. ਬਹਿਸਾਂ ਉੱਚੀ ਆਵਾਜ਼ ਨੂੰ ਇਨਾਮ ਦਿੰਦੀਆਂ ਹਨ। ਇਸ ਮਾਹੌਲ 'ਚ ਸਾਂਝ ਫਿੱਕੀ ਤੇ ਜਟਿਲਤਾ ਥਕਾਉਣ ਵਾਲੀ ਲੱਗਦੀ ਹੈ।

ਸਵਾਲ ਇਹ ਨਹੀਂ ਕਿ ਰਹਿਮਾਨ ਸਹੀ ਹਨ ਜਾਂ ਗਲਤ। ਸਵਾਲ ਇਹ ਹੈ ਕਿ ਕੀ ਅਸੀਂ ਸੱਚ ਸੁਣਨ ਦੀ ਹਿੰਮਤ ਰੱਖਦੇ ਹਾਂ? ਸਮੱਸਿਆ ਦਾ ਹੱਲ ਚੁੱਪ ਕਰਵਾਉਣ ਵਿੱਚ ਨਹੀਂ, ਸਗੋਂ ਅਸਹਿਜ ਸੱਚ ਦਾ ਸਾਹਮਣਾ ਕਰਨ ਵਿੱਚ ਹੈ। ਗੁੱਸੇ ਦੀ ਥਾਂ ਕਰੁਣਾ, ਬਹਿਸ ਦੀ ਥਾਂ ਸੁਣਨ ਅਤੇ ਵੰਡ ਦੀ ਥਾਂ ਸਾਂਝ-ਸ਼ਾਇਦ ਇਹੀ ਅਸਲੀ ਦੇਸ਼ਭਗਤੀ ਹੈ।

*(*ਲੇਖਕ ਰਾਸ਼ਟਰੀ ਜਨਤਾ ਦਲ ਦੇ ਰਾਜ ਸਭਾ ਮੈਂਬਰ ਹਨ।)*

# ਜੇਲ੍ਹਾਂ ਵਿੱਚ ਕੈਦ ਗਣਤੰਤਰ

**ਰੂਪੇਸ਼ ਕੁਮਾਰ ਸਿੰਘ**

26 ਜਨਵਰੀ 2026 ਨੂੰ ਭਾਰਤੀ ਗਣਤੰਤਰ ਨੇ ਆਪਣੇ 76 ਸਾਲ ਪੂਰੇ ਕਰ ਲਏ ਹਨ। ਬਚਪਨ ਤੋਂ ਸਾਨੂੰ ਗਣਤੰਤਰ ਦੀ ਪਰਿਭਾਸ਼ਾ ਪੜ੍ਹਾਈ ਜਾਂਦੀ ਹੈ-"ਜਨਤਾ ਦਾ, ਜਨਤਾ ਲਈ ਅਤੇ ਜਨਤਾ ਦੁਆਰਾ ਚਲਾਇਆ ਗਿਆ ਸ਼ਾਸਨ।" ਪਰ ਅੱਜ ਸਵਾਲ ਇਹ ਹੈ ਕਿ ਕੀ ਇਹ ਪਰਿਭਾਸ਼ਾ ਹਕੀਕਤ ਵਿੱਚ ਲਾਗੂ ਹੁੰਦੀ ਵੀ ਹੈ? ਕੀ ਅਸੀਂ ਇਮਾਨਦਾਰੀ ਨਾਲ ਕਹਿ ਸਕਦੇ ਹਾਂ ਕਿ ਭਾਰਤ ਵਿੱਚ ਅੱਜ ਸੱਚਾ ਲੋਕਤੰਤਰ ਮੌਜੂਦ ਹੈ? ਜਵਾਬ ਹੈ-ਨਹੀਂ।

ਅੱਜ ਦੇ ਭਾਰਤ ਵਿੱਚ ਲੋਕਤੰਤਰ ਦੀ ਥਾਂ ਪੂੰਜੀਤੰਤਰ, ਲੁੱਟਤੰਤਰ ਅਤੇ ਗਨਤੰਤਰ ਨੇ ਲੈ ਲਈ ਹੈ। ਸ਼ਾਸਨ ਜਨਤਾ ਦਾ ਨਹੀਂ, ਸਗੋਂ ਕੁਝ ਚੁਣੇ ਹੋਏ ਪੂੰਜੀਪਤੀਆਂ ਦਾ ਬਣ ਕੇ ਰਹਿ ਗਿਆ ਹੈ। ਸੱਤਾ ਵਿੱਚ ਬੈਠੀ ਸਰਕਾਰ ਨੇ ਲੋਕਤੰਤਰ ਦੇ ਸਾਰੇ ਅੰਗਾਂ- ਸੰਸਦ, ਨਿਆਂਪਾਲਿਕਾ, ਮੀਡੀਆ ਅਤੇ ਸੰਵਿਧਾਨਕ ਸੰਸਥਾਵਾਂ ਨੂੰ ਕਮਜ਼ੋਰ ਕਰ ਦਿੱਤਾ ਹੈ। ਅੱਜ ਦੇ ਦੌਰ ਵਿੱਚ ਸਰਕਾਰ ਦੇ ਖ਼ਿਲਾਫ਼ ਬੋਲਣਾ ਦੇਸ਼ ਦੇ ਖ਼ਿਲਾਫ਼ ਬੋਲਣ ਦੇ ਬਰਾਬਰ ਮੰਨਿਆ ਜਾਂਦਾ ਹੈ।

ਚੋਣਾਂ ਜਿੱਤਣ ਲਈ ਹਰ ਤਰੀਕਾ ਵਰਤਿਆ ਜਾਂਦਾ ਹੈ-ਸਾਮ, ਦਾਮ, ਦੰਡ, ਭੇਦ। ਜਿੱਥੇ ਚੋਣਾਂ ਨਹੀਂ ਜਿੱਤੀਆਂ ਜਾਂਦੀਆਂ, ਉੱਥੇ ਵਿਧਾਇਕਾਂ ਦੀ ਖ਼ਰੀਦ-ਫ਼ਰੋਖ਼ਤ, ਕੇਂਦਰੀ ਏਜੰਸੀਆਂ ਦੀ ਦਹਿਸ਼ਤ ਅਤੇ ਧਮਕੀਆਂ ਰਾਹੀਂ ਸਰਕਾਰਾਂ ਬਣਾਈਆਂ ਜਾਂਦੀਆਂ ਹਨ। ਕੱਲ੍ਹ ਤੱਕ "ਭ੍ਰਿਸ਼ਟ" ਕਹੇ ਜਾਣ ਵਾਲੇ ਨੇਤਾ, ਜਦੋਂ ਸੱਤਾ ਧਾਰੀ ਪਾਰਟੀ ਵਿੱਚ ਸ਼ਾਮਲ ਹੋ ਜਾਂਦੇ ਹਨ, ਤਾਂ ਤੁਰੰਤ "ਇਮਾਨਦਾਰ" ਬਣ ਜਾਂਦੇ ਹਨ ਅਤੇ ਉਨ੍ਹਾਂ ਉੱਤੇ ਦਰਜ ਕੇਸ ਵਾਪਸ ਲੈ ਲਏ ਜਾਂਦੇ ਹਨ।

ਆਦਿਵਾਸੀਆਂ ਦੀ ਧਰਤੀ ਅਤੇ ਕੁਦਰਤੀ ਖ਼ਜ਼ਾਨੇ ਪੂੰਜੀਪਤੀਆਂ ਨੂੰ ਸੌਂਪਣ ਲਈ ਰਾਜ ਸਰਕਾਰਾਂ ਵੱਲੋਂ ਜ਼ੁਲਮ ਕੀਤਾ ਜਾਂਦਾ ਹੈ। ਸਰਕਾਰ ਦੀ ਨੀਤੀ ਦਾ ਵਿਰੋਧ ਕਰਨ ਵਾਲਿਆਂ ਨੂੰ "ਦੇਸ਼ਦ੍ਰੋਹੀ" ਜਾਂ "ਅਰਬਨ ਨਕਸਲ" ਕਹਿ ਕੇ ਚੁੱਪ ਕਰਵਾਇਆ ਜਾਂਦਾ ਹੈ। ਮੁਸਲਮਾਨਾਂ ਨੂੰ ਦਹਿਸ਼ਤਗਰਦ, ਸਿੱਖਾਂ ਨੂੰ ਖ਼ਾਲਿਸਤਾਨੀ ਕਹਿ ਕੇ ਬਦਨਾਮ ਕੀਤਾ ਜਾਂਦਾ ਹੈ। ਸਿੱਖਿਆ ਦਾ ਭਗਵਾਂਕਰਨ ਕਰ ਕੇ ਝੂਠਾ ਇਤਿਹਾਸ ਪੜ੍ਹਾਇਆ ਜਾ ਰਿਹਾ ਹੈ ਅਤੇ ਨੌਜਵਾਨਾਂ ਨੂੰ ਬੇਰੁਜ਼ਗਾਰੀ ਦੀ ਦਲਦਲ ਵਿੱਚ ਧੱਕਿਆ ਜਾ ਰਿਹਾ ਹੈ। ਔਰਤਾਂ ਨੂੰ ਮੁੜ ਚਾਰਦੀਵਾਰੀ ਤੱਕ ਸੀਮਤ ਕਰਨ ਦੀ ਕੋਸ਼ਿਸ਼ ਜਾਰੀ ਹੈ। ਜੇ ਅਸੀਂ ਫ਼ਿਰਕਾਪ੍ਰਸਤੀ, ਜਾਤੀਵਾਦ ਅਤੇ ਅੰਨ੍ਹੀ ਭਗਤੀ ਦੀ ਪੱਟੀ ਹਟਾ ਕੇ ਵੇਖੀਏ, ਤਾਂ ਸਾਫ਼ ਦਿਸਦਾ ਹੈ ਕਿ "ਗਣਤੰਤਰ" ਹੁਣ "ਗਨਤੰਤਰ" ਬਣ ਚੁੱਕਾ ਹੈ।

ਇਸ ਗਣਤੰਤਰ ਵਿੱਚ ਲੱਖਾਂ ਲੋਕ ਜੇਲ੍ਹਾਂ ਵਿੱਚ ਕੈਦ ਹਨ। ਮੈਂ ਖ਼ੁਦ ਇਸ ਗਣਤੰਤਰ ਦਾ ਇੱਕ ਬੰਦੀ ਹਾਂ। ਪਿਛਲੇ 42 ਮਹੀਨਿਆਂ ਤੋਂ ਮੈਂ ਜੇਲ੍ਹ ਵਿੱਚ ਬੰਦ ਹਾਂ। ਗ੍ਰਿਫ਼ਤਾਰੀ ਤੋਂ ਪਹਿਲਾਂ ਮੈਂ ਇੱਕ ਆਜ਼ਾਦ ਪੱਤਰਕਾਰ ਸੀ ਅਤੇ ਸਰਕਾਰ ਦੀਆਂ ਲੋਕ-ਵਿਰੋਧੀ ਨੀਤੀਆਂ ਖ਼ਿਲਾਫ਼ ਲਿਖਦਾ ਤੇ ਬੋਲਦਾ ਸੀ। ਇਸ ਦਾ ਨਤੀਜਾ ਇਹ ਨਿਕਲਿਆ ਕਿ 17 ਜੁਲਾਈ 2022 ਨੂੰ ਮੇਰੇ ਉੱਤੇ ਕਾਲੇ ਕਾਨੂੰਨ ਯੂ.ਏ.ਪੀ.ਏ. ਦੀਆਂ ਧਾਰਾਵਾਂ ਲਾ ਕੇ ਮੈਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

ਮੈਂ ਝਾਰਖੰਡ ਅਤੇ ਬਿਹਾਰ ਦੀਆਂ ਕਈ ਜੇਲ੍ਹਾਂ-ਸਰਾਇਕੇਲਾ, ਹੋਟਵਾਰ (ਰਾਂਚੀ), ਭਾਗਲਪੁਰ ਅਤੇ ਵਰਤਮਾਨ ਵਿੱਚ ਬੇਊਰ ਸੈਂਟਰਲ ਜੇਲ੍ਹ (ਪਟਨਾ) ਵਿੱਚ ਕੈਦ ਰਹਿ ਚੁੱਕਾ ਹਾਂ। ਬਿਹਾਰ ਅਤੇ ਝਾਰਖੰਡ ਦੀਆਂ ਲਗਭਗ



90 ਫ਼ੀਸਦੀ ਜੇਲ੍ਹਾਂ ਸਮਰੱਥਾ ਤੋਂ ਕਈ ਗੁਣਾ ਵੱਧ ਭਰੀਆਂ ਹੋਈਆਂ ਹਨ। ਜੇਲ੍ਹ ਮੈਨੂਅਲ ਅਨੁਸਾਰ ਨਾ ਢੰਗ ਦਾ ਖਾਣਾ ਮਿਲਦਾ ਹੈ, ਨਾ ਨਾਸ਼ਤਾ, ਨਾ ਸਾਬਣ। ਜੇ ਕਿਸੇ ਕੋਲ ਪੈਸਾ ਹੈ ਤਾਂ ਉਹ ਜੇਲ੍ਹ ਵਿੱਚ ਹੀਟਰ 'ਤੇ ਖਾਣਾ ਬਣਵਾ ਸਕਦਾ ਹੈ ਜਾਂ ਬਾਹਰੋਂ ਮੰਗਵਾ ਸਕਦਾ ਹੈ। ਗਰੀਬ ਬੰਦੀਆਂ ਲਈ ਸੜੇ ਹੋਏ ਚੌਲ, ਪਤਲੀ ਦਾਲ ਅਤੇ ਅੱਧ-ਸੜੀਆਂ ਰੋਟੀਆਂ ਹੀ ਨਸੀਬ ਹੁੰਦੀਆਂ ਹਨ।

ਸੁਪਰੀਮ ਕੋਰਟ ਨੇ ਸਾਫ਼ ਕਿਹਾ ਹੈ ਕਿ ਬੰਦੀ ਨੂੰ ਸੰਵਿਧਾਨ ਦੇ ਆਰਟੀਕਲ 21 ਅਧੀਨ ਜੀਵਨ ਅਤੇ ਮਨੁੱਖੀ ਇੱਜ਼ਤ ਨਾਲ ਜੀਣ ਦਾ ਹੱਕ ਹੈ। ਪਰ ਹਕੀਕਤ ਵਿੱਚ ਬਿਹਾਰ-ਝਾਰਖੰਡ ਦੀਆਂ ਜੇਲ੍ਹਾਂ ਵਿੱਚ ਨਾ ਸਿਹਤ ਦਾ ਹੱਕ ਹੈ, ਨਾ ਤੁਰੰਤ ਸੁਣਵਾਈ, ਨਾ ਇਲਾਜ, ਨਾ ਪੜ੍ਹਾਈ ਅਤੇ ਨਾ ਹੀ ਪਰਿਵਾਰ ਨਾਲ ਸੰਪਰਕ ਦਾ ਪੂਰਾ ਅਧਿਕਾਰ।

ਬੰਦੀ ਆਪਣੇ ਪਰਿਵਾਰ ਜਾਂ ਵਕੀਲ ਨੂੰ ਪੱਤਰ ਤੱਕ ਨਹੀਂ ਲਿਖ ਸਕਦੇ। ਕਵਿਤਾ, ਲੇਖ ਜਾਂ ਕਹਾਣੀ ਲਿਖਣਾ ਤਾਂ ਲਗਭਗ ਅਸੰਭਵ ਹੈ। ਜੇਲ੍ਹਾਂ ਸੁਧਾਰ ਘਰ ਨਹੀਂ, ਸਗੋਂ ਯਾਤਰਾ ਘਰ ਹਨ। ਇੱਥੇ ਭ੍ਰਿਸ਼ਟਾਚਾਰ ਖੁੱਲ੍ਹੇਆਮ ਹੁੰਦਾ ਹੈ। ਪੈਸੇ ਵਾਲਿਆਂ ਲਈ ਜੇਲ੍ਹ ਸਵਰਗ ਹੈ, ਗਰੀਬਾਂ ਲਈ ਨਰਕ।

**ਸੈੱਲ: ਜੇਲ੍ਹ ਦੇ ਅੰਦਰ ਇੱਕ ਹੋਰ ਜੇਲ੍ਹ**

ਮੈਂ ਆਪਣੇ 42 ਮਹੀਨਿਆਂ ਵਿੱਚੋਂ 33 ਮਹੀਨੇ ਸੈੱਲ ਵਿੱਚ ਕੱਟੇ ਹਨ। ਸੈੱਲ ਵਿੱਚ ਬੰਦ ਬੰਦੀਆਂ ਨੂੰ ਪੜ੍ਹਾਈ, ਖੇਡਾਂ, ਟੀ.ਵੀ., ਰੇਡੀਓ, ਲਾਇਬ੍ਰੇਰੀ-ਕਿਸੇ ਵੀ ਸੁਵਿਧਾ ਦੀ ਇਜਾਜ਼ਤ ਨਹੀਂ। ਸੈੱਲ, ਜੇਲ੍ਹ ਦੇ ਅੰਦਰ ਇੱਕ ਹੋਰ ਜੇਲ੍ਹ ਹੈ। ਹੁਣ ਸੈੱਲ ਵਿੱਚ ਉਹ ਬੰਦੀ ਵੀ ਰੱਖੇ ਜਾਂਦੇ ਹਨ, ਜੋ ਆਪਣੇ ਜਾਂ ਹੋਰ ਬੰਦੀਆਂ ਦੇ ਹੱਕਾਂ ਲਈ ਆਵਾਜ਼ ਉਠਾਉਂਦੇ ਹਨ।

**ਅਦਾਲਤੀ ਹੁਕਮਾਂ ਦੀ ਉਲੰਘਣਾ**

ਜੇਲ੍ਹਾਂ ਵਿੱਚ ਅਦਾਲਤੀ ਹੁਕਮਾਂ ਦੀ ਵੀ ਕੋਈ ਕਦਰ ਨਹੀਂ। ਮੇਰੇ ਇਲਾਜ ਲਈ ਅਦਾਲਤ ਵੱਲੋਂ ਦੋ ਵਾਰ ਹੁਕਮ ਹੋਣ ਦੇ ਬਾਵਜੂਦ ਅਜੇ ਤੱਕ ਕੋਈ ਇਲਾਜ ਨਹੀਂ ਕਰਵਾਇਆ ਗਿਆ। ਇਹ ਸਿਰਫ਼ ਮੇਰਾ ਨਹੀਂ, ਬਲਕਿ ਹਜ਼ਾਰਾਂ ਬੰਦੀਆਂ ਦਾ ਤਜਰਬਾ ਹੈ। ਜੇਲ੍ਹ ਪ੍ਰਸ਼ਾਸਨ ਇਤਨਾ ਤਾਨਾਸ਼ਾਹ ਹੈ ਕਿ ਬੰਦੀਆਂ ਦੇ ਅਰਜ਼ੀ ਪੱਤਰ ਤੱਕ ਅਦਾਲਤ ਨੂੰ ਨਹੀਂ ਭੇਜੇ ਜਾਂਦੇ। 74 ਸਾਲਾ ਮਾਓਵਾਦੀ ਨੇਤਾ ਪ੍ਰਮੋਦ ਮਿਸ਼ਰਾ ਵੱਲੋਂ ਭੇਜੇ ਗਏ ਅਰਜ਼ੀ ਪੱਤਰ ਵੀ ਅੱਗੇ ਨਹੀਂ ਭੇਜੇ ਗਏ, ਜਿਸ ਕਾਰਨ ਉਹ 26 ਜਨਵਰੀ 2026 ਤੋਂ ਹੀ ਅਨਿਸ਼ਚਿਤ ਭੁੱਖ ਹੜਤਾਲ 'ਤੇ ਬੈਠ ਗਏ ਹਨ। ਸੁਪਰੀਮ ਕੋਰਟ ਦੇ ਫੈਸਲੇ ਸਾਫ਼ ਕਹਿੰਦੇ ਹਨ ਕਿ ਕੈਦੀ ਆਪਣੇ ਹੱਕਾਂ ਲਈ ਬਾਹਰੀ ਦੁਨੀਆ ਨਾਲ ਸੰਪਰਕ ਕਰ ਸਕਦਾ ਹੈ; ਪਰ ਹਕੀਕਤ ਵਿੱਚ ਇਹ ਹੱਕ ਕਾਗਜ਼ਾਂ ਤੱਕ ਸੀਮਤ ਹਨ।

**ਗਣਤੰਤਰ ਦੀ ਆਤਮਾ ਅਤੇ ਜੇਲ੍ਹਾਂ ਦੀ ਹਕੀਕਤ**

ਜੇਲ੍ਹਾਂ ਦੀ ਹਾਲਤ ਸਿਰਫ਼ ਕੈਦੀਆਂ ਦੀ ਨਿੱਜੀ ਤ੍ਰਾਸਦੀ ਨਹੀਂ, ਇਹ ਗਣਤੰਤਰ ਦੀ ਆਤਮਾ ਉੱਤੇ ਪਿਆ ਡੂੰਘਾ ਜ਼ਖ਼ਮ ਹੈ। ਜੇ ਕਿਸੇ ਦੇਸ਼ ਵਿੱਚ ਸਭ ਤੋਂ ਕਮਜ਼ੋਰ, ਸਭ ਤੋਂ ਬੇਸਹਾਰਾ ਤੇ ਸਭ ਤੋਂ ਹਾਸ਼ੀਏ 'ਤੇ ਧੱਕੇ ਲੋਕਾਂ ਨਾਲ ਅਨਿਆਂ ਹੋ ਰਿਹਾ ਹੋਵੇ, ਤਾਂ ਉੱਥੇ ਲੋਕਤੰਤਰ ਦੇ ਦਾਅਵੇ ਖੋਖਲੇ ਲੱਗਣ ਲੱਗ ਪੈਂਦੇ ਹਨ। ਜੇਲ੍ਹ ਉਹ ਥਾਂ ਹੈ, ਜਿੱਥੇ ਰਾਜ ਦਾ ਅਸਲੀ ਚਿਹਰਾ ਨੰਗਾ ਹੋ ਕੇ ਸਾਹਮਣੇ ਆ ਜਾਂਦਾ ਹੈ।

ਸਰਕਾਰਾਂ ਅਕਸਰ ਕਹਿੰਦੀਆਂ ਹਨ ਕਿ ਜੇਲ੍ਹਾਂ "ਸੁਧਾਰ ਘਰ" ਹਨ, ਪਰ ਅਸਲ ਵਿੱਚ ਇਹ ਥਾਵਾਂ ਮਨੁੱਖ ਨੂੰ ਤੋੜਨ, ਡਰਾਉਣ ਅਤੇ ਚੁੱਪ ਕਰਵਾਉਣ ਦੇ ਕੇਂਦਰ ਬਣ ਚੁੱਕੀਆਂ ਹਨ। ਜਿੱਥੇ ਇਨਸਾਫ਼ ਦੇਣ ਵਾਲੀਆਂ ਅਦਾਲਤਾਂ ਦੇ ਹੁਕਮ ਵੀ ਕਾਗਜ਼ਾਂ ਵਿੱਚ ਦੱਬ ਜਾਂਦੇ ਹਨ, ਉੱਥੇ ਆਮ ਬੰਦੀ ਦੀ ਜ਼ਿੰਦਗੀ ਦੀ ਕੀ ਕਦਰ ਰਹਿ ਜਾਂਦੀ ਹੈ? ਜਦੋਂ ਇਲਾਜ, ਪੜ੍ਹਾਈ, ਲਿਖਣ ਅਤੇ ਆਪਣੇ ਪਰਿਵਾਰ ਨਾਲ ਸੰਪਰਕ ਵਰਗੇ ਬੁਨਿਆਦੀ ਹੱਕ ਵੀ "ਰਿਆਇਤ" ਬਣ ਜਾਣ, ਤਾਂ ਇਹ ਸਪਸ਼ਟ ਹੁੰਦਾ ਹੈ ਕਿ ਰਾਜ ਸੰਵਿਧਾਨ ਨਹੀਂ, ਸਗੋਂ ਆਪਣੀ ਮਨਮਰਜ਼ੀ ਨਾਲ ਚੱਲ ਰਿਹਾ ਹੈ।

ਜੇਲ੍ਹਾਂ ਵਿੱਚ ਬੰਦ ਬਹੁਤ ਸਾਰੇ ਬੰਦੀ ਅਜੇ ਤੱਕ ਦੋਸ਼ੀ ਵੀ ਸਾਬਤ ਨਹੀਂ ਹੋਏ। ਉਹ ਸਾਲਾਂ ਤੱਕ "ਵਿਚਾਰ ਅਧੀਨ" ਰਹਿ ਕੇ ਸਜ਼ਾ ਤੋਂ ਪਹਿਲਾਂ ਹੀ ਸਜ਼ਾ ਕੱਟ ਰਹੇ ਹਨ। ਇਹ ਸਿਰਫ਼ ਨਿਆਂ ਪ੍ਰਣਾਲੀ ਦੀ ਨਾਕਾਮੀ ਨਹੀਂ, ਸਗੋਂ ਰਾਜ ਦੀ ਨੀਅਤ ਉੱਤੇ ਵੀ ਸਵਾਲ ਖੜੇ ਕਰਦਾ ਹੈ। ਜੇ ਗਣਤੰਤਰ ਸੱਚਮੁੱਚ "ਜਨਤਾ ਦਾ" ਹੈ, ਤਾਂ ਫਿਰ ਜੇਲ੍ਹਾਂ ਵਿੱਚ ਕੈਦ ਇਹ ਜਨਤਾ ਕਿਸ ਦੇ ਹੱਕ ਵਿੱਚ ਬਲੀ ਚੜ੍ਹ ਰਹੀ ਹੈ?

ਅਸਲ ਗਣਤੰਤਰ ਉਹ ਨਹੀਂ ਹੁੰਦਾ ਜੋ ਸਿਰਫ਼ ਚੋਣਾਂ ਕਰਵਾਏ ਸਗੋਂ ਉਹ ਹੁੰਦਾ ਹੈ ਜੋ ਆਖ਼ਰੀ ਬੰਦੀ ਤੱਕ ਨੂੰ ਇਨਸਾਫ਼, ਇੱਜ਼ਤ ਅਤੇ ਮਨੁੱਖੀ ਜੀਵਨ ਦਾ ਹੱਕ ਦੇਵੇ। ਜਦ ਤੱਕ ਜੇਲ੍ਹਾਂ ਵਿੱਚ ਬੰਦ ਆਵਾਜ਼ਾਂ ਸੁਣੀਆਂ ਨਹੀਂ ਜਾਂਦੀਆਂ, ਤਦ ਤੱਕ ਗਣਤੰਤਰ ਸਿਰਫ਼ ਇੱਕ ਸ਼ਬਦ ਹੀ ਰਹੇਗਾ-ਹਕੀਕਤ ਨਹੀਂ।

**ਆਖ਼ਰੀ ਸਵਾਲ:** ਕੀ ਇਸ ਗਣਤੰਤਰ ਦੇ ਬੰਦੀਆਂ ਨੂੰ ਕਦੇ ਸੰਵਿਧਾਨ ਦੁਆਰਾ ਦਿੱਤੇ ਬੁਨਿਆਦੀ ਅਧਿਕਾਰ ਮਿਲਣਗੇ? ਕੀ "ਜ਼ਮਾਨਤ ਨਿਯਮ ਹੈ ਅਤੇ ਜੇਲ੍ਹ ਅਪਵਾਦ" ਸਿਰਫ਼ ਕਾਗਜ਼ੀ ਨਾਅਰਾ ਹੀ ਰਹੇਗਾ? ਜਾਂ ਭਾਰਤੀ ਜਨਤਾ ਸੱਚੇ ਗਣਤੰਤਰ ਲਈ ਸੜਕਾਂ 'ਤੇ ਉਤਰੇਗੀ?

ਇਸ ਦਾ ਜਵਾਬ ਹੀ ਗਣਤੰਤਰ ਦੇ ਬੰਦੀਆਂ ਦਾ ਭਵਿੱਖ ਤੈਅ ਕਰੇਗਾ।

*(ਰੂਪੇਸ਼ ਕੁਮਾਰ ਸਿੰਘ ਸੁਤੰਤਰ ਪੱਤਰਕਾਰ ਹਨ ਅਤੇ ਆਦਰਸ਼ ਸੈਂਟਰਲ ਜੇਲ੍ਹ, ਬੇਊਰ, ਪਟਨਾ (ਬਿਹਾਰ) ਵਿੱਚ ਵਿਚਾਰ ਅਧੀਨ ਬੰਦੀ ਹਨ।)*

# ਸ਼ਾਹੀ ਕਿਲ੍ਹਾ ਲਾਹੌਰ ਤੋਂ ਮਲਿਕਾ ਹਾਂਸ ਤੱਕ

**ਜਾਣੇ-ਪਛਾਣੇ ਸ਼ਾਇਰ ਅਤੇ ਲੇਖਕ ਰਵਿੰਦਰ ਸਹਿਰਾਅ ਵੱਲੋਂ ਪਾਕਿਸਤਾਨ ਦੀਆਂ ਦੋ ਯਾਤਰਾਵਾਂ 'ਤੇ ਆਧਾਰਤ 'ਲਾਹੌਰ ਨਾਲ਼ ਗੱਲਾਂ' ਸਫਰਨਾਮਾ ਸਾਨੂੰ ਸਾਂਝੇ ਲਾਹੌਰ ਭਾਵ ਏਧਰਲੇ ਤੇ ਓਧਰਲੇ ਪੰਜਾਬ ਨਾਲ਼ ਜੋੜਦਾ ਹੈ। ਲਾਹੌਰ ਨਾਲ ਸਿੱਖ/ਪੰਜਾਬੀ ਭਾਈਚਾਰੇ ਦੀ ਸਾਂਝ ਜੁੜੀ ਹੋਈ ਹੈ। ਇਹ ਸਫ਼ਰਨਾਮਾ ਇਤਿਹਾਸਕ ਪਿਛੋਕੜ ਦੇ ਵੇਰਵਿਆਂ ਨਾਲ ਵੀ ਭਰਪੂਰ ਹੈ ਅਤੇ ਪਾਠਕ ਦੀਆਂ ਬਾਹਵਾਂ ਦਾ ਮੁਹੱਬਤੀ ਕਲਾਵਾ ਮੋਕਲਾ ਕਰਦਾ ਹੈ। ਪੇਸ਼ ਹੈ ਅੱਠਵੀਂ ਕਿਸ਼ਤ, ਜਿਸ ਵਿੱਚ ਸ਼ਾਹੀ ਕਿਲ੍ਹਾ ਲਾਹੌਰ ਤੋਂ ਮਲਿਕਾ ਹਾਂਸ ਤੱਕ ਦੇ ਸਫਰ ਦਾ ਸੰਖੇਪ ਵੇਰਵਾ ਦਰਜ ਹੈ...**



**ਰਵਿੰਦਰ ਸਹਿਰਾਅ**
**ਫੋਨ: 219-900-1115**

ਸਾਡੇ ਡਰਾਈਵਰ ਨੇ ਸਾਨੂੰ ਸ਼ਾਹੀ ਕਿਲ੍ਹਾ ਲਾਹੌਰ ਦੇ ਵੱਡ-ਅਕਾਰੀ ਗੇਟ ਮੋਹਰੇ ਬਣੇ ਟਿਕਟ ਖ਼ਰੀਦ ਦਫ਼ਤਰ ਅੱਗੇ ਉਤਾਰ ਦਿੱਤਾ। ਗੱਡੀਆਂ ਉਨ੍ਹਾਂ ਦੀ ਇਜਾਜ਼ਤ ਤੋਂ ਬਿਨਾਂ ਅੱਗੇ (ਉਹ ਵੀ ਬਹੁਤ ਈ ਥੋੜ੍ਹੀ ਦੂਰ) ਨਹੀਂ ਜਾ ਸਕਦੀਆਂ। ਟਿਕਟਾਂ ਖ਼ਰੀਦਣ ਸਮੇਂ ਉਹ ਸਾਡੇ ਲਈ ਗੁਜਾਰਿਸ਼ ਕਰਦਾ ਹੈ ਕਿ ਥੋੜ੍ਹਾ ਉੱਪਰ ਜਾਣ ਦਿੱਤਾ ਜਾਵੇ, ਪਰ ਉਨ੍ਹਾਂ ਦੀ ਚੁੱਪ ਦੱਸਦੀ ਹੈ ਕਿ ਨਾਂਹ ਹੀ ਸਮਝੋ। ਫਿਰ ਉਹ ਇੱਕ ਗਾਈਡ ਨਾਲ਼ ਗੱਲ ਕਰਦਾ ਹੈ। ਗਾਈਡ ਨੂੰ ਉਹ ਹਾਂ ਕਰ ਦਿੰਦੇ ਹਨ। ਮੈਨੂੰ ਵਿਚਲੀ ਘੁੰਡੀ ਸਮਝ ਆ ਗਈ ਕਿ ਇਹ ਸਭ ਮਿਲੇ ਹੋਏ ਹਨ ਤੇ ਸ਼ਾਮ ਨੂੰ ਰਲ਼-ਮਿਲ ਕੇ ਖਾ ਲੈਣਗੇ। ਹੁਣ ਸਾਨੂੰ ਗਾਈਡ ਲੈਣਾ ਹੀ ਪੈਣਾ ਸੀ, ਉਂਜ ਗਾਈਡ ਤਾਂ ਅਸੀਂ ਕਰਨਾ ਸੀ। ਊਠ ਤੋਂ ਛਾਨਣੀ ਲਾਹੁਣ ਵਾਂਗ ਅਸੀਂ ਸੌ ਕੁ ਮੀਟਰ ਦੀ ਚੜ੍ਹਾਈ ਚੜ੍ਹਨ ਤੋਂ ਬਚ ਗਏ, ਪਰ ਅੱਗੇ ਤਾਂ ਹੋਰ ਤੁਰਨਾ ਤੇ ਚੜ੍ਹਾਈਆਂ ਚੜ੍ਹਨਾ ਸੀ। ਅਸੀਂ ਕਿੰਨੇ ਭੋਲੇ ਸੀ ਪਈ, 'ਭਲਾ ਕਿਲ੍ਹੇ ਵੀ ਕਾਰਾਂ ਵਿੱਚ ਬਹਿ ਕੇ ਦੇਖੇ ਜਾਂਦੇ ਨੇ?'

ਇੱਕ ਬਹੁਤ ਵੱਡਾ ਕਿਲ੍ਹਾ ਹੈ। ਅਰਾਮ ਨਾਲ਼ ਹਰ ਚੀਜ਼ ਦੇਖੋ ਤਾਂ ਪੂਰਾ ਦਿਨ ਚਾਹੀਦੈ। ਗਿਆਰਵੀਂ ਸਦੀ ਵਿੱਚ ਬਣਿਆ ਇਹ ਕਿਲ੍ਹਾ ਕਈ ਵੇਰ ਉੱਜੜਿਆ ਤੇ ਵਸਾਇਆ ਗਿਆ। 1981 ਵਿੱਚ ਇਸਨੂੰ ਯੂਨੈਸਕੋ ਵੱਲੋਂ ਵਰਲਡ ਹੈਰੀਟੇਜ ਦਾ ਰੁਤਬਾ ਦਿੱਤਾ ਗਿਆ। ਅਕਬਰ ਬਾਦਸ਼ਾਹ ਵੱਲੋਂ ਇਹਨੂੰ ਬਣਵਾਇਆ ਗਿਆ ਸੀ। ਲਾਹੌਰ ਸ਼ਹਿਰ ਦੇ ਬਾਰਾਂ ਦਰਵਾਜ਼ੇ ਵੀ ਉਸੇ ਸਮੇਂ ਬਣਾਏ ਗਏ ਦੱਸੇ ਜਾਂਦੇ ਹਨ। ਬਾਅਦ ਵਿੱਚ ਜਹਾਂਗੀਰ ਅਤੇ ਔਰੰਗਜ਼ੇਬ ਦੇ ਸਮੇਂ ਤਕ ਕਈ ਹੋਰ ਇਮਾਰਤਾਂ ਇਸ ਵਿੱਚ ਬਣਦੀਆਂ ਰਹੀਆਂ। ਦੱਸਦੇ ਹਨ ਕਿ ਲਾਹੌਰ ਸ਼ਹਿਰ ਪੂਰੀ ਤਰ੍ਹਾਂ ਵਗਲਿਆ (ਅਲਲਏਦ) ਹੁੰਦਾ ਸੀ ਅਤੇ ਬਾਰਾਂ ਦਰਵਾਜ਼ਿਆਂ ਥਾਣੀਂ ਹੀ ਅੰਦਰ ਜਾਇਆ ਜਾ ਸਕਦਾ ਸੀ। ਇਹ ਕਿਲ੍ਹਾ ਲਾਹੌਰ ਦੇ ਉੱਤਰ ਵੱਲ ਹੈ। ਅਕਬਰ ਬਾਦਸ਼ਾਹ ਨੇ ਚੌਦਾਂ ਸਾਲ (1584-1598) ਏਥੇ ਆਪਣਾ ਦਰਬਾਰ ਲਾਇਆ ਤੇ ਨਾਲ਼ ਦੀ ਨਾਲ਼ ਇਹਦੀ ਤਾਮੀਰ ਕਰਵਾਉਂਦਾ ਰਿਹਾ। ਗੇਟਾਂ ਦੇ ਨਾਂ ਇਸ ਤਰ੍ਹਾਂ ਹਨ: 1. ਭੱਟੀ ਗੇਟ, 2. ਦਿੱਲੀ ਗੇਟ, 3. ਕਸ਼ਮੀਰੀ ਗੇਟ, 4. ਲਾਹੌਰੀ ਗੇਟ, 5. ਗੇਟ ਸ਼ੇਰਾਂਵਾਲਾ, 6. ਗੇਟ ਅਕਬਰੀ, 7. ਗੇਟ ਮਸਤੀ, 8. ਗੇਟ ਮੋਚੀ, 9. ਗੇਟ ਮੋਰੀ, 10. ਗੇਟ ਸ਼ਾਹ ਆਲਮ, 11. ਗੇਟ ਯੱਕੀ, 12. ਰੌਸ਼ਨੀ ਗੇਟ। ਇਨ੍ਹਾਂ ਬਾਰਾਂ ਗੇਟਾਂ ਜਾਂ ਬਾਰਾਂ ਦਰਵਾਜ਼ਿਆਂ ਦਾ ਆਪਣਾ ਆਪਣਾ ਇਤਿਹਾਸ ਹੈ, ਪਰ ਆਪਾਂ ਤਾਂ ਅੱਜ ਸ਼ਾਹੀ ਕਿਲ੍ਹੇ ਵਿੱਚ ਹਾਂ। 1799 ਵਿੱਚ ਲਾਹੌਰ ਜਿੱਤਣ ਤੋਂ ਬਾਅਦ ਰਣਜੀਤ ਸਿੰਘ ਦਾ ਇਸ ਕਿਲ੍ਹੇ ਉੱਪਰ ਕਬਜ਼ਾ ਹੋਇਆ ਦੱਸਿਆ ਜਾਂਦਾ ਹੈ।

ਮਹਾਰਾਜਾ ਰਣਜੀਤ ਸਿੰਘ ਨੇ ਚਾਲੀ ਸਾਲ ਰਾਜ ਕੀਤਾ। ਇਸੇ ਕਿਲ੍ਹੇ ਵਿੱਚ ਉਹ ਦਰਬਾਰ ਲਾਉਂਦੇ। ਸਭ ਧਰਮਾਂ ਦਾ ਸਨਮਾਨ ਕਰਦੇ। ਹਿੰਦੂਆਂ ਅਤੇ ਸਿੱਖਾਂ ਉੱਪਰ ਲਗਾਇਆ ਜਾਂਦਾ ਜਜ਼ੀਆ (ਟੈਕਸ) ਖ਼ਤਮ ਕਰ ਦਿੱਤਾ, ਜਿਸ ਨਾਲ਼ ਲੋਕਾਂ ਵਿੱਚ ਖ਼ੁਸ਼ੀ ਦੀ ਇੱਕ ਲਹਿਰ ਦੌੜ ਗਈ। ਇਹ ਵੀ ਦੱਸਿਆ ਜਾਂਦਾ ਹੈ ਕਿ ਉਹ ਕਦੀ ਵੀ ਆਪਣਾ ਦਰਬਾਰ 'ਦਰਬਾਰ-ਏ-ਖ਼ਾਸ' ਵਿੱਚ ਨਹੀਂ ਸਗੋਂ 'ਦਰਬਾਰ-ਏ-ਆਮ' ਵਿੱਚ ਹੀ ਲਾਉਂਦੇ ਰਹੇ। ਕਾਰਨ ਇਹ ਕਿ ਉਹ ਆਮ ਲੋਕਾਂ ਦੇ ਨੇੜੇ ਰਹਿ ਕੇ ਉਨ੍ਹਾਂ ਦੀਆਂ ਮੁਸ਼ਕਲਾਂ ਸੁਣਨੀਆਂ ਤੇ ਸਮਝਣੀਆਂ ਚਾਹੁੰਦੇ ਸਨ। ਲਾਹੌਰ ਦੀ ਖੋਜਾਰਥੀ ਦੇ ਕਹਿਣ ਡਾ. ਖੋਲਾ ਚੀਮਾ ਮੁਤਾਬਕ ਮਹਾਰਾਜਾ ਰਣਜੀਤ ਸਿੰਘ ਇਕੱਲੇ ਸਿੱਖਾਂ ਦਾ ਰਾਜਾ ਨਹੀਂ ਸੀ, ਉਹ ਸਾਰੇ ਲੋਕਾਂ ਦਾ ਸਾਂਝਾ ਰਾਜਾ ਸੀ।

ਸਾਡਾ ਗਾਈਡ ਕਾਹਲੀ-ਕਾਹਲੀ ਅਗਾਂਹ ਤੁਰੀ ਜਾ ਰਿਹਾ ਸੀ, ਜਿਵੇਂ ਬੜੀ ਛੇਤੀ ਆਪਣਾ ਕੰਮ ਮੁਕਾਵੇ ਤੇ ਕਿਸੇ ਹੋਰ ਗਾਹਕ ਦੀ ਭਾਲ ਕਰ ਸਕੇ। ਬਹੁਤੀਆਂ ਥਾਵਾਂ ਦੇਖਦਿਆਂ ਰਾਣੀਆਂ ਦੇ ਰਹਿਣ ਕਮਰਿਆਂ 'ਚੋਂ ਹੁੰਦਿਆਂ ਉਹ ਸਾਨੂੰ ਅਲਵਿਦਾ ਕਹਿੰਦਾ ਹੈ। ਅਗਾਂਹ ਕੁਝ ਨੌਜਵਾਨ ਇੱਕ ਪਾਲਤੂ ਬਾਜ ਨੂੰ ਫੜੀ ਇੰਸਟੈਂਟ ਕੈਮਰੇ ਨਾਲ਼ ਲੋਕਾਂ ਦੀਆਂ ਫ਼ੋਟੋਆਂ ਲੈ ਰਹੇ ਹਨ। ਮੈਨੂੰ ਵੀ ਗੁਜਾਰਿਸ਼ ਕਰਦੇ ਹਨ। ਪਹਿਲਾਂ ਤਾਂ ਮੈਂ ਨਾਂਹ ਕਰ ਦਿੰਦਾ ਹਾਂ ਕਿ ਇਹ ਤਾਂ ਇਸ ਬਹਾਦਰ ਜਾਨਵਰ ਨਾਲ਼ ਧੱਕਾ ਹੈ, ਪਰ ਉਨ੍ਹਾਂ ਦੇ ਜ਼ੋਰ ਪਾਉਣ 'ਤੇ ਇੱਕ ਫ਼ੋਟੋ ਬਾਜ਼ ਨੂੰ ਆਪਣੀ ਬਾਂਹ 'ਤੇ ਬਿਠਾ ਕੇ ਖਿਚਵਾ ਲੈਂਦਾ ਹਾਂ। ਉਹ ਖ਼ੁਸ਼ ਨੇ ਤੇ ਕਹਿੰਦੇ ਅਸੀਂ ਇਸ ਨਾਲ਼ ਧੱਕਾ ਨਹੀਂ ਕਰਦੇ। ਇਹ ਤਾਂ ਸਾਡੀ ਰੋਟੀ ਰੋਜ਼ੀ ਦਾ ਜ਼ਰੀਆ ਹੈ। ਇਸ ਦੀ ਪੂਰੀ ਸੇਵਾ ਕਰਦੇ ਹਾਂ।

ਥੋੜ੍ਹਾ ਅੱਗੇ ਨਿਕਲੇ ਤਾਂ ਨੌਜੁਆਨ ਕਾਲਜੀਏਟ ਕੁੜੀਆਂ ਦਾ ਗਰੁੱਪ ਨੀਰੂ ਵੱਲ ਬੜੀ ਨੀਝ ਨਾਲ਼ ਤੱਕ ਕੇ ਕਦੇ ਸਾਡੇ ਵੱਲ ਵੇਖੇ ਤੇ ਕਦੇ ਰੁਕ ਜਾਵੇ। ਵਿੱਚੋਂ ਦੋ ਕੁ ਜਣੀਆਂ ਨੇ ਘੁਸਰ-ਮੁਸਰ ਕੀਤੀ। ਇੱਕ ਦੂਜੀ ਨੂੰ ਇਵੇਂ ਕਹਿੰਦੀਆਂ ਲੱਗੀਆਂ ਕਿ "ਨਹੀਂ ਤੂੰ, ਦੂਜੀ ਕਹੇ ਨਹੀਂ ਤੂੰ।" ਆਖ਼ਰ ਪਲਾਂ ਵਿੱਚ ਹੀ ਉਹ ਸੰਗਦੀਆਂ-ਸੰਗਦੀਆਂ ਅੱਗੇ ਹੋ ਕੇ ਸਾਡੇ ਨਾਲ਼ ਫ਼ੋਟੋ ਕਰਵਾਣ ਲਈ ਇਜਾਜ਼ਤ ਮੰਗਣ ਲੱਗੀਆਂ। ਸਾਨੂੰ ਖ਼ੁਸ਼ੀ ਹੋਈ ਕਿ ਇਸਲਾਮਿਕ ਮੁਲਕਾਂ ਦੀਆਂ ਕੁੜੀਆਂ ਵੀ ਹੁਣ ਉਹ ਨਹੀਂ ਰਹੀਆਂ। ਉਨ੍ਹਾਂ ਫ਼ੋਟੋ ਕਰਵਾਉਣ ਤੋਂ ਬਾਅਦ ਸਾਡੇ ਨਾਮ ਪੁੱਛੇ ਅਤੇ ਆਪਣੇ ਵੀ ਦੱਸੇ। ਆਪਣੀ ਨਜ਼ਮ ਯਾਦ ਆਈ:

ਲਾਹੌਰ ਵਸੇਂਦੀਓ ਕੁੜੀਓ, ਕਦੇ ਅੰਬਰਸਰ ਵੀ ਆਓ।

## ਮਲਿਕਾ ਹਾਂਸ: ਜਿੱਥੇ ਵਾਰਿਸ ਸ਼ਾਹ ਨੇ ਹੀਰ ਮੁਕੰਮਲ ਕੀਤੀ


ਪਾਕਿਪਟਨ ਸ਼ਹਿਰ ਜੋ ਇੱਕ ਜ਼ਿਲ੍ਹਾ ਵੀ ਹੈ, ਦੇ ਉੱਤਰ-ਪੱਛਮ ਵਿੱਚ ਤਕਰੀਬਨ ਪੰਦਰਾਂ ਕਿਲੋਮੀਟਰ ਦੂਰ ਹੈ ਕਸਬਾ ਮਲਕਾ ਹਾਂਸ। ਕਾਰ ਰਾਹੀਂ ਵੀਹ ਕੁ ਮਿੰਟ ਲਗਦੇ ਹਨ। ਮਲਿਕ ਮੁਹੰਮਦ ਹਾਂਸ ਨਾਂ ਦੇ ਇੱਕ ਜਾਗੀਰਦਾਰ ਨੇ ਇਹ ਕਸਬਾ ਵਸਾਇਆ ਸੀ। ਉਸਦੇ ਵਡੇਰੇ ਅਫ਼ਗਾਨਿਸਤਾਨ 'ਚੋਂ ਆ ਕੇ ਇੱਥੇ ਵੱਸੇ ਦੱਸੇ ਜਾਂਦੇ ਹਨ। ਮਲਿਕਾ ਹਾਂਸ ਦੀ ਵਡਿਆਈ ਏਸ ਕਰਕੇ ਵੀ ਹੈ ਕਿ ਮੌਲਵੀ ਸ਼ਾਹ ਅਬਦੁੱਲਾ ਵੀ ਏਥੋਂ ਦਾ ਰਹਿਣ ਵਾਲਾ ਸੀ ਤੇ ਬਾਅਦ ਵਿੱਚ ਉਹ ਲਾਹੌਰ ਆ ਕੇ ਸ਼ੇਰਾਂ ਵਾਲੀ ਗਲੀ ਵਿੱਚ ਰਹਿਣ ਲੱਗਿਆ। ਬਹੁਤ ਹੀ ਮਸ਼ਹੂਰ ਸੂਫ਼ੀ ਕਵੀ ਮੀਆਂ ਮੁਹੰਮਦ ਬਖ਼ਸ਼ (1830-1907) ਵੀ ਲਾਹੌਰ ਆ ਕੇ ਕਈ ਮਹੀਨੇ ਮੌਲਵੀ ਹੋਰਾਂ ਪਾਸ ਠਹਿਰੇ ਸਨ। ਇੱਥੇ ਆ ਕੇ ਉਨ੍ਹਾਂ ਦੁਨੀਆਂ ਭਰ ਵਿੱਚ ਮਸ਼ਹੂਰ ਕਲਾਮ 'ਸੈਫ਼ ਉਲ ਮਲੂਕ' ਦਾ ਵੱਡਾ ਹਿੱਸਾ ਲਿਖਿਆ। ਆਲਮਗੀਰ ਦੇ ਸਮੇਂ ਸਤਾਰਵੀਂ ਸਦੀ ਵਿੱਚ ਇਸ ਕਸਬੇ ਦੀ ਕਾਫ਼ੀ ਚੜ੍ਹਤ ਰਹੀ ਦੱਸੀ ਜਾਂਦੀ ਹੈ। ਇਹ ਦਰਿਆ ਸਤਲੁਜ ਅਤੇ ਰਾਵੀ ਦੇ ਵਿਚਕਾਰ ਪੈਂਦਾ ਹੈ। ਅੱਜ ਕਲ੍ਹ ਸ਼ਾਇਦ ਇਹ ਜ਼ਿਲ੍ਹਾ ਕਸੂਰ ਵਿੱਚ ਹੈ।


ਗੱਲ ਆਪਾਂ ਕਰਨੀ ਹੈ ਵਾਰਿਸ ਸ਼ਾਹ ਅਤੇ ਹੀਰ ਦੇ ਮੁਕੰਮਲ ਹੋਣ ਦੀ। ਉਨ੍ਹਾਂ ਦਿਨਾਂ ਵਿੱਚ ਅਹਿਮਦ ਸ਼ਾਹ ਦੁਰਾਨੀ (ਅਬਦਾਲੀ), ਜਿਸ ਦਾ ਸਮਾਂ ਜਨਮ 1722 ਅਤੇ ਇੰਤਕਾਲ 1773 ਦਾ ਹੈ, ਹਿੰਦੋਸਤਾਨ ਉਪਰ ਹਮਲੇ 'ਤੇ ਹਮਲਾ ਕਰਦਾ ਹੁੰਦਾ ਸੀ। ਵਾਰਿਸ ਸ਼ਾਹ ਦੀ ਜੰਮਣ ਭੋਇੰ ਜੰਡਿਆਲਾ ਸ਼ੇਰ ਖ਼ਾਂ ਉਸ ਦੇ ਰਾਹ ਵਿੱਚ ਹੀ ਪੈਂਦਾ ਸੀ। ਸਾਰਾ ਇਲਾਕਾ ਉਸਦੇ ਹਮਲਿਆਂ ਕਾਰਨ ਬੇਹੱਦ ਦੁਖੀ ਅਤੇ ਬੇਚੈਨ ਰਹਿੰਦਾ ਸੀ। ਇਹੀ ਸਮਾਂ ਸੀ ਜਦੋਂ ਵਾਰਿਸ ਸ਼ਾਹ ਹੀਰ-ਰਾਂਝੇ ਦੀ ਅਮਰ ਕਹਾਣੀ ਲਿਖ ਰਿਹਾ ਸੀ; ਪਰ ਆਪੋ-ਧਾੜ ਵਾਲੇ ਮਾਹੌਲ ਵਿੱਚ ਉਸਦਾ ਮਨ ਇਕਾਗਰ ਨਹੀਂ ਸੀ ਹੋ ਰਿਹਾ। ਸੋ ਉਸਨੇ ਜੰਡਿਆਲਾ ਸ਼ੇਰ ਖ਼ਾਂ ਛੱਡਣ ਦਾ ਫ਼ੈਸਲਾ ਕਰ ਲਿਆ। ਉਸਨੇ ਮਲਿਕਾ ਹਾਂਸ ਜਾ ਕੇ ਮਸੀਤ ਵਿੱਚ ਡੇਰਾ ਲਾ ਲਿਆ। ਮਸੀਤ ਦੇ ਨਾਲ਼ ਹੀ ਇੱਕ ਭੋਰੇ ਵਿੱਚ ਬਹਿ ਕੇ ਸੰਨ 1766 ਵਿੱਚ ਉਹਨੇ ਹੀਰ-ਰਾਂਝੇ ਦੀ ਜਗਤ ਪ੍ਰਸਿੱਧ ਕਹਾਣੀ ਨੂੰ ਕਾਵਿ-ਰੂਪ ਦੇ ਕੇ ਅਮਰ ਕਰ ਦਿੱਤਾ।

ਅਸੀਂ ਪੁੱਛਦੇ-ਪੁਛਾਉਂਦੇ ਤੰਗ ਬਾਜ਼ਾਰ 'ਚੋਂ ਹੁੰਦੇ ਹੋਇਆਂ ਇੱਕ ਤੰਗ ਜਿਹੀ ਗਲੀ ਵਿੱਚ ਪਹੁੰਚੇ। ਮਸੀਤ ਕੋਲ ਪਹੁੰਚ ਕੇ ਅਸੀਂ ਇੱਕ ਦੁਕਾਨਦਾਰ ਜੋ ਆਪਣੇ ਆਪ ਨੂੰ ਆਰ.ਐਮ.ਪੀ. (ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰ) ਦੱਸਦਾ ਸੀ, ਨੂੰ ਮਿਲੇ ਅਤੇ ਆਪਣੀ ਖ਼ਾਹਿਸ਼ ਦੱਸੀ। ਉਹ ਦੁਕਾਨ ਬੰਦ ਕਰਕੇ ਸਾਡੇ ਨਾਲ਼ ਹੀ ਚੱਲ ਪਿਆ। ਤੀਹ ਪੈਂਤੀ ਸਾਲ ਦਾ ਇਹ ਸਖ਼ਸ਼ ਸਾਡੇ ਨਾਲ਼ ਕਾਫ਼ੀ ਘੁਲ-ਮਿਲ ਗਿਆ। ਇੱਕ ਹੋਰ ਅੱਧਖੜ ਉਮਰ ਦਾ ਵਿਅਕਤੀ ਵੀ ਸਾਡੇ ਨਾਲ਼ ਸਾਏ ਵਾਂਗ ਚੱਲ ਰਿਹਾ ਸੀ। ਸਾਡੇ ਪੁੱਛਣ 'ਤੇ ਉਹਨੇ ਦੱਸਿਆ ਕਿ ਉਹ ਸਿਵਲ ਕੱਪੜਿਆਂ ਵਿੱਚ ਪੁਲਿਸ ਵਾਲਾ ਹੈ। ਜੋ ਸਾਡੀ ਸੁਰੱਖਿਆ ਲਈ ਪਾਕਿਪਟਨ ਪੁਲਿਸ ਵਾਲਿਆਂ ਨੇ ਭੇਜਿਆ ਸੀ। ਉਹਨੇ ਦੱਸਿਆ ਕਿ ਉਸਦਾ ਪਿੰਡ ਵੀ ਏਥੇ ਨਾਲ਼ ਹੀ ਹੈ ਅਤੇ ਉਹਨੇ ਉਹਦੇ ਘਰ ਰੁਕ ਕੇ ਰੋਟੀ-ਪਾਣੀ ਛਕ ਕੇ ਜਾਣ ਦੀ ਸੁਲਾਹ ਮਾਰੀ, ਪਰ ਅਸੀਂ ਉਸਦਾ ਸ਼ੁਕਰੀਆ ਕਰਦਿਆਂ ਕਿਹਾ ਕਿ ਸਾਡਾ ਲਾਹੌਰ ਪਹੁੰਚਣਾ ਤੇ ਉਹ ਵੀ ਲੋਏ-ਲੋਏ, ਬਹੁਤ ਜ਼ਰੂਰੀ ਹੈ।

ਗਲੀ ਵਿੱਚ ਸਾਨੂੰ ਗੱਲਾਂ ਕਰਦਿਆਂ ਦੇਖ ਕੇ ਹੋਰ ਵੀ ਕਈ ਲੋਕ ਇਕੱਠੇ ਹੋ ਗਏ। ਡਾਕਟਰ ਦਾ ਕੋਈ ਰਿਸ਼ਤੇਦਾਰ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ





**ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਅਤੇ (ਸੱਜੇ) ਸ਼ਾਹੀ ਕਿਲ੍ਹਾ ਜਿੱਥੇ ਉਨ੍ਹਾਂ ਨੇ ਚਾਲੀ ਸਾਲ ਰਾਜ ਕੀਤਾ। ਇਸੇ ਕਿਲ੍ਹੇ ਵਿੱਚ ਉਹ ਦਰਬਾਰ ਲਾਉਂਦੇ। ਇਹ ਵੀ ਦੱਸਿਆ ਜਾਂਦਾ ਹੈ ਕਿ ਉਹ ਕਦੀ ਵੀ ਆਪਣਾ ਦਰਬਾਰ 'ਦਰਬਾਰ-ਏ-ਖ਼ਾਸ' ਵਿੱਚ ਨਹੀਂ ਸਗੋਂ 'ਦਰਬਾਰ-ਏ-ਆਮ' ਵਿੱਚ ਹੀ ਲਾਉਂਦੇ ਰਹੇ।**

## ਬਾਬਾ ਫ਼ਰੀਦ ਦੇ ਦਰਬਾਰ ਵਿੱਚ

ਲਾਹੌਰ ਤੋਂ ਕੋਈ ਦੋ ਸੌ ਕਿਲੋਮੀਟਰ ਦੂਰ ਹੈ ਪਾਕਿਪਟਨ। ਕਾਰ ਰਾਹੀਂ ਸਾਢੇ ਤਿੰਨ-ਚਾਰ ਘੰਟੇ ਲੱਗ ਜਾਂਦੇ ਹਨ ਬਾਬਾ ਫ਼ਰੀਦ ਦੇ ਦਰਬਾਰ ਵਿੱਚ ਜ਼ਿਆਰਤ ਕਰਨ ਲਈ। ਪਾਕਿਪਟਨ ਤੋਂ ਭਾਵ ਹੈ, ਪਵਿੱਤਰ ਸਥਾਨ। ਚਾਰ ਦਸੰਬਰ (2022) ਨੂੰ ਅਸੀਂ ਪੰਜਾਬੀ ਦੇ ਪਹਿਲੇ ਕਵੀ, ਸਮਾਜ ਨੂੰ ਸੋਹਣਾ ਬਣਾਉਣ ਲਈ ਵਹਿਮਾਂ-ਭਰਮਾਂ ਤੇ ਕੁਰੀਤਾਂ ਦੇ ਖ਼ਿਲਾਫ਼ ਨਸੀਹਤਾਂ ਭਰੇ ਸ਼ਲੋਕਾਂ ਨਾਲ਼ ਸੰਬੋਧਨ ਹੋਣ ਵਾਲੇ ਬਾਬਾ ਫ਼ਰੀਦ ਸ਼ਕਰਗੰਜ ਦੀ ਦਰਗ਼ਾਹ 'ਤੇ ਨਤਮਸਤਕ ਹੋਣ ਲਈ ਗਏ। 1173 ਈ. ਵਿੱਚ ਜਨਮੇ ਬਾਬਾ ਜੀ 1265 ਈ. ਵਿੱਚ ਫ਼ੌਤ ਹੋਏ। ਗੁਰੂ ਗ੍ਰੰਥ ਸਾਹਿਬ ਵਿੱਚ ਬਾਬਾ ਜੀ ਦੇ ਚਾਰ ਸ਼ਬਦ ਤੇ 112 ਸ਼ਲੋਕ ਦਰਜ ਦੱਸੇ ਜਾਂਦੇ ਹਨ। ਹਰ ਸ਼ਲੋਕ ਵਿੱਚ ਜ਼ਿੰਦਗੀ ਨੂੰ ਸਾਦਗੀ ਅਤੇ ਨਿਮਰਤਾ ਨਾਲ਼ ਜਿਊਣ ਲਈ ਨਸੀਹਤਾਂ ਹਨ।

ਫ਼ਰੀਦਾ ਖਾਕੁ ਨ ਨਿੰਦੀਐ ਖਾਕੂ ਜੇਡ ਨਾ ਕੋਇ॥
ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਏ।

ਫ਼ਰੀਦਾ ਹਾਥੀ ਸੋਨ ਅੰਬਾਰੀਆਂ ਪੀਛੇ ਕਟਕ ਹਜ਼ਾਰ॥
ਜਾਂ ਸਿਰ ਆਵੀ ਆਪਣੇ ਤਾਂ ਕੋ ਮੀਤ ਨਾ ਯਾਰ॥

ਫਰੀਦਾ ਜੰਗਲੁ ਜੰਗਲੁ ਕਿਆ ਭਵਿਹ ਵਣਿ ਕੰਡਾ ਮੋੜੇਹਿ॥
ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥

ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਆ ਜਗਿ॥
ਊਚੈ ਚੜਿ ਕੈ ਦੇਖਿਆ ਤਾ ਘਰਿ ਘਰਿ ਏਹਾ ਆਗਿ।

ਪਹਿਲਾਂ ਬਣੇ ਪ੍ਰੋਗਰਾਮ ਮੁਤਾਬਿਕ ਅੱਜ ਅਸੀਂ ਵਾਪਸ ਚੜ੍ਹਦੇ ਪੰਜਾਬ ਜਾਣਾ ਸੀ, ਪਰ ਮੁਸ਼ਤਾਕ ਸੂਫ਼ੀ ਹੋਰਾਂ ਦਾ ਮੱਤ ਸੀ ਕਿ ਸਾਨੂੰ ਪਾਕਿਪਟਨ ਵੀ ਜ਼ਰੂਰ ਜਾਣਾ ਚਾਹੀਦਾ ਹੈ ਅਤੇ ਆਉਂਦੇ ਵਕਤ ਰਾਹ 'ਚ ਪੈਂਦੇ ਮਲਕਾ ਹਾਂਸ ਵੀ...। ਤਾਹਿਰ ਦਾ ਪਰਿਵਾਰ ਵੀ ਕੁਝ ਦਿਨ ਹੋਰ ਠਹਿਰਨ ਲਈ ਆਖ ਰਿਹਾ ਸੀ। ਸੋ ਅਸੀਂ ਦੋ ਦਿਨ ਹੋਰ ਵਧਾ ਲਏ ਅਤੇ ਸਾਝਰੇ ਉੱਠ ਕੇ ਪਾਕਿਪਟਨ ਜਾਣ ਦਾ ਪ੍ਰੋਗਰਾਮ ਤੈਅ ਕਰ ਲਿਆ। ਸ਼ਾਹਜੇਬ ਕੰਵਰ ਨੇ ਸਾਡਾ ਸਾਥ ਦੇਣਾ ਸੀ ਅਤੇ ਉਹ ਸਵੇਰੇ ਸੱਤ ਵਜੇ ਹੀ ਸਾਡੇ ਹੋਟਲ ਪਹੁੰਚ ਗਿਆ। ਅਸੀਂ 'ਕੱਠਿਆਂ ਨਾਸ਼ਤਾ ਕੀਤਾ ਅਤੇ ਕੋਈ ਅੱਠ ਵੱਜਦੇ ਨੂੰ ਅਸੀਂ ਤਿਆਰ-ਬਰ-ਤਿਆਰ ਸੀ। ਸਾਢੇ ਗਿਆਰਾਂ ਵਜੇ ਦੇ ਕਰੀਬ ਅਸੀਂ ਪਾਕਿਪਟਨ ਦੀ ਧਰਤੀ 'ਤੇ ਸੀ। ਬਾਜ਼ਾਰ ਵਿੱਚ ਏਥੇ ਵੀ ਕਾਫ਼ੀ ਭੀੜ-ਭੜੱਕਾ ਸੀ। ਡਰਾਈਵਰ ਨੇ ਬਾਜ਼ਾਰ ਵਿੱਚ ਹੀ ਇੱਕ ਪਾਸੇ ਕਾਰ ਪਾਰਕ ਕਰ ਲਈ।

ਅਸੀਂ ਦਰਗ਼ਾਹ ਦੇ ਵੱਡੇ ਸਾਰੇ ਗੇਟ ਮੂਹਰੇ ਪਹੁੰਚੇ। ਪੁਲਿਸ ਵਾਲਿਆਂ ਸਾਡੇ ਕਾਗਜ਼ ਪੱਤਰ ਚੈੱਕ ਕੀਤੇ। ਉਨ੍ਹਾਂ ਇਹ ਵੀ ਪੁੱਛਿਆ ਕਿ ਇਸ ਤੋਂ ਬਾਅਦ ਕਿੱਥੇ ਜਾਣਾ ਹੈ, ਤਾਂ ਅਸੀਂ ਮਲਿਕਾ ਹਾਂਸ ਜਾਣ ਦਾ ਦੱਸਿਆ। ਅੰਦਰ ਜਾਣ ਲਈ ਪੌੜੀਆਂ ਨੂੰ ਉਥੇ, ਵਿਚਕਾਰ ਲੋਹੇ ਦੀ ਰੇਲਿੰਗ ਨਾਲ਼ ਦੋ ਹਿੱਸਿਆਂ ਵਿੱਚ ਵੰਡਿਆ ਹੋਇਆ ਸੀ। ਖੱਬੇ ਪਾਸਿਓਂ ਔਰਤਾਂ ਅਤੇ ਸੱਜੇ ਹਿੱਸੇ 'ਚੋਂ ਮਰਦ ਉਪਰ ਜਾ ਰਹੇ ਸਨ। ਮੰਗਤਿਆਂ ਦੀ ਇੱਕ ਵੱਡੀ ਭੀੜ ਵੀ ਸਾਡੇ ਦੁਆਲ਼ੇ ਹੋ ਗਈ। ਨੀਰੂ ਕੋਲੋਂ ਤਾਂ ਪੰਜ-ਛੇ ਔਰਤਾਂ ਨੇ ਪਰਸ ਨੂੰ ਖੋਹਣ ਦੀ ਕੋਸ਼ਿਸ਼ ਵੀ ਕੀਤੀ। ਫਿਰ ਉਨ੍ਹਾਂ ਸਾਡੇ ਨਾਲ਼ ਇੱਕ ਪੁਲਿਸ ਵਾਲਾ ਅਤੇ ਕੁਝ ਵਕਫ਼ ਬੋਰਡ ਦੇ ਮਰਦ-ਔਰਤਾਂ ਵੀ ਨਾਲ਼ ਭੇਜੇ ਤਾਂ ਕਿ ਅਸੀਂ ਮੰਗਤਿਆਂ ਕੋਲੋਂ ਥੋੜ੍ਹਾ ਚੈਨ ਨਾਲ਼ ਅੰਦਰ ਜਾ ਸਕੀਏ। ਪਰ ਮੰਗਤੇ ਸਨ ਕਿ ਸਾਡੀ ਤੌਬਾ ਕਰਵਾ ਦਿੱਤੀ। ਵਾਪਸੀ ਵੇਲੇ ਵੀ ਸਾਡੇ ਨਾਲ਼ ਕੁਝ ਪੁਲਿਸ ਵਾਲੇ ਸਾਨੂੰ ਕਾਰ 'ਚ ਬਿਠਾ ਕੇ ਗਏ ਅਤੇ ਹਦਾਇਤ ਕੀਤੀ ਕਿ ਸਾਰੇ ਸ਼ੀਸ਼ੇ ਬੰਦ ਰੱਖਿਓ। ਮੈਨੂੰ ਰਹਿ-ਰਹਿ ਕੇ ਵੀ ਏਹੋ ਖ਼ਿਆਲ ਆ ਰਿਹਾ ਸੀ ਕਿ ਅਜਿਹੇ ਦਰਵੇਸ਼ ਦੀ ਮਜ਼ਾਰ 'ਤੇ ਵੀ ਜੇ ਆਹ ਹਾਲ ਹੈ ਤਾਂ ਜ਼ਰੂਰ ਸਾਡੀਆਂ ਹਕੂਮਤਾਂ 'ਚ ਕੋਈ ਨੁਕਸ ਹੈ। ਜੇਕਰ ਉਹ ਹਰ ਸ਼ਖ਼ਸ ਲਈ ਰੋਟੀ-ਰੋਜ਼ੀ ਦਾ ਪ੍ਰਬੰਧ ਕਰਨ ਤਾਂ ਅਜਿਹਾ ਬੇਕਿਰਕ ਨਜ਼ਾਰਾ ਕਦੀ ਵੀ ਦੇਖਣ ਨੂੰ ਨਾ ਮਿਲੇ। ਬਾਬਾ ਫ਼ਰੀਦ ਵਰਗੇ ਦਰਵੇਸ਼ ਦੀ ਮਜ਼ਾਰ ਵੇਖਣ ਲਈ ਆਉਂਦੇ ਸ਼ਰਧਾਲੂਆਂ ਦੇ ਦਿਲਾਂ ਵਿੱਚ ਸਹਿਮ ਦੀ ਬਜਾਇ ਦਿਲ ਉੱਡੂੰ-ਉੱਡੂੰ ਕਰਦਾ ਫਿਰੇ।

ਇਹ ਵਰਤਾਰਾ ਅਸੀਂ ਦੋਨਾਂ ਹੀ ਪੰਜਾਬਾਂ ਅੰਦਰ ਦੇਖਿਆ। ਜੇਕਰ ਸਾਡਾ ਪ੍ਰਬੰਧ ਜਿਊਣ ਦੇ ਸਾਧਨ ਮੁਹੱਈਆ ਕਰਵਾਏ ਤਾਂ ਅਸੀਂ ਅਜਿਹੀਆਂ ਅਲਾਮਤਾਂ ਤੋਂ ਸਹਿਜੇ ਹੀ ਛੁਟਕਾਰਾ ਪਾ ਸਕਦੇ ਹਾਂ, ਪਰ ਏਥੇ ਤਾਂ ਆਵਾ ਹੀ ਊਤਿਆ ਪਿਆ ਹੈ। ਪਿੰਡਾਂ ਵਿੱਚ ਏਨੀ ਗ਼ਰੀਬੀ ਕਿ ਰਹੇ ਰੱਬ ਦਾ ਨਾਂ। ਸੜਕਾਂ ਦਾ ਬੁਰਾ ਹਾਲ। ਮੰਦਹਾਲੇ ਕੱਪੜਿਆਂ 'ਚ, ਮੰਦਹਾਲੇ ਲੋਕ ਕੀੜਿਆਂ ਵਾਂਗ ਰੀਂਗ-ਰੀਂਗ ਕੇ ਜ਼ਿੰਦਗੀ ਗੁਜ਼ਰ ਕਰਦੇ ਹਨ।

ਸਾਨੂੰ ਵਕਫ਼ ਬੋਰਡ ਵਾਲੀ ਬੀਬੀ ਅਤੇ ਉੱਥੋਂ ਦੇ ਇੱਕ ਪ੍ਰਬੰਧਕ ਨੇ ਵੱਖ-ਵੱਖ ਕਮਰਿਆਂ ਵਿੱਚ ਬਾਬਾ ਫ਼ਰੀਦ ਅਤੇ ਉਸਦੇ ਪਰਿਵਾਰ ਦੀਆਂ ਕਬਰਾਂ ਦੇ ਦਰਸ਼ਨ ਕਰਵਾਏ। ਕੁਝ ਥਾਵਾਂ 'ਤੇ ਉਨ੍ਹਾਂ ਦੇ ਅਸੂਲਾਂ ਅਨੁਸਾਰ ਔਰਤਾਂ ਨੂੰ ਅੰਦਰ ਜਾਣ ਦੀ ਮਨਾਹੀ ਸੀ। ਇਹਦਾ ਕਾਰਨ ਜਾਨਣ ਲਈ ਮੈਂ ਜਦ ਪੁੱਛਿਆ ਤਾਂ ਉਨ੍ਹਾਂ ਦਾ ਜਵਾਬ ਮੇਰੀ ਤਸੱਲੀ ਨਾ ਕਰਵਾ ਸਕਿਆ ਤੇ ਮੈਂ ਗੱਲ ਉਥੇ ਈ ਛੱਡ ਦਿੱਤੀ; ਕਿਉਂਕਿ ਅਜਿਹੀਆਂ ਥਾਵਾਂ 'ਤੇ ਬਹਿਸ ਕਰਨ ਦੀ ਕੋਈ ਤੁਕ ਨਹੀਂ ਬਣਦੀ ਤੇ ਨਾ ਹੀ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਸਾਨੂੰ 'ਕਾਠ' ਦੀ ਉਹ ਰੋਟੀ ਵੀ ਦਿਖਾਈ, ਜੋ ਇੱਕ ਸ਼ੀਸ਼ੇ ਦੇ ਬਕਸੇ ਵਿੱਚ ਬੰਦ ਸੀ। ਜਿਸ ਬਾਰੇ ਬਾਬਾ ਜੀ ਨੇ ਲਿਖਿਆ ਸੀ:

ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁੱਖ॥
ਜਿਨਾ ਖਾਧੀ ਚੋਪੜੀ ਸੋ ਘਣੈ ਸਹਿਣਗੇ ਦੁੱਖੁ॥

ਮੇਰੇ ਮਨ ਵਿੱਚ ਸ਼ੰਕਾ ਸੀ ਕਿ ਇਹ ਉਹੀ ਰੋਟੀ ਹੈ ਜਾਂ ਫਿਰ...। ਪਰ ਮੈਂ ਚੁੱਪ ਹੀ ਚੰਗੀ ਸਮਝੀ। ਬਾਬਾ ਜੀ ਦੀਆਂ ਹੋਰ ਵੀ ਵਸਤਾਂ ਸਾਨੂੰ ਦਿਖਾਈਆਂ ਗਈਆਂ।


ਬਾਹਰ ਖੁੱਲ੍ਹੇ ਵਿਹੜੇ ਵਿੱਚ ਕੁਝ ਕਵਾਲ ਬਾਬਾ ਜੀ ਦੀ ਬਾਣੀ ਦਾ ਗਾਇਨ ਕਰ ਰਹੇ ਸਨ। ਅਸੀਂ ਦਸ-ਪੰਦਰਾਂ ਮਿੰਟ ਉਨ੍ਹਾਂ ਦੀ ਹਾਜ਼ਰੀ ਭਰੀ, ਤਿਲ-ਫੁਲ ਭੇਟ ਕੀਤਾ ਅਤੇ ਪੁਲਿਸ ਦੀ ਹਿਫ਼ਾਜ਼ਤ ਵਿੱਚ ਮਲਿਕਾ ਹਾਂਸ ਜਾਣ ਲਈ ਕਾਰ ਵਿੱਚ ਆਣ ਬੈਠੇ।

# ਮਨੁੱਖ ਦਾ ਅੰਦਾਜ਼-ਏ-ਬਿਆਨ ਤੇ ਮਨੁੱਖੀ ਰਿਸ਼ਤਿਆਂ ਦੀ ਬਣਤਰ

ਅਧਿਆਤਮਕ

ਡਾ. ਅਰਵਿੰਦਰ ਸਿੰਘ ਭੱਲਾ*
ਫੋਨ: +91-9463062603





ਮੁਰਸ਼ਦ ਨੇ ਆਪਣੇ ਮੁਰੀਦਾਂ ਨੂੰ ਦਰਸ ਦਿੰਦੇ ਹੋਏ ਫ਼ੁਰਮਾਇਆ ਕਿ ਜ਼ਿੰਦਗੀ ਵਿੱਚ ਕੋਈ ਮੰਚ ਵਿਅਕਤੀ ਲਈ ਆਪਣੀ ਵਿਦਵਤਾ ਅਤੇ ਕਾਬਲੀਅਤ ਦਾ ਪ੍ਰਗਟਾਵਾ ਕਰਨ ਲਈ ਢੁਕਵਾਂ ਹੈ ਜਾਂ ਨਹੀਂ, ਇਸ ਦਾ ਫੈਸਲਾ ਕਰਨਾ ਬਹੁਤ ਜਰੂਰੀ ਹੁੰਦਾ ਹੈ। ਅਕਸਰ ਲੋਕ ਦੂਸਰਿਆਂ ਦੀਆਂ ਗੱਲਾਂ ਵਿੱਚ ਆ ਕੇ ਗਲਤ ਜਗ੍ਹਾ ਉੱਤੇ ਉਹ ਸਭ ਕੁਝ ਕਹਿਣ ਦੀ ਅਹਿਮਕਾਨਾ ਕੋਸ਼ਿਸ਼ ਕਰਦੇ ਹਨ, ਜਿੱਥੇ ਕਿ ਉਨ੍ਹਾਂ ਦੀ ਖਾਮੋਸ਼ੀ ਉਨ੍ਹਾਂ ਦੇ ਬੋਲਾਂ ਤੋਂ ਵਧੇਰੇ ਪੁਰਅਸਰ ਅਤੇ ਸਾਰਥਕ ਸਾਬਿਤ ਹੋ ਸਕਦੀ ਹੈ। ਬੇਮੁਹਾਰੀਆਂ ਭਾਵਨਾਵਾਂ ਦੇ ਉਲਾਰ ਵਿੱਚ ਗਲਤ ਜਗ੍ਹਾ ਉੱਤੇ ਕਿਸੇ ਮਨੁੱਖ ਦੁਆਰਾ ਗਲਤ ਵਿਚਾਰਾਂ ਦਾ ਪ੍ਰਗਟਾਵਾ ਉਸ ਵਿਅਕਤੀ ਬਾਰੇ ਨਕਾਰਾਤਮਕ ਬਿਰਤਾਂਤ ਸਿਰਜਣ ਦੇ ਨਾਲ-ਨਾਲ ਉਸ ਬਾਰੇ ਕਿਸੇ ਵੱਲੋਂ ਸਥਾਪਤ ਕੀਤੀ ਗਈ ਨਕਾਰਾਤਮਕ ਰਾਏ ਜਾਂ ਧਾਰਨਾ ਨੂੰ ਪਹਿਲਾਂ ਨਾਲੋਂ ਹੋਰ ਵਧੇਰੇ ਪਰਪੱਕ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਲਿਹਾਜ਼ਾ ਕਿੱਥੇ ਬੋਲਣ ਨਾਲ ਤੁਸੀਂ ਸੁਰਖ਼ਰੂ ਹੁੰਦੇ ਹੋ ਅਤੇ ਕਿੱਥੇ ਚੁੱਪ ਰਹਿ ਕੇ ਤੁਹਾਡਾ ਗੁਜ਼ਾਰਾ ਚਲ ਸਕਦਾ ਹੈ, ਇਸ ਬਾਰੇ ਮਨੁੱਖ ਨੂੰ ਸੁਚੇਤ ਪੱਧਰ ਉੱਪਰ ਬੋਲਣ ਤੋਂ ਪਹਿਲਾਂ ਸੋਚਣਾ ਚਾਹੀਦਾ ਹੈ।

ਜਦੋਂ ਮਸਲਾ ਸਵੈਮਾਣ ਜਾਂ ਤੁਹਾਡੇ ਬੁਨਿਆਦੀ ਹਿੱਤਾਂ ਦੀ ਰਾਖੀ ਦਾ ਹੋਵੇ ਤਾਂ ਨਿਸਚਿਤ ਤੌਰ ਉੱਪਰ ਵਿਅਕਤੀ ਦਾ ਉਤੇਜਿਤ ਹੋਣਾ ਜਾਇਜ਼ ਠਹਿਰਾਇਆ ਜਾ ਸਕਦਾ ਹੈ, ਲੇਕਿਨ ਸਧਾਰਨ ਪੱਧਰ ਉਤੇ ਹਲਕੇ-ਫੁਲਕੇ ਵਿਚਾਰਾਂ ਦੇ ਆਦਾਨ-ਪ੍ਰਦਾਨ ਕਰਨ ਵੇਲੇ ਹਰ ਸ਼ਖਸ ਨੂੰ ਆਪਣੀ ਗੁਫ਼ਤਗੂ ਵਿੱਚ ਨਫਾਸਤ ਰੱਖਣ ਦੀ ਬੇਹੱਦ ਜ਼ਰੂਰਤ ਹੁੰਦੀ ਹੈ। ਅੱਖਰਾਂ, ਅਲਫ਼ਾਜਾਂ ਅਤੇ ਵਾਕਾਂ ਦੇ ਉਚਾਰਨ ਵੇਲੇ ਵਰਤੀ ਗਈ ਬੇਧਿਆਨੀ ਜਾਂ ਬੇਸਮਝੀ, ਅਣਉਚਿਤ ਲਹਿਜ਼ਾ ਅਤੇ ਤੁਹਾਡੀ ਸੁਰ ਦਰਅਸਲ ਤੁਹਾਨੂੰ ਮਿਲੇ ਸੰਸਕਾਰਾਂ ਅਤੇ ਤੁਹਾਡੀ ਤਹਿਜ਼ੀਬ ਦੀ ਤਰਜਮਾਨੀ ਕਰਦੀ ਹੈ। ਆਮ ਤੌਰ ਉੱਪਰ ਮਨੁੱਖ ਬੋਲਣਾ ਤਾਂ ਆਪਣੇ ਜਨਮ ਬਾਅਦ ਦੋ ਤਿੰਨ ਸਾਲਾਂ ਵਿੱਚ ਸਿੱਖ ਜਾਂਦਾ ਹੈ, ਪਰ ਕਿੱਥੇ ਕੀ ਬੋਲਣਾ ਹੈ, ਇਸ ਨੂੰ ਸਿੱਖਦੇ-ਸਿੱਖਦੇ ਮਨੁੱਖ ਇਸ ਫ਼ਾਨੀ ਸੰਸਾਰ ਤੋਂ ਕੂਚ ਕਰ ਜਾਂਦਾ ਹੈ।

ਮੁਰਸ਼ਦ ਨੇ ਫ਼ੁਰਮਾਇਆ ਕਿ ਰੋਜ਼ਮੱਰ੍ਹਾ ਦੇ ਜੀਵਨ ਵਿੱਚ ਵੱਖ-ਵੱਖ ਪ੍ਰਸਥਿਤੀਆਂ, ਹਾਲਾਤ, ਮੌਕੇ ਅਸਲ ਵਿੱਚ ਉਹ ਕਸੌਟੀਆਂ ਹੁੰਦੀਆਂ ਹਨ, ਜੋ ਤੁਹਾਡੇ ਗੁਫ਼ਤਗੂ ਦੇ ਹੁਨਰ ਦਾ ਇਮਤਿਹਾਨ ਲੈਣ ਦੇ ਨਾਲ-ਨਾਲ ਤੁਹਾਡੇ ਸਬਰ, ਜਰਫ, ਇਲਮ ਅਤੇ ਤਜ਼ਰਬੇ ਨੂੰ ਪਰਖਣ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਤਵਾਰੀਖ਼ ਇਸ ਗੱਲ ਦੀ ਗਵਾਹ ਹੈ ਕਿ ਉਹ ਜੰਗਾਂ, ਜਿਨ੍ਹਾਂ ਨੇ ਕਈ ਮੁਲਕਾਂ ਨੂੰ ਤਬਾਹ ਕਰ ਦਿੱਤਾ, ਦਰਅਸਲ ਉਨ੍ਹਾਂ ਦੀ ਸ਼ੁਰੂਆਤ ਵਿੱਚ ਉਨ੍ਹਾਂ ਜੰਗਾਂ ਲਈ ਜ਼ਿੰਮੇਵਾਰ ਲੋਕਾਂ ਦੇ ਗੈਰ ਜ਼ਿੰਮੇਵਾਰਾਨਾ ਬੋਲਾਂ ਨੇ ਬਲਦੀ ਉੱਤੇ ਤੇਲ ਪਾਉਣ ਵਿੱਚ ਵੱਡੀ ਭੂਮਿਕਾ ਨਿਭਾਈ। ਜੇਕਰ ਗਹੁ ਨਾਲ ਵਾਚਿਆ ਜਾਵੇ ਤਾਂ ਇਹ ਸਹਿਜੇ ਹੀ ਮਹਿਸੂਸ ਹੁੰਦਾ ਹੈ ਕਿ ਲੋਕ ਤਲਵਾਰ ਦਾ ਫੱਟ ਤਾਂ ਸਹਿ ਲੈਂਦੇ ਹਨ, ਪਰ ਕਿਸੇ ਦੀ ਤਲਖ਼ ਕਲਾਮੀ ਨੂੰ ਸਹਿਣ ਨਹੀਂ ਕਰਦੇ। ਅਕਸਰ ਇਹ ਵੀ ਦੇਖਣ ਵਿੱਚ ਆਉਂਦਾ ਹੈ ਕਿ ਲੋਕ ਆਪਣੀ ਬੋਲਚਾਲ ਵਿੱਚ ਅਨੇਕਾਂ ਵਾਰ ਅਜਿਹੇ ਲਹਿਜ਼ੇ ਵਿੱਚ ਅਜਿਹੇ ਸ਼ਬਦਾਂ ਤੇ ਵਾਕਾਂ ਦਾ ਉਚਾਰਨ ਬਿਨਾ ਸੋਚੇ ਸਮਝੇ ਕਰਦੇ ਹਨ, ਜਿਸ ਨਾਲ ਉਨ੍ਹਾਂ ਦੇ ਲੋਕਾਂ ਨਾਲ ਰਿਸ਼ਤਿਆਂ ਵਿੱਚ ਦੂਰੀਆਂ ਅਤੇ ਕੁੜੱਤਣ ਪੈਦਾ ਹੁੰਦੀ ਹੈ। ਮੁਰਸ਼ਦ ਨੇ ਫ਼ੁਰਮਾਇਆ ਕਿ ਯਾਦ ਰੱਖੋ ਕਿ ਮਨੁੱਖੀ ਰਿਸ਼ਤੇ ਕੋਮਲ ਅਹਿਸਾਸਾਂ ਦੀਆਂ ਤੰਦਾਂ ਨਾਲ ਬੱਝੇ ਹੁੰਦੇ ਹਨ। ਕੁਰੱਖਤ ਅਤੇ ਦਿਲ ਚੀਰਵੇਂ ਬੋਲ ਸੱਭਿਅਕ ਸਮਾਜ ਵਿੱਚ ਕਦੇ ਵੀ ਪ੍ਰਵਾਨਤ ਨਹੀਂ ਹੁੰਦੇ ਹਨ।

ਮੁਰਸ਼ਦ ਨੇ ਇਹ ਵੀ ਫ਼ੁਰਮਾਇਆ ਕਿ ਤੁਸੀਂ ਆਪਣੇ ਬੋਲਾਂ ਨਾਲ ਸਥਾਈ ਰੂਪ ਵਿੱਚ ਕਿਸੇ ਦੇ ਦਿਲ ਵਿੱਚ ਆਪਣੀ ਜਗ੍ਹਾ ਬਣਾ ਵੀ ਸਕਦੇ ਹੋ ਅਤੇ ਆਪਣੇ ਬੋਲਾਂ ਨਾਲ ਕਿਸੇ ਦੀਆਂ ਨਜ਼ਰਾਂ ਤੋਂ ਸਦਾ ਲਈ ਡਿੱਗ ਵੀ ਸਕਦੇ ਹੋ। ਤੈਸ਼ ਵਿੱਚ ਆ ਕੇ ਬੋਲੇ ਬੋਲਾਂ ਦੀ ਅਕਸਰ ਇਨਸਾਨ ਨੂੰ ਦੇਰ-ਸਵੇਰ ਕੀਮਤ ਚੁਕਾਉਣੀ ਪੈਂਦੀ ਹੈ। ਇਨਸਾਨ ਆਪਣੇ ਅੰਦਾਜ਼-ਏ-ਗੁਫ਼ਤਗੂ ਦੇ ਜ਼ਰੀਏ ਵੱਡੀ ਤੋਂ ਵੱਡੀ ਗੁੰਝਲਦਾਰ ਸਮੱਸਿਆ ਦਾ ਹੱਲ ਬੜੀ ਆਸਾਨੀ ਨਾਲ ਕੱਢ ਸਕਦਾ ਹੈ। ਕਿਸੇ ਵਰਤਾਰੇ ਬਾਰੇ ਮਨੁੱਖ ਦਾ ਅੰਦਾਜ਼-ਏ-ਬਿਆਨ ਲੋਕਾਂ ਵਿੱਚ ਸਹਿਜ ਪੈਦਾ ਕਰਨ ਦੀ ਸਲਾਹੀਅਤ ਵੀ ਰੱਖਣ ਦੇ ਨਾਲ-ਨਾਲ ਲੋਕਾਂ ਵਿੱਚ ਬੇਲੋੜੀ ਉਕਸਾਹਟ, ਅਨਿਸ਼ਚਿਤਤਾ ਅਤੇ ਅਸੁਰੱਖਿਆ ਦੀ ਭਾਵਨਾ ਵੀ ਪੈਦਾ ਕਰਨ ਦੇ ਸਮਰੱਥ ਹੁੰਦਾ ਹੈ। ਮੁਰਸ਼ਦ ਨੇ ਇਸ ਗੱਲ ਦੀ ਤਲਕੀਨ ਯਾਨੀ ਹਦਾਇਤ ਕੀਤੀ ਕਿ ਹਮੇਸ਼ਾ ਇਹ ਕੋਸ਼ਿਸ਼ ਕਰੋ ਕਿ ਤੁਹਾਡੇ ਵਿਚਾਰਾਂ ਰਾਹੀਂ ਲੋਕਾਂ ਵਿੱਚ ਸਹਿਜ ਪੈਦਾ ਹੋਵੇ, ਜਿਊਣ ਦੀ ਉਮੰਗ ਅੰਗੜਾਈ ਲਵੇ ਅਤੇ ਕਿਸੇ ਮਹਿਫ਼ਿਲ ਵਿੱਚੋਂ ਤੁਹਾਡੇ ਜਾਣ ਤੋਂ ਬਾਅਦ ਲੋਕ ਵੀ ਤੁਹਾਨੂੰ ਸਕਾਰਾਤਮਕ ਸੰਦਰਭ ਵਿੱਚ ਯਾਦ ਕਰਨ। ਮਿੱਠੇ, ਦਿਲ ਟੁੰਬਵੇਂ ਅਤੇ ਆਪਣੇਪਣ ਨਾਲ ਲਬਰੇਜ਼ ਬੋਲਚਾਲ ਤੁਹਾਨੂੰ ਲੋਕਾਂ ਦੇ ਨਜ਼ਦੀਕ ਲੈ ਜਾਂਦੀ ਹੈ। ਤੁਸੀਂ ਆਪਣੇ ਸਕਾਰਾਤਮਕ ਨੁਕਤਾ-ਏ-ਨਿਗਾਹ ਨਾਲ ਪਰੀਪੂਰਨ ਬੋਲਣ-ਚਾਲਣ ਦੀ ਕਲਾ ਰਾਹੀਂ ਵਿਵਾਦਾਂ ਵਿੱਚ ਘਿਰਨ ਤੋਂ ਆਪਣਾ ਬਚਾਅ ਕਰ ਸਕਦੇ ਹੋ।

ਮੁਰਸ਼ਦ ਨੇ ਇਹ ਵੀ ਫ਼ੁਰਮਾਇਆ ਕਿ ਜ਼ਿੰਦਗੀ ਵਿੱਚ ਦਰਅਸਲ ਤੁਸੀਂ ਆਪਣੇ ਸ਼ਬਦਾਂ ਦਾ ਖੱਟਿਆ ਹੀ ਖਾਂਦੇ ਹੋ। ਸਹੀ ਸਮੇਂ ਤੇ ਸਹੀ ਸਥਾਨ ਉੱਤੇ ਉਪਯੁਕਤ ਸ਼ਬਦਾਂ ਅਤੇ ਸ਼ਬਦਾਂ ਦੇ ਉਚਾਰਨ ਵਿੱਚ ਵਰਤਿਆ ਗਿਆ ਸਹਿਜ ਤੁਹਾਡੇ ਵਿਅਕਤੀਤੱਵ ਨੂੰ ਉਭਾਰਨ ਵਿੱਚ ਅਹਿਮ ਭੂਮਿਕਾ ਵੀ ਨਿਭਾਉਂਦਾ ਹੈ। ਤੁਹਾਡੇ ਵਲੋਂ ਵਰਤੇ ਗਏ ਸ਼ਬਦ ਦੂਸਰਿਆਂ ਦੀਆਂ ਸਿਮਰਤੀਆਂ ਅਤੇ ਦਿਲੋਂ-ਦਿਮਾਗ ਉਤੇ ਗਹਿਰੀ ਛਾਪ ਛੱਡਦੇ ਹਨ, ਲਿਹਾਜ਼ਾ ਆਪਣੇ ਲਹਿਜ਼ੇ, ਸ਼ਬਦਾਂ ਅਤੇ ਵਾਕਾਂ ਨੂੰ ਕਦੇ ਵੀ ਮਰਿਆਦਾਵਾਂ ਭੰਗ ਕਰਨ ਦੀ ਇਜਾਜ਼ਤ ਨਾ ਦਿਉ। ਤੁਹਾਡੇ ਬੋਲਾਂ ਵਿੱਚ ਸੰਜੀਦਗੀ, ਸੰਜਮ ਅਤੇ ਸ਼ਿਸ਼ਟਾਚਾਰ ਦੇ ਗੁਣ ਸਮੋਏ ਹੋਣੇ ਚਾਹੀਦੇ ਹਨ। ਮਨੁੱਖ ਨੂੰ ਇਸ ਗੱਲ ਦਾ ਬੜੀ ਬਾਰੀਕੀ ਨਾਲ ਅਹਿਸਾਸ ਹੋਣਾ ਚਾਹੀਦਾ ਹੈ ਕਿ ਸ਼ਬਦਾਂ ਦੀ ਖੇਡ ਹਮੇਸ਼ਾ ਪਰਸਪਰ ਸਤਿਕਾਰ ਦੀ ਭਾਵਨਾ ਨਾਲ ਖੇਡੀ ਜਾਣੀ ਚਾਹੀਦੀ ਹੈ। ਆਪਣੇ ਖ਼ਿਆਲਾਂ ਦੇ ਪ੍ਰਗਟਾਵੇ ਵੇਲੇ ਮਨੁੱਖ ਨੂੰ ਕਦੇ ਵੀ ਵਿਵੇਕ ਨਹੀਂ ਖੋਹਣਾ ਚਾਹੀਦਾ ਹੈ। ਸਾਨੂੰ ਇਹ ਮੰਨ ਕੇ ਚੱਲਣਾ ਚਾਹੀਦਾ ਹੈ ਕਿ ਵਿਹਾਰਿਕ ਸੰਸਾਰ ਵਿੱਚ ਵਿਅਕਤੀ ਨੂੰ ਉਸ ਦੇ ਵਿਹਾਰ ਅਤੇ ਉਸ ਦੇ ਬੋਲਾਂ ਦੇ ਤਰਾਜ਼ੂ ਵਿੱਚ ਤੋਲਿਆ ਜਾਂਦਾ ਹੈ।

ਮੁਰਸ਼ਦ ਨੇ ਫ਼ੁਰਮਾਇਆ ਕਿ ਇਹ ਵੀ ਯਾਦ ਰਹੇ! ਸ਼ਬਦ ਮਨੁੱਖ ਨੂੰ ਮਨੁੱਖ ਨਾਲ ਜੋੜਦੇ ਵੀ ਹਨ ਅਤੇ ਤੋੜਦੇ ਵੀ ਹਨ। ਸੱਭਿਅਕ ਸਮਾਜ ਦੀ ਨੀਂਹ ਇਸ ਗੱਲ ਉਤੇ ਵੀ ਨਿਰਭਰ ਕਰਦੀ ਹੈ ਕਿ ਮਨੁੱਖ ਸ਼ਬਦਾਂ ਨੂੰ ਤੀਰਾਂ ਦੇ ਤੌਰ 'ਤੇ ਇਸਤੇਮਾਲ ਕਰਦਾ ਹੈ ਜਾਂ ਫਿਰ ਸ਼ਬਦਾਂ ਨੂੰ ਮਲ੍ਹਮ ਦੇ ਤੌਰ 'ਤੇ ਵਰਤਦਾ ਹੈ। ਇਹ ਇੱਕ ਅਟੱਲ ਸਚਾਈ ਹੈ ਕਿ "ਪਹਿਲਾਂ ਸੋਚੋ, ਫਿਰ ਬੋਲੋ", ਹਰ ਯੁੱਗ ਵਿੱਚ ਇੱਕ ਪੱਥ ਪ੍ਰਦਰਸ਼ਕ ਦੇ ਤੌਰ 'ਤੇ ਸੁਨਿਹਰੀ ਅਸੂਲ ਮੰਨਿਆ ਜਾਂਦਾ ਰਹੇਗਾ।

*(*ਪ੍ਰਿੰਸੀਪਲ ਗੁਰੂ ਨਾਨਕ ਖਾਲਸਾ ਕਾਲਜ ਯਮੁਨਾ ਨਗਰ, ਹਰਿਆਣਾ)*

# ਸ਼ਾਹੀ ਕਿਲ੍ਹਾ ਲਾਹੌਰ ਤੋਂ ਮਲਿਕਾ ਹਾਂਸ ਤੱਕ

ਸ਼ਾਇਦ ਚਾਚਾ ਵੀ ਅਮਰੀਕਾ ਤੋਂ ਆਇਆ ਹੋਇਆ ਸੀ, ਉਹਨੇ ਸਾਨੂੰ ਉਹਦੇ ਨਾਲ਼ ਵੀ ਮਿਲਾਇਆ। ਹੁਣ ਅਸੀਂ ਮਸੀਤ ਦੇ ਵਿਹੜੇ ਵਿੱਚ ਖੜ੍ਹੇ ਸੀ। ਨਾਲ਼ ਹੀ ਕੱਚਾ ਭੋਰਾ ਜੋ ਹੁਣ ਪੱਕਾ ਕਰ ਦਿੱਤਾ ਗਿਆ ਸੀ। ਅਸੀਂ ਭੋਰੇ ਦੇ ਅੰਦਰ ਗਏ। ਇਉਂ ਲੱਗਦਾ ਸੀ ਜਿਵੇਂ ਵਾਰਿਸ ਸ਼ਾਹ ਸਾਡੇ ਸਾਹਮਣੇ ਮਸਤੀ ਦੇ ਆਲਮ ਵਿੱਚ ਕਲਮ ਸਿਆਹੀ ਨਾਲ਼ ਹੀਰ ਦੇ ਬੰਦ ਲਿਖ ਰਿਹਾ ਹੋਵੇ। ਸਾਡੇ ਪੁੱਛਣ 'ਤੇ ਕਿ ਕੀ ਹੀਰ ਵਾਰਿਸ ਦੀ ਕੋਈ ਮੌਲਿਕ ਲਿਖਤ ਵੀ ਸਾਂਭੀ ਹੋਈ ਹੈ? ਤਾਂ ਉਨ੍ਹਾਂ ਨੇ ਦੱਸਿਆ ਕਿ ਪਹਿਲੀ ਹੱਥ ਲਿਖਤ ਕਿਸੇ ਨੇ ਜਾਂ ਸ਼ਾਇਦ ਉਥੋਂ ਦੇ ਮੌਲਵੀ ਨੇ ਚੋਰੀ ਕਰ ਲਈ ਸੀ। ਇਹ ਜਾਣ ਕੇ ਬੜਾ ਦੁੱਖ ਹੋਇਆ। ਦੱਸਦੇ ਹਨ ਕਿ ਮਸੀਤ ਦਾ ਮੌਲਵੀ ਵਾਰਿਸ ਸ਼ਾਹ ਨਾਲ਼ ਏਸ ਗੱਲੋਂ ਬੜਾ ਔਖਾ ਰਹਿੰਦਾ ਸੀ ਕਿ ਉਹ ਮਸੀਤ ਦੇ ਅੰਦਰ ਉੱਚੀ-ਉੱਚੀ ਹੇਕਾਂ ਲਾ ਕੇ ਹੀਰ ਗਾਉਂਦਾ ਰਹਿੰਦਾ ਸੀ। ਕਸਬੇ ਦੇ ਲੋਕ ਵੀ ਹਰ ਰੋਜ਼ ਉਸਨੂੰ ਸੁਣਨ ਲਈ ਆ ਜਾਂਦੇ ਸਨ। ਉਹ ਲੋਕਾਂ ਵਿੱਚ ਬਹੁਤ ਹਰਮਨ ਪਿਆਰਾ ਹੋ ਗਿਆ ਸੀ। ਇਸ ਕਰਕੇ ਮੌਲਵੀ ਉਹਨੂੰ ਉਥੋਂ ਕੱਢਣਾ ਚਾਹੁੰਦਾ ਹੋਇਆ ਵੀ ਕੱਢ ਨਾ ਸਕਿਆ। ਦੱਸਦੇ ਨੇ ਕਿ ਵਾਰਿਸ ਸ਼ਾਹ ਨੇ ਇੱਥੇ ਰਹਿ ਕੇ ਕੋਈ ਦੋ ਢਾਈ ਸਾਲ ਵਿੱਚ ਹੀਰ ਮੁਕੰਮਲ ਕੀਤੀ। ਉਹ ਹੀਰ ਜਿਸ ਤੋਂ ਬਿਨਾਂ ਸਾਡਾ ਸਾਹਿਤ ਤੇ ਸੱਭਿਆਚਾਰ ਅਧੂਰਾ ਹੈ। ਵਾਰਿਸ ਸ਼ਾਹ ਨੇ ਹੀਰ ਵਿੱਚ ਉਸ ਸਮੇਂ ਦੇ ਸਮਾਜ, ਜਗੀਰੂ ਸੱਭਿਆਚਾਰ ਤੇ ਕਾਮਿਆਂ ਦਾ ਬਾਖ਼ੂਬੀ ਚਿਤਰਣ ਕੀਤਾ ਹੈ। ਵਾਰਿਸ ਦਾ ਜਨਮ 1722 ਵਿੱਚ ਹੋਇਆ ਤੇ 1798 ਵਿੱਚ 76 ਸਾਲ ਦੀ ਉਮਰ ਵਿੱਚ ਉਹ ਇਸ ਦੁਨੀਆਂ ਨੂੰ ਅਲਵਿਦਾ ਆਖ ਗਏ। ਮੁਢਲੀ ਸਿੱਖਿਆ ਉਨ੍ਹਾਂ ਪਿੰਡ ਦੀ ਮਸਜਿਦ 'ਚੋਂ ਲਈ ਤੇ ਫਿਰ ਕਸੂਰ ਵਿੱਚ ਉਨ੍ਹਾਂ ਮੌਲਵੀ ਗ਼ੁਲਾਮ ਮੁਰਤਜ਼ਾ ਕਸੂਰੀ ਕੋਲੋਂ ਉਚੇਚੀ ਸਿੱਖਿਆ ਪ੍ਰਾਪਤ ਕੀਤੀ। ਦੱਸਦੇ ਹਨ ਕਿ ਉਨ੍ਹਾਂ ਬਾਬਾ ਫ਼ਰੀਦ ਦੇ ਗੱਦੀਨਸ਼ੀਨਾਂ ਕੋਲੋਂ ਵੀ ਆਤਮਿਕ ਗਿਆਨ ਬਾਰੇ ਕਾਫ਼ੀ ਕੁੱਝ ਸਿੱਖਿਆ। ਉਸ ਕੋਲ ਗਿਆਨ ਅਤੇ ਸ਼ਬਦਾਂ ਦਾ ਏਨਾ ਭੰਡਾਰ ਸੀ ਕਿ ਉਸਦੇ ਲਿਖੇ ਬਹੁਤੇ ਬੰਦ ਕਹਾਵਤਾਂ ਬਣ ਗਏ ਹਨ।

ਵਾਰਿਸ ਸ਼ਾਹ ਲੁਕਾਈਏ ਜੱਗ ਕੋਲੋਂ
ਭਾਵੇਂ ਆਪਣਾ ਹੀ ਗੁੜ ਖਾਈਏ ਜੀ।
ਵਾਰਿਸ ਸ਼ਾਹ ਨਾ ਹਿੰਗ ਦੀ ਬਾਸ ਛੁਪਦੀ
ਭਾਵੇਂ ਰਸਮਸੀ ਵਿੱਚ ਕਾਫ਼ੂਰ ਹੋਏ।

ਹੀਰ ਦੀ ਤਾਰੀਫ਼ ਕਰਦਿਆਂ ਵਾਰਿਸ ਸ਼ਾਹ ਲਿਖਦਾ ਹੈ:

ਨੈਣ ਨਰਗਸੀ ਮਿਰਗ ਮਮੋਲੜੇ ਦੇ
ਗੱਲ੍ਹਾਂ ਟਹਿਕੀਆਂ ਫੁੱਲ ਗੁਲਾਬ ਦਾ ਜੀ।
ਭਵਾਂ ਵਾਂਗ ਕਮਾਨ ਲਾਹੌਰ ਦੇ ਸਨ
ਕੋਈ ਹੁਸਨ ਨਾ ਅੰਤ ਹਿਸਾਬ ਦਾ ਜੀ।
ਮਾਣਮੱਤੀਏ ਰੂਪ ਗੁਮਾਨ ਕਰੀਏ
ਅਠਖੇਲੀਏ ਰੰਗ ਰੰਗੀਲੀਏ ਨੀ।
ਆਸ਼ਕ ਭੌਰ, ਫ਼ਕੀਰ ਤੇ ਨਾਗ ਕਾਲੇ
ਬਾਝ ਮੰਤਰੋਂ ਮੂਲ ਨਾ ਕੀਲੀਏ ਨੀ।

ਮਸੀਤ ਤੋਂ ਦੋ-ਤਿੰਨ ਘਰ ਛੱਡ ਕੇ ਇੱਕ ਸਦੀਆਂ ਪੁਰਾਣਾ ਮੰਦਰ ਵੀ ਅਸਾਂ ਨੂੰ ਦਿਖਾਇਆ ਗਿਆ; ਜਿਸਦੀ ਹਾਲਤ ਹੁਣ ਬਹੁਤ ਖਸਤਾ ਹੋ ਚੁੱਕੀ ਸੀ। ਕੁੱਝ ਹਿੱਸੇ ਵਿੱਚ ਇੱਕ ਪਰਿਵਾਰ ਰਹਿੰਦਾ ਹੈ। ਉਨ੍ਹਾਂ ਸਾਡੇ ਨਾਲ਼ ਕੋਈ ਜ਼ਿਆਦਾ ਗੱਲਬਾਤ ਤਾਂ ਨਹੀਂ ਕੀਤੀ। ਬੱਸ ਏਨਾ ਹੀ ਦੱਸਿਆ ਕਿ ਹਿੰਦ-ਪਾਕਿ ਜੰਗਾਂ ਸਮੇਂ ਕੁਝ ਸ਼ਰਾਰਤੀ ਲੋਕ ਇਸ ਮੰਦਰ ਨੂੰ ਨੁਕਸਾਨ ਪਹੁੰਚਾਉਂਦੇ ਰਹੇ ਹਨ। ਵਾਰਿਸ ਦੀ ਕਰਮਭੂਮੀ ਨੂੰ ਸਾਡਾ ਲੱਖ-ਲੱਖ ਪ੍ਰਣਾਮ! ਲਾਹੌਰ ਏਥੋਂ ਕੋਈ 50 ਕਿਲੋਮੀਟਰ ਸੀ। ਅਸੀਂ ਸਾਰੇ ਮਿਲਣ ਆਏ ਲੋਕਾਂ ਕੋਲੋਂ ਅਲਵਿਦਾ ਲਈ। ਚਿੱਟ ਕੱਪੜੀਆ ਪੁਲਿਸ ਅਫ਼ਸਰ ਜਿਸਦਾ ਨਾਮ ਉਹਨੇ ਰਾਣਾ ਮੁਨੱਵਰ ਦੱਸਿਆ, ਵੀ ਕਾਫ਼ੀ ਖ਼ੁਸ ਸੀ ਕਿ ਸਾਨੂੰ ਵਾਰਿਸ ਸ਼ਾਹ ਬਾਰੇ ਜਾਣਕਾਰੀ ਸੀ।

ਭੀੜ ਭਰੇ ਬਾਜ਼ਾਰ 'ਚੋਂ ਲੰਘਦਿਆਂ ਸਾਡੇ ਡਰਾਈਵਰ ਅਜਾਜ ਨੇ ਕਾਰ ਲਾਹੌਰ ਵਾਲੇ ਰਾਹ ਪਾ ਲਈ। ਰਸਤੇ ਵਿੱਚ ਅਸੀਂ ਸਾਹੀਵਾਲ, ਉਕਾੜਾ, ਪੱਤੋਕੀ ਤੇ ਭਾਈ ਫੇਰੂ ਕਸਬਿਆਂ ਦੇ ਦਰਸ਼ਨ ਵੀ ਕੀਤੇ। ਪੱਤੋਕੀ, ਫੁੱਲਾਂ ਬੂਟਿਆਂ ਦੀ ਨਰਸਰੀ ਕਰਕੇ ਮਸ਼ਹੂਰ ਹੈ। ਅਸੀਂ ਦੇਖਿਆ ਜੀ.ਟੀ. ਰੋਡ ਦੇ ਦੋਨੋਂ ਪਾਸੇ ਮੀਲਾਂ ਤੀਕਰ ਭਾਂਤ-ਭਾਂਤ ਦੇ ਫੁੱਲ ਬੂਟਿਆਂ ਦੀ ਨਰਸਰੀ ਦਸੰਬਰ ਦੇ ਪਹਿਲੇ ਹਫ਼ਤੇ ਤਕ ਵੀ ਮੌਜੂਦ ਸੀ। ਭਾਈ ਫੇਰੂ ਦਾ ਨਾਮ ਹੁਣ ਫੂਲ ਨਗਰ ਰੱਖ ਦਿੱਤਾ ਗਿਆ ਹੈ। ਜਿਵੇਂ ਚੜ੍ਹਦੇ ਬੰਨੇ ਕਈ ਸ਼ਹਿਰਾਂ ਦੇ ਨਾਮ ਬਦਲੇ ਗਏ ਹਨ, ਪਰ ਲੋਕਾਂ ਦੀ ਜ਼ੁਬਾਨ 'ਤੇ ਅਜੇ ਵੀ ਪੁਰਾਣੇ ਨਾਮ ਹੀ ਹਨ। ਉਕਾੜਾ 'ਚੋਂ ਲੰਘਦਿਆਂ ਸਾਨੂੰ ਖ਼ਬਰਹਾਰ ਵਾਲਾ ਆਫ਼ਤਾਬ ਇਕਬਾਲ ਵੀ ਯਾਦ ਆਇਆ, ਕਿਉਂਕਿ ਉਹ ਏਥੋਂ ਦਾ ਹੀ ਜੰਮਪਲ ਹੈ। ਫਿਰ ਅਸੀਂ ਸੋਚਿਆ ਕਿ ਕਿਉਂ ਨਾ ਅੱਜ ਹੋਟਲ 'ਚ ਜਾਣ ਤੋਂ ਪਹਿਲਾਂ ਚਾਹ ਜਾਂ ਕੌਫ਼ੀ ਉਸਦੇ ਰੈਸਟੋਰੈਂਟ ਓ.ਐਮ.ਸੀ. (ਓਪਨ ਮਾਈ ਕੈਫੇ) ਵਿੱਚ ਪੀਤੀ ਜਾਵੇ। ਸ਼ਾਹਜੇਬ ਨੇ ਗੂਗਲ ਤੋਂ ਉਸਦਾ ਐਡਰੈੱਸ ਲੱਭਿਆ ਤੇ ਅਸੀਂ ਸ਼ਹਿਰ ਦੀਆਂ ਪੌਸ਼ ਕਲੋਨੀਆਂ ਵਿੱਚੋਂ ਹੁੰਦੇ ਹੋਏ ਉਥੇ ਪਹੁੰਚੇ ਤੇ ਚਾਰ ਕੌਫ਼ੀ ਦੇ ਆਰਡਰ ਕੀਤੇ। ਸਾਡਾ ਡਰਾਈਵਰ ਡੌਰ-ਭੌਰ ਹੋਇਆ ਦੇਖੇ ਕਿ ਇੱਕ ਕੱਪ ਦੀ ਕੀਮਤ ਚਾਰ ਸੌ ਰੁਪਏ ਸੀ। ਐਤਵਾਰ ਦੀ ਸ਼ਾਮ ਕਾਰਨ ਰੈਸਟੋਰੈਂਟ ਲਗਪਗ ਖ਼ਾਲੀ ਹੀ ਸੀ। ਪੰਦਰਾਂ-ਵੀਹ ਮਿੰਟਾਂ ਵਿੱਚ ਅਸੀਂ ਆਪਣੇ ਟਿਕਾਣੇ 'ਤੇ ਪਹੁੰਚ ਗਏ।

# ਟੁੱਟੇ ਸ਼ੀਸ਼ੇ ਦਾ ਸੁਨੇਹਾ

ਹੂਕ

ਸੁਖਜੀਤ ਸਿੰਘ ਵਿਰਕ
ਫੋਨ+91-9815897878





ਸਫਾਈ ਕਰਨ ਲੱਗਿਆਂ ਪਤਨੀ ਦੇ ਹੱਥੋਂ ਛੁੱਟ ਕੇ ਫਰਸ਼ 'ਤੇ ਡਿੱਗ ਟੁਕੜੇ ਟੁਕੜੇ ਹੋਇਆ ਸ਼ੀਸ਼ਾ ਸਾਹਮਣੇ ਸੋਫੇ 'ਤੇ ਬੈਠਾ ਅੱਖੀਂ ਵੇਖ ਰਿਹਾ ਸਾਂ। ਸਾਡੀਆਂ ਨਜ਼ਰਾਂ ਆਪਸ ਵਿੱਚ ਮਿਲੀਆਂ, ਪਰ ਕੁਝ ਵੀ ਬੋਲ ਨਾ ਸਕੇ, ਜਿਵੇਂ ਸਾਡੀ ਦੋਵਾਂ ਦੀ ਜੀਭ ਨੂੰ ਤਾਲਾ ਲੱਗ ਗਿਆ ਹੋਵੇ। ਮੇਰੀ ਇਸ ਸ਼ੀਸ਼ੇ ਨਾਲ ਗੂੜ੍ਹੀ ਸਾਂਝ ਨੂੰ ਉਹ ਬਹੁਤ ਚੰਗੀ ਤਰ੍ਹਾਂ ਜਾਣਦੀ ਅਤੇ ਸਮਝਦੀ ਸੀ, ਉਹ ਵੀ ਪਿਛਲੇ 33 ਵਰ੍ਹਿਆਂ ਤੋਂ ਆਪਣਾ ਚਿਹਰਾ ਇਸ ਸ਼ੀਸ਼ੇ ਵਿੱਚੋਂ ਹੀ ਨਿਹਾਰ ਨਿਹਾਰ ਕੇ ਵੇਖਦੀ ਆ ਰਹੀ ਸੀ। ਯੂਨੀਵਰਸਿਟੀ ਦੀ ਬੱਸ ਚੜ੍ਹ ਕੇ ਅਠੱਤੀ ਵਰ੍ਹੇ ਪਹਿਲਾਂ ਜਦੋਂ ਧਰਮਪੁਰੇ ਬਾਜ਼ਾਰ ਪਟਿਆਲਾ ਤੋਂ ਪੰਜ ਰੁਪਏ ਵਿੱਚ ਖਰੀਦ ਕੇ ਲਿਆਂਦਾ ਇਹ ਸ਼ੀਸ਼ਾ ਹੋਸਟਲ ਦੀ ਕੰਧ 'ਤੇ ਕਿੱਲ ਗੱਡ ਕੇ ਲਾਇਆ ਤਾਂ ਚਿਹਰੇ 'ਤੇ ਜਵਾਨੀ ਦੀਆਂ ਵੱਜਦੀਆਂ ਛੱਲਾਂ ਇਸੇ ਵਿੱਚੋਂ ਤੱਕੀਆਂ ਸਨ ਅਤੇ ਬਹੁਤ ਸਾਰੇ ਸਹਿਪਾਠੀ ਦੋਸਤਾਂ ਨੇ ਵੀ ਇਸ ਅੱਗੇ ਖੜ੍ਹ ਮੁੜ ਮੁੜ ਵਾਲਾਂ ਵਿੱਚ ਉਂਗਲਾਂ ਫੇਰੀਆਂ, ਕੰਘੀਆਂ ਵਾਹੀਆਂ ਅਤੇ ਗੇੜੀਆਂ ਲਾਉਣ ਲਈ ਪੱਗਾਂ ਦੇ ਪੇਚ ਚਿਣ ਚਿਣ ਕੇ ਤਿਆਰ ਹੋਏ।

ਇਸ ਮਗਰੋਂ ਪੁਲਿਸ ਵਿੱਚ ਭਰਤੀ ਹੋਣ 'ਤੇ ਪਹਿਲੀ ਵਾਰ ਵਰਦੀ ਪਾ ਕੇ ਖਾਕੀ ਪੱਗ ਇਸ ਸ਼ੀਸ਼ੇ ਵਿੱਚ ਤੱਕਦਿਆਂ ਬੰਨ੍ਹੀ ਸੀ, ਫਿਰ ਜਿੱਥੇ ਵੀ ਕਿਤੇ ਮੇਰੀ ਬਦਲੀ ਤਾਇਨਾਤੀ ਹੁੰਦੀ, ਇਹ ਸ਼ੀਸ਼ਾ ਮੇਰੇ ਕੱਪੜਿਆਂ ਦੀ ਪਹਿਰੇਦਾਰੀ ਵਿੱਚ ਅਟੈਚੀ ਦੇ ਵਿਚਕਾਰ ਸੁਰੱਖਿਅਤ ਲੇਟ ਕੇ ਮੇਰੇ ਅਗਲੇ ਰੈਣ ਬਸੇਰੇ ਦੀ ਢੁਕਵੀਂ ਥਾਂ 'ਤੇ ਜਾ ਟਿਕਦਾ। ਪੁਲਿਸ ਮਹਿਕਮੇ ਦੇ ਬਹੁਤ ਸਾਰੇ ਉਤਰਾਅ-ਚੜ੍ਹਾਅ, ਖੁਸ਼ੀਆਂ-ਗਮੀਆਂ, ਹਾਸੇ-ਠੱਠੇ, ਅਕੇਵੇਂ-ਥਕੇਵੇਂ, ਗੰਭੀਰ ਸੰਜੀਦਾ ਹਾਲਾਤ ਅਤੇ ਮਜਬੂਰੀਆਂ- ਸਭ ਕੁਝ ਮੈਂ ਇਸ ਸ਼ੀਸ਼ੇ ਵਿੱਚੋਂ ਅਤੇ ਸ਼ੀਸ਼ੇ ਨੇ ਮੇਰੇ ਵਿੱਚੋਂ ਤੱਕਿਆ। ਇਹ ਸ਼ੀਸ਼ਾ ਮੇਰੀ ਛਾਤੀ 'ਤੇ ਸਨਮਾਨ ਦੇ ਲੱਗੇ ਤਮਗਿਆਂ ਅਤੇ ਮੋਢਿਆਂ 'ਤੇ ਵਧਦੇ ਹੋਏ ਅਹੁਦਿਆਂ ਦੇ ਸਟਾਰਾਂ ਦੀਆਂ ਜ਼ਿੰਮੇਵਾਰੀਆਂ ਦੇ ਨਾਲ ਨਾਲ ਕੌੜੇ ਕੁਸੈਲੇ ਤਜਰਬਿਆਂ ਦੀਆਂ ਯਾਦਾਂ ਦਾ ਇਤਿਹਾਸ ਵੀ ਸਮੋਈ ਬੈਠਾ ਸੀ। ਤੰਗੀਆਂ ਤੁਰਸ਼ੀਆਂ, ਸਾਦਾ ਜੀਵਨ, ਜ਼ਿੰਦਗੀ ਦੇ ਬਦਲਦੇ ਰੰਗ, ਪੈਦਲ ਤੋਂ ਹਵਾਈ ਜਹਾਜ਼ ਤੱਕ ਦਾ ਸਫਰ, ਘੁੱਟ ਘੁੱਟ ਜੱਫੀਆਂ ਪਾਉਣ ਵਾਲੇ ਗੂੜ੍ਹੇ ਪਿਆਰ ਦੇ ਨਿੱਘ ਵੰਡਦੇ ਰਿਸ਼ਤਿਆਂ ਦਾ ਗਵਾਹ ਵੀ ਬਣਿਆ।

ਅੱਜ ਜਦੋਂ ਇਹ ਸ਼ੀਸ਼ਾ ਟੁਕੜਿਆਂ ਵਿੱਚ ਖਿੰਡਿਆ ਦੇਖਿਆ ਤਾਂ ਇੰਜ ਜਾਪਿਆ ਜਿਵੇਂ ਸਭ ਯਾਦਾਂ ਟੁਕੜੇ-ਟੁਕੜੇ ਹੋ ਗਈਆਂ ਸਨ, ਜੋ ਭਾਵਨਾਤਮਕ ਰਿਸ਼ਤੇ ਮੈਂ ਇਸ ਸ਼ੀਸ਼ੇ ਨਾਲ ਜੁੜੀਆਂ ਯਾਦਾਂ ਆਸਰੇ ਬੁੱਕਲ ਵਿੱਚ ਬੰਨ੍ਹ ਕੇ ਨਾਲ ਲਈ ਫਿਰਦਾ ਸਾਂ, ਉਹ ਅੱਜ ਸਾਹਮਣੇ ਖਿੰਡੇ ਪਏ ਸਨ, ਜਿਵੇਂ ਇਹ ਸ਼ੀਸ਼ਾ ਨਹੀਂ, ਪਿਛਲੇ ਚਾਰ ਦਹਾਕਿਆਂ ਦੀਆਂ ਭਾਵਨਾਵਾਂ ਅਤੇ ਰਿਸ਼ਤਿਆਂ ਨਾਲ ਭਰਿਆ ਇੱਕ ਸੰਸਾਰ ਸੀ ਜੋ ਭਾਵੇਂ ਕੰਧ 'ਤੇ ਲਟਕਿਆ ਹੁੰਦਾ ਸੀ, ਪਰ ਇਸਦੀ ਅਸਲ ਥਾਂ ਮੇਰੇ ਦਿਲ ਵਿੱਚ ਕਿਧਰੇ ਡੂੰਘੀ ਥਾਵੇਂ ਸੀ। ਗੱਲ ਕੀ! ਜੀਵਨ ਦੇ ਚਾਰ ਦਹਾਕਿਆਂ ਦੇ ਹਰ ਰੰਗ ਦਾ ਹਰ ਪਲ ਦਾ ਗਵਾਹ ਸੀ ਇਹ ਸ਼ੀਸ਼ਾ।

ਮਹਿਕਮੇ ਵਿੱਚੋਂ ਸੇਵਾ ਮੁਕਤੀ ਵਾਲੇ ਦਿਨ ਵਿਦਾਈ ਲੈ ਕੇ ਘਰ ਪੁੱਜਿਆ ਤਾਂ ਮੈਂ ਬੜਾ ਚਿਰ ਖੜੋਤਾ ਇਸ ਵਿੱਚੋਂ ਖ਼ੁਦ ਨੂੰ ਤੱਕਦਾ ਹੋਇਆ ਆਪਣੀ ਬਦਲੀ ਹੋਈ ਸ਼ਖਸੀਅਤ ਵੇਖ ਰਿਹਾ ਸਾਂ, ਅੱਜ ਇਹ ਸ਼ੀਸ਼ਾ ਟੁੱਟ ਗਿਆ। ਮੈਂ ਖਾਮੋਸ਼ ਸਾਂ ਤੇ ਸ਼ੀਸ਼ੇ ਦੇ ਟੁਕੜਿਆਂ ਵੱਲ ਤੱਕ ਰਿਹਾ ਸਾਂ। ਮੇਰੇ ਚਿਹਰੇ 'ਤੇ ਉੱਕਰਿਆ ਦਰਦ ਘਰਵਾਲੀ ਨੇ ਸਾਫ ਪੜ੍ਹ ਲਿਆ ਸੀ, ਉਹ ਦੋਸ਼ੀਆਂ ਵਾਂਗ ਮੇਰੇ ਵੱਲ ਵੇਖ ਰਹੀ ਸੀ। ਮੈਂ ਸਹਿਜ ਨਾਲ ਸੋਫੇ ਤੋਂ ਉਠਿਆ ਤੇ ਘਰਵਾਲੀ ਦਾ ਹੱਥ ਫੜ ਕੇ ਬੋਲਿਆ, "ਭਲੀਏ ਮਾਯੂਸ ਨਾ ਹੋ... ਇਹ ਤਾਂ ਟੁੱਟ ਕੇ ਇੱਕ ਵੱਡੇ ਸੱਚ, 'ਜੋ ਘੜਿਆ ਤਿਸ ਭੱਜਨਾ' ਦਾ ਸੁਨੇਹਾ ਦੇ ਗਿਐ। ਕਿਸੇ ਵੀ ਚੀਜ਼ ਨੂੰ ਜਿੰਨਾ ਮਰਜੀ ਸਾਂਭ ਲਵੋ ਇੱਕ ਨਾ ਇੱਕ ਦਿਨ ਉਸ ਦਾ ਅੰਤ ਤੈਅ ਹੈ।

# ਪੰਜਾਬੀ ਕਵਿਤਾ ਦਾ ਸੱਜਰਾ ਪੂਰ ਪਰਾਗਾ ਪੰਜਾਬੀ ਭਵਨ 'ਚ ਧੁੱਪ ਸੇਕਦਿਆਂ

## ਕਾਫਲਾ

ਗੁਰਭਜਨ ਗਿੱਲ (ਪ੍ਰੋ.)



**ਕੁਝ ਧਰਤੀਆਂ ਅਜਿਹੀਆਂ ਭਾਗਾਂ ਵਾਲੀਆਂ ਹੁੰਦੀਆਂ ਨੇ, ਜਿੱਥੇ ਸ਼ਬਦਾਂ ਦਾ ਮੇਲਾ ਅਕਸਰ ਜੁੜਦਾ ਹੈ। ਜਿੱਥੇ ਭਾਈ ਸਾਹਿਬ ਭਾਈ ਜੋਧ ਸਿੰਘ, ਡਾ. ਮਹਿੰਦਰ ਸਿੰਘ ਰੰਧਾਵਾ, ਡਾ. ਗਿਆਨੀ ਲਾਲ ਸਿੰਘ, ਡਾ. ਸਰਦਾਰਾ ਸਿੰਘ ਜੌਹਲ, ਕੁਲਵੰਤ ਸਿੰਘ ਵਿਰਕ, ਪ੍ਰੋ. ਪ੍ਰੀਤਮ ਸਿੰਘ, ਡਾ. ਪਰਮਿੰਦਰ ਸਿੰਘ, ਸ.ਸ. ਨਰੂਲਾ, ਸੁਰਜੀਤ ਪਾਤਰ ਤੇ ਹੋਰ ਅਨੇਕਾਂ ਲੇਖਕਾਂ ਤੋਂ ਇਲਾਵਾ ਲਗਪਗ ਹਰ ਨਾਟ ਕਰਮੀ, ਗਾਇਕ ਤੇ ਵੰਨ-ਸੁਵੰਨੇ ਕਲਾਕਾਰਾਂ ਦੀਆਂ ਪੈੜਾਂ ਦੇ ਨਿਸ਼ਾਨ ਹੋਣ।**

**ਇਹ ਧਰਤੀ ਪੰਜਾਬ ਵਿੱਚ ਸਿਰਫ਼ ਪੰਜਾਬੀ ਭਵਨ ਲੁਧਿਆਣਾ ਹੈ, ਜਿੱਥੇ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦਾ ਮੁੱਖ ਦਫ਼ਤਰ ਹੈ। ਭਾਰਤ ਨਗਰ ਚੌਂਕ ਲਾਗੇ ਲਿਖਾਰੀ ਤੇ ਪੰਜਾਬੀ ਵਿਦਵਾਨਾਂ ਦੀ ਰੱਖ। ਹੁਣ ਤਾਂ ਪਿਛਲੇ ਲਗਪਗ ਤੀਹ ਸਾਲ ਤੋਂ ਪੰਜਾਬੀ ਪੁਸਤਕਾਂ ਦਾ ਵਿਕਰੀ ਸਥਾਨ, ਭਾਸ਼ਾ ਵਿਭਾਗ ਤੇ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਜ਼ਿਲ੍ਹਾ ਦਫ਼ਤਰ ਵੀ ਹੈ।**

**ਇਸ ਦੇ ਲਾਅਨ ਵਿੱਚ ਬਹਿਣਾ ਆਨੰਦ ਦੀ ਪਰਮ ਅਵਸਥਾ ਹੈ। ਪਿਛਲੇ ਦਿਨੀਂ ਇਹ ਤਸਵੀਰ ਪਤਾ ਨਹੀਂ ਕਿਸ ਨੇ ਘੱਲੀ, ਜੋ ਪਿਛਲੇ ਦਹਾਕੇ ਦੀ ਯਾਦ ਦਿਵਾਉਂਦੀ ਹੈ। ਸੁਖਵਿੰਦਰ ਅੰਮ੍ਰਿਤ, ਤ੍ਰੈਲੋਚਨ ਲੋਚੀ, ਮਨਜਿੰਦਰ ਧਨੋਆ, ਕਵਿੰਦਰ ਚਾਂਦ ਤੇ ਸੁਰਜੀਤ ਜੱਜ ਸਿਆਲੀ ਧੁੱਪ ਸੇਕ ਰਹੇ ਹਨ।**

**ਸਾਰੇ ਹੀ ਸ਼ਾਇਰ ਨੇ ਸੁਗੰਧ ਸਮੀਰ ਵਰਗੇ। ਵਿੱਚ ਵਿਚਾਲੇ ਕੋਈ ਵੀ ਗੈਰ-ਕਵੀ ਨਹੀਂ। ਗ਼ਜ਼ਲ ਵਿੱਚ ਪਰਪੱਕ ਚਿਹਰੇ। ਤਸਵੀਰ ਵੇਖ ਕੇ ਦਿਲ ਕੀਤਾ ਕਿ ਇਨ੍ਹਾਂ ਦੇ ਕਲਾਮ ਨਾਲ ਤੁਹਾਨੂੰ ਜੋੜਾਂ।**

**ਸੁਖਵਿੰਦਰ ਅੰਮ੍ਰਿਤ ਤੋਂ ਸ਼ੁਰੂ ਕਰਦੇ ਹਾਂ। ਪਹਿਲਾਂ ਉਸ ਦੀ ਗ਼ਜ਼ਲ ਪੜ੍ਹੋ:**

**ਗ਼ਜ਼ਲ**

ਤਪਿਸ਼ ਆਖਣ ਜਾਂ ਲੋਅ ਆਖਣ ਉਨ੍ਹਾਂ ਇਤਰਾਜ਼ ਕਿਉਂ ਹੋਵੇ।
ਕਿ ਅਗਨੀ ਜੁਗਨੂੰਆਂ ਦੇ ਬਿਆਨ ਦੀ ਮੁਹਤਾਜ ਕਿਉਂ ਹੋਵੇ।

ਭੰਵਰਿਆਂ ਦੀ ਹਰ ਇੱਕ ਬੈਠਕ ਇਹੋ ਮੁੱਦਾ ਉਠਾਉਂਦੀ ਹੈ,
ਉਨ੍ਹਾਂ ਦੇ ਹੁੰਦਿਆਂ ਤਿਤਲੀ ਦੇ ਸਿਰ 'ਤੇ ਤਾਜ ਕਿਉਂ ਹੋਵੇ।

ਪਰਿੰਦੇ ਬੇਸੁਰੇ ਸਦੀਆਂ ਤੋਂ ਇਹ ਇਤਰਾਜ਼ ਕਰਦੇ ਨੇ,
ਕਿ ਬਾਗ਼ਾਂ ਵਿੱਚ ਕੋਇਲ ਦੀ ਕੋਈ ਆਵਾਜ਼ ਕਿਉਂ ਹੋਵੇ।

ਤੂੰ ਇਨ੍ਹਾਂ ਸ਼ਿਕਰਿਆਂ ਦੇ ਵਾਸਤੇ ਬਣ ਕੇ ਚੁਣੌਤੀ ਰਹਿ,
ਝੁਕੇ ਕਿਉਂ ਸਿਰ ਤੇਰਾ ਨੀਵੀਂ ਤੇਰੀ ਪਰਵਾਜ਼ ਕਿਉਂ ਹੋਵੇ।

ਅਦਾ ਤੇਰੀ ਵੀ ਹੋ ਸਕਦੀ ਹੈ ਉਸ ਨੂੰ ਚੀਰ ਕੇ ਲੰਘੇਂ,
ਕਿ ਤੈਨੂੰ ਮਸਲ ਕੇ ਜਾਣਾ ਉਦ੍ਹਾ ਅੰਦਾਜ਼ ਕਿਉਂ ਹੋਵੇ।

ਤੇਰਾ ਹਰ ਨ੍ਰਿਤ ਹਰ ਨਗ਼ਮਾ ਜਦੋਂ ਪਰਵਾਨ ਹੈ ਏਥੇ,
ਤੇਰਾ ਹਰ ਰੋਸ ਹਰ ਸੁਪਨਾ ਨਜ਼ਰ ਅੰਦਾਜ਼ ਕਿਉਂ ਹੋਵੇ।

ਸਿਤਮਗਰ 'ਤੇ ਤਰਸ ਕਾਹਦਾ ਤੂੰ ਰੱਖ ਦੇ ਵਿੰਨ੍ਹ ਕੇ ਉਸ ਨੂੰ,
ਸਦਾ ਤੂੰ ਹੀ ਨਿਸ਼ਾਨਾ, ਉਹ ਨਿਸ਼ਾਨੇਬਾਜ਼ ਕਿਉਂ ਹੋਵੇ।

ਇਹ ਮਰ ਮਰ ਕੇ ਜਿਉਣਾ ਛੱਡ, ਬਗ਼ਾਵਤ ਕਰ ਟੱਕਰ ਲੈ,
ਤੇਰੇ ਹਿੱਸੇ ਦੀ ਦੁਨੀਆਂ 'ਤੇ ਕਿਸੇ ਦਾ ਰਾਜ ਕਿਉਂ ਹੋਵੇ।

**ਸੁਰਜੀਤ ਜੱਜ ਦੀ ਗ਼ਜ਼ਲ ਨਾਲ ਵੀ ਸਾਂਝ ਪਾਓ:**

**ਗ਼ਜ਼ਲ**

ਫੁੱਲਾਂ ਦੀ ਥਾਂ ਪੱਥਰ ਪੂਜੋ, ਕੁਦਰਤ ਨੇ ਕੁਰਲਾਉਣਾ ਹੀ ਸੀ
ਏਨੇ ਹੰਝੂ ਵਹਿ ਚੁੱਕੇ ਸਨ, ਪਰਲੋ ਨੇ ਤਾਂ ਆਉਣਾ ਹੀ ਸੀ।

ਆਪਣੀ ਮਾਇਆ ਦੀ ਵਲਗਣ 'ਚ ਕੈਦ ਜਿਨ੍ਹਾਂ ਨੂੰ ਕਰ ਬੈਠੇ ਸੋ
ਇੱਕ ਨਾ ਇੱਕ ਦਿਨ ਉਨ੍ਹਾਂ ਨਦੀਆਂ, ਖ਼ੁਦ ਨੂੰ ਮੁਕਤ ਕਰਾਉਣਾ ਹੀ ਸੀ।

ਚੱਪਾ-ਚੱਪਾ ਹਿੱਕ ਧਰਤੀ ਦੀ ਸਾਡੀ ਹਵਸ ਨੇ ਲੂਹ ਦਿੱਤੀ ਸੀ
ਉਹਦਾ ਤਪਦਾ ਤਨ ਠਾਰਨ ਨੂੰ ਸਾਗਰ ਨੇ ਤਾਂ ਆਉਣਾ ਹੀ ਸੀ।

ਏਨਾ ਬੋਝ ਕਿ ਜਿਸ ਤੋਂ ਤ੍ਰਹਿ ਕੇ ਬੋਲ ਖੁਦਕਸ਼ੀ ਕਰ ਚੁੱਕਾ ਸੀ
ਥੱਕ ਹਾਰ ਕੇ ਮਾਂ ਮਿੱਟੀ ਨੇ ਪਾਸਾ ਤਾਂ ਪਰਤਾਉਣਾ ਹੀ ਸੀ।

ਜੀਹਦੇ ਚੀਰ ਹਰਨ ਦੀ ਲੀਲ੍ਹਾ, ਆਪਾਂ ਹੁੱਬ ਹੁੱਬ ਵੇਖ ਰਹੇ ਸਾਂ
ਕੁਦਰਤ ਪੰਚਾਲੀ ਨੇ ਆਪਣਾ, ਨੰਗਾ ਸੱਚ ਵਿਖਾਉਣਾ ਹੀ ਸੀ।

ਸਿੱਪੀਆਂ ਵਿੱਚ ਸਮੁੰਦਰ ਭਰ ਕੇ ਜੋ ਜੇਬਾਂ ਵਿੱਚ ਪਾਈ ਫਿਰਦੇ
ਸੋਕੇ-ਡੋਬੇ ਨਾਲ ਉਨ੍ਹਾਂ ਨੇ, ਮੱਛੀਆਂ ਨੂੰ ਤੜਫਾਉਣਾ ਹੀ ਸੀ।

ਤੂੰ ਸ਼ੀਸ਼ੇ ਦੇ ਮੂਹਰੇ ਲੈ ਕੇ, ਪੱਥਰਾਂ ਨਾਲ ਬਾਜੀਆਂ ਖੇਡੇਂ
ਆਖਰ ਕਦੇ ਤਾਂ ਉਹਨਾਂ ਨੇ ਵੀ ਆਪਣਾ ਹੁਨਰ ਵਿਖਾਉਣਾ ਹੀ ਸੀ।

ਜਦ ਤਕ ਹਰ ਪਰਲੋ ਤੋਂ ਵੱਡੀ ਜੀਣ ਕਦੀ 'ਸੁਰਜੀਤ' ਨਾ ਹੁੰਦੀ
ਤੇਰੇ ਖ਼ਤ ਦਾ ਅੱਖਰ-ਅੱਖਰ, ਮੈਂ ਮੁੜ-ਮੁੜ ਦੁਹਰਾਉਣਾ ਹੀ ਸੀ।

**ਇਹ ਕਵਿਤਾ ਸੁਰਜੀਤ ਜੱਜ ਨੇ ਕਿਸਾਨ ਮੋਰਚੇ ਵੇਲੇ ਲਿਖੀ ਸੀ, ਉਹ ਵੀ ਪੜ੍ਹੋ:**

**ਵੇਖੀਂ ਦਿੱਲੀਏ...**

ਸਾੜ ਪਾਉਂਦੀਆਂ ਰਾਹਾਂ ਨੂੰ ਠੰਡ ਪਾਉਣ ਦੇ ਲਈ
ਮੱਥਾ ਚਾਂਭਲ਼ੇ ਹਨੇਰੇ ਨਾਲ ਲਾਉਣ ਦੇ ਲਈ
ਹੱਕ-ਸੱਚ ਦੇ ਚਿਰਾਗ਼ ਰੁਸ਼ਨਾਉਣ ਦੇ ਲਈ



ਤੇਰੀ ਜ਼ੁਲਮੀ ਦੁਪਹਿਰ ਵਾਲੀ ਸ਼ਾਮ ਕਰਾਂਗੇ
ਵੇਖੀਂ ਦਿੱਲੀਏ ਨੀ ਚੱਕਾ ਤੇਰਾ ਜਾਮ ਕਰਾਂਗੇ।

ਸਾਡੀ ਮਿੱਟੀ-ਮਾਂ ਦੀ ਹਿੱਕ 'ਤੇ ਖਲੋਣ ਨੂੰ ਫਿਰੇਂ
ਲੁੱਟ-ਪੁੱਟ ਘਰ-ਬਾਰ ਜੇਬਾਂ ਟੋਹਣ ਨੂੰ ਫਿਰੇਂ।
ਰਾਖੀ ਰੁੱਖ ਦੀ ਬਹਾਨੇ ਕਾਲ਼ੀ ਨੀਤ ਵਾਲ਼ੀਏ।
ਨੀ ਤੂੰ ਆਲ੍ਹਣੇ ਪਰਿੰਦਿਆਂ ਦੇ ਖੋਹਣ ਨੂੰ ਫਿਰੇਂ
ਸਾਡੇ ਬੱਚਿਆਂ ਦੇ ਹੱਥਾਂ 'ਚੋਂ ਜੇ ਟੁੱਕ ਖੁੱਸਿਆ,
ਰਾਤਾਂ ਤੇਰੀਆਂ ਦੀ ਨੀਂਦ ਵੀ ਹਰਾਮ ਕਰਾਂਗੇ
ਵੇਖੀਂ ਦਿੱਲੀਏ ਨੀ ਚੱਕਾ ਤੇਰਾ ਜਾਮ ਕਰਾਂਗੇ।

ਤੇਰੇ ਮੋਦੀਆਂ-ਸ਼ਾਹਾਂ ਦੀ ਚੁੱਕੀ ਅੱਤ ਡੱਕਣੀ
ਅਸੀਂ ਫਸਲਾਂ ਦੀ ਲੁੱਟੀ ਜਾਂਦੀ ਪੱਤ ਡੱਕਣੀ
ਜਿਹੜੇ ਪਿੰਡਾਂ ਦੀਆਂ ਨੀਂਹਾਂ ਤੂੰ ਹਿਲਾਉਣ ਨੂੰ ਫਿਰੇਂ
ਸਾਡੇ ਸਿਰਾਂ ਨੇ ਉਨ੍ਹਾਂ ਦੀ ਢਹਿੰਦੀ ਛੱਤ ਡੱਕਣੀ
ਮਾਇਆਧਾਰੀਆਂ ਅੰਬਾਨੀਆਂ-ਅਡਾਨੀਆਂ ਸਣੇ
ਤੇਰੇ ਤਾਜਰਾਂ ਦਾ ਕਿੱਸਾ ਵੀ ਤਮਾਮ ਕਰਾਂਗੇ
ਵੇਖੀਂ ਦਿੱਲੀਏ ਨੀ ਚੱਕਾ ਤੇਰਾ ਜਾਮ ਕਰਾਂਗੇ।

ਤੇਰੇ ਦਰਾਂ 'ਤੇ ਖੇਤਾਂ ਦੇ ਫ਼ਰਜ਼ੰਦ ਆ ਗਏ
ਰਾਤੇ ਕਾਲ਼ੀਏ ਨੀ ਚੌਦਵੀਂ ਦੇ ਚੰਦ ਆ ਗਏ
ਤੇਰੀ ਹੈਂਕੜ ਦੇ ਅੰਬਰਾਂ ਨੂੰ ਗਾਹੁਣ ਵਾਸਤੇ
ਲੈ ਕੇ ਬਾਜ਼ਾਂ ਜਿਹੇ ਹੌਸਲੇ ਬੁਲੰਦ ਆ ਗਏ
ਬਿਨਾਂ ਤੋਪ ਤੇਰੇ ਕਿਲੇ-ਕੋਟ, ਮਹਿਲ ਹਿੱਲਣੇ
ਅਸੀਂ ਨੰਗੇ ਧੜ ਐਸਾ ਸੰਗਰਾਮ ਕਰਾਂਗੇ
ਵੇਖੀਂ ਦਿੱਲੀਏ ਨੀ ਚੱਕਾ ਤੇਰਾ ਜਾਮ ਕਰਾਂਗੇ।

ਹੱਡ ਸੇਕਣੇ ਨੇ ਤੇਰੇ ਹੱਕੀ ਅੱਗ ਬਾਲ਼ ਨੀ
ਉੱਠ ਦੇਸ਼ ਸਾਰਾ ਤੁਰਿਆ ਪੰਜਾਬ ਨਾਲ਼ ਨੀ
ਸ਼ਾਹੀ ਧੌਂਸ ਵਾਲੀਏ ਨੀ ਨਾਜ਼-ਨਖ਼ਰੇ ਵਿਖਾ ਕੇ
ਹੁਣ ਲਾਰਿਆਂ ਦੇ ਨਾਲ਼ ਨਾ ਸਕੇਂਗੀ ਟਾਲ਼ ਨੀ
ਅਸੀਂ ਪੈਲੀਆਂ ਦੇ ਪੁੱਤ ਜਿੰਨਾ ਚਿਰ ਚਾਹੇਂਗੀ
ਤੇਰੀ ਸੜਕਾਂ ਦੇ ਰੋੜਾਂ 'ਤੇ ਆਰਾਮ ਕਰਾਂਗੇ
ਵੇਖੀਂ ਦਿੱਲੀਏ ਨੀ ਚੱਕਾ ਤੇਰਾ ਜਾਮ ਕਰਾਂਗੇ।

ਤੇਰੇ ਹਾਕਮਾਂ ਦੀ ਅੱਖ ਸਦਾ ਟੀਰ ਮਾਰਦੀ
ਸਾਡੇ ਸੀਨਿਆਂ 'ਚ ਸਾਡੇ ਹੀ ਹੈ ਤੀਰ ਮਾਰਦੀ
ਅੰਨ-ਦਾਤਿਆਂ ਦੀ ਦਾਤ ਨੂੰ ਸਮਝ ਆ ਗਈ
ਯਾਰੀ ਪੈਸੇ ਦਿਆਂ ਪੁੱਤਾਂ ਦੀ ਅਖੀਰ ਮਾਰਦੀ
ਹੱਕ-ਸੱਚ ਸੁਰਜੀਤ ਜਿਨ੍ਹਾਂ ਰੱਖਿਆ ਉਨ੍ਹਾਂ ਨੂੰ
ਸੁੱਚੇ ਸ਼ਬਦਾਂ ਦੀ ਸੁੱਚ ਦਾ ਸਲਾਮ ਕਰਾਂਗੇ
ਵੇਖੀਂ ਦਿੱਲੀਏ ਨੀ ਚੱਕਾ ਤੇਰਾ ਜਾਮ ਕਰਾਂਗੇ।

**ਕਵਿੰਦਰ ਚਾਂਦ ਗੁਣ ਕੈਨੇਡਾ ਵੱਸਦਾ ਹੈ, 2016 ਮਗਰੋਂ। ਲਗਾਤਾਰ ਖ਼ੂਬਸੂਰਤ ਲਿਖ ਰਿਹੈ। ਉਸ ਦਾ ਅੰਦਾਜ਼ ਵੀ ਤੁਹਾਨੂੰ ਸਰਸ਼ਾਰ ਕਰੇਗਾ:**

*(1)*

ਮੇਰੇ ਖ਼ੁਦ ਨਾਲ ਮੇਰੀ ਗੁਫਤਗੂ 'ਚੋਂ
ਖ਼ਿਆਲਾਂ ਦਾ ਜ਼ਖ਼ੀਰਾ ਨਿਕਲਿਆ ਹੈ
ਜਿਵੇਂ ਕੁਕਨੂਸ ਮੁੜ ਸੁਰਜੀਤ ਹੋਇਆ
ਜਿਵੇਂ ਮਿੱਟੀ 'ਚੋਂ ਹੀਰਾ ਨਿਕਲਿਆ ਹੈ।

ਜਦੋਂ ਸ਼ਬਦਾਂ 'ਚ ਡੂੰਘਾ ਉਤਰਿਆ ਤਾਂ
ਮੇਰੇ ਮੱਥੇ 'ਚ ਸਨ ਰਵੀਦਾਸ, ਨਾਨਕ
ਉਦੋਂ ਫਿਰ ਨੈਣ ਤੀਜਾ ਖੁੱਲ੍ਹਦੇ ਹੀ
ਮੇਰੇ ਮੂੰਹੋਂ ਕਬੀਰਾ ਨਿਕਲਿਆ ਹੈ।

ਕਵਿੰਦਰ ਆਪ ਖ਼ੁਦ ਖ਼ਾਰਾ ਜਿਹਾ ਸੀ
ਬੜਾ ਮਗ਼ਰੂਰ, ਅਵਾਰਾ ਜਿਹਾ ਸੀ
ਜਦੋਂ ਮਨ ਦਾ ਸਮੁੰਦਰ ਟਿਕ ਗਿਆ
ਤਾਂ ਮੁਹੱਬਤ ਦਾ ਜਜ਼ੀਰਾ ਨਿਕਲਿਆ ਹੈ।

ਤੁਸੀਂ ਕਹਿੰਦੇ ਹੋ, ਪੁਰਖ਼ੇ ਤੁਰ ਗਏ ਨੇ
ਨਹੀਂ, ਮੈਂ ਮੁੱਢ ਤੋਂ ਇਨਕਾਰ ਕਰਦਾਂ
ਮੇਰੇ ਹਰ ਅਮਲ ਹਰ ਕਿਰਦਾਰ ਵਿੱਚੋਂ
ਪਿਤਾ ਪੁਰਖੀ ਖ਼ਮੀਰਾ ਨਿਕਲਿਆ ਹੈ।

ਮੇਰੇ ਅੰਦਰੋਂ ਲਹੂ ਮੇਰੇ 'ਚ ਰਲ਼ ਕੇ
ਕਦੇ ਗੀਤਾਂ ਕਦੇ ਗ਼ਜ਼ਲਾਂ 'ਚ ਢਲ਼ਕੇ
ਨਿਕਲਿਆ ਹੈ ਕਦੇ ਮਗ਼ਰੂਰ ਸ਼ਾਇਰ
ਕਦੇ ਫ਼ੱਕਰ ਫ਼ਕੀਰਾ ਨਿਕਲਿਆ ਹੈ।

ਮੇਰੇ ਅੰਦਰ ਸੀ ਉੱਠਦੇ ਵਾ ਵਰੋਲੇ
ਮੈਂ ਖ਼ੁਦ ਫਿਰ ਆਪਣੇ ਪੰਨੇ ਫਰੋਲੇ
ਬੜਾ ਕੁਝ ਨਿਕਲਿਆ ਹੈ ਮਾਣ ਮੱਤਾ
ਬੜਾ ਕੁਝ ਬੇਜ਼ਮੀਰਾ ਨਿਕਲਿਆ ਹੈ।

*(2)*

ਪੂਰੀ ਉਮਰ ਦੇ ਰਿਸ਼ਤੇ ਵਿੱਚਕਾਰ ਟੁੱਟ ਰਹੇ ਨੇ।
ਸਾਰੰਗੀਆਂ ਸਲਾਮਤ ਪਰ ਤਾਰ ਟੁੱਟ ਰਹੇ ਨੇ।

ਬਹੁ ਮੰਜ਼ਲੀ ਇਮਾਰਤ ਜਾਦੂਗਰੀ ਹੈ ਕਰਦੀ ,
ਵਿਉਪਾਰ ਚਮਕਦਾ ਹੈ ਘਰ-ਬਾਰ ਟੁੱਟ ਰਹੇ ਨੇ।

ਢਾਹ ਢਾਹ ਕੇ ਯਾਦਗਾਰਾਂ ਗੁੰਬਦ ਬਣਾ ਰਹੇ ਹੋ,
ਸੰਗਮਰਮਰਾਂ ਦੇ ਓਹਲੇ ਸ਼ਾਹਕਾਰ ਟੁੱਟ ਰਹੇ ਨੇ।

ਸ਼ਹਿਨਾਈਆਂ ਵੀ ਚੁੱਪ ਨੇ ਗ਼ਮਗੀਨ ਨੇ ਰਬਾਬਾਂ ,
ਵੰਝਲੀ ਉਦਾਸ ਤੱਕ ਕੇ ਫ਼ਨਕਾਰ ਟੁੱਟ ਰਹੇ ਨੇ।

ਇਸ ਰੋਸ਼ਨੀ ਦੇ ਉਹਲੇ ਕਿੰਨਾ ਹਨੇਰ ਹੋਇਆ,
ਬਾਜ਼ਾਰ ਪਨਪਿਆ ਹੈ ਇਤਬਾਰ ਟੁੱਟ ਰਹੇ ਨੇ।

ਅੰਨ੍ਹੀ ਹੈ ਦੌੜ ਫਿਰ ਵੀ ਸਾਰੇ ਨੇ ਇਸ 'ਚ ਸ਼ਾਮਿਲ,
ਇੱਕ ਭੀੜ ਜੁੜ ਰਹੀ ਹੈ ਪਰਿਵਾਰ ਟੁੱਟ ਰਹੇ ਨੇ।

ਏਕੇ ਦੇ ਨਾਲ ਜੁੜ ਕੇ ਓਂਕਾਰ ਇੱਕ ਰਹੇਗਾ,
ਇੱਕ ਤੋਂ ਅਨੇਕ ਹੁੰਦੇ ਓਂਕਾਰ ਟੁੱਟ ਰਹੇ ਨੇ।

**ਮਨਜਿੰਦਰ ਧਨੋਆ ਤੇ ਤ੍ਰੈਲੋਚਨ ਲੋਚੀ ਇੱਕ ਜਿੰਦ ਇੱਕ ਜਾਨ ਸ਼ਾਇਰ ਨੇ। ਏਨੀ ਸੁਰ ਤਾਂ ਮਾਂ ਜਾਇਆਂ ਦੀ ਵੀ ਨਹੀਂ ਮਿਲਦੀ। ਨਜ਼ਰ ਨਾ ਲੱਗੇ। ਪਹਿਲਾਂ ਤ੍ਰੈਲੋਚਨ ਲੋਚੀ ਨੂੰ ਮਿਲੋ:**

*(1)*

ਮੁਹੱਬਤ ਹੀ ਦਿਲਾਂ 'ਚੋਂ ਗੁੰਮਸ਼ੁਦਾ ਹੈ!
ਕੀ ਏਥੇ ਜੀਣ ਨੂੰ ਹੁਣ ਰਹਿ ਗਿਆ ਹੈ!

ਚਲੋ ਇਨਸਾਫ਼ ਦੀ ਅਰਥੀ ਨੂੰ ਚੁੱਕੋ,
ਅਦਾਲਤ ਨੇ ਸੁਣਾਇਆ ਫ਼ੈਸਲਾ ਹੈ!

ਜ਼ਰਾ ਵਹਿੰਦੀ ਨਦੀ ਨੂੰ ਦੱਸ ਦੇਵੀਂ,
ਸਮੁੰਦਰ ਕਿੰਨੇ ਦਰਿਆ ਪੀ ਗਿਆ ਹੈ!

ਸੰਭਾਲਣ ਸ਼ਬਦ ਹੀ ਮੈਨੂੰ ਹਮੇਸ਼ਾ,
ਇਨ੍ਹਾਂ ਦਾ ਰੱਬ ਜਿੱਡਾ ਆਸਰਾ ਹੈ!

ਗੁਲਾਬੀ ਫੁੱਲ ਜਿੱਥੇ ਖਿੜ ਰਹੇ ਨੇ,
ਮੁਹੱਬਤ ਦਾ ਹੀ ਓਥੇ ਮਕਰਬਾ ਹੈ!

ਮੈਂ ਤੇਰੇ ਤੀਕ ਪੁੱਜਾਂ ਸਾਂਭ ਲੈ ਤੂੰ,
ਸਫ਼ਰ ਅਗਲੇ ਦਾ ਮੈਨੂੰ ਕੀ ਪਤਾ ਹੈ!

ਮੈਂ ਤੈਨੂੰ ਸੁਣਦਿਆਂ ਐਸਾ ਗੁਆਚਾਂ,
ਕਹੀਂ ਤੂੰ ਫੇਰ ਮੈਨੂੰ, ਕੀ ਕਿਹਾ ਹੈ!

ਕਿਸੇ ਦੀ ਪੀੜ ਨਾ ਖੁਸ਼ੀਆਂ 'ਚ ਸ਼ਾਮਿਲ,
ਇਹ 'ਲੋਚੀ' ਕਿਸ ਤਰ੍ਹਾਂ ਦਾ ਹੋ ਗਿਆ ਹੈ!

*(2)*

ਸੁੱਕ ਨਾ ਕਿਧਰੇ ਜਾਣ ਇਹ ਸਰਵਰ ਸਾਂਭ ਲਵੋ!
ਸੋਹਣੇ ਸੋਹਣੇ ਦਿਲਕਸ਼ ਮੰਜ਼ਰ ਸਾਂਭ ਲਵੋ!

ਆਉਣ ਵਾਲੀਆਂ ਨਸਲਾਂ 'ਤੇ ਕੁਝ ਤਰਸ ਕਰੋ,
ਬਿਰਖ, ਬੂਟੜੇ, ਸਾਵੇ ਪੱਤਰ ਸਾਂਭ ਲਵੋ!

ਇਨ੍ਹਾਂ ਵਿੱਚ ਹੀ ਰਾਜ਼ ਰੌਸ਼ਨੀ ਦਾ ਛੁਪਿਐ,
ਜਿਓਣ ਜੋਗਿਓ ਪੈਂਤੀ ਅੱਖਰ ਸਾਂਭ ਲਵੋ!

ਚੰਨ, ਤਾਰਿਆਂ ਨੂੰ ਵੀ ਇੱਕ ਦਿਨ ਤਰਸੋਗੇ,
ਅਜੇ ਵਕਤ ਹੈ ਨੀਲਾ ਅੰਬਰ ਸਾਂਭ ਲਵੋ!

ਬਿਨਾਂ ਲਗਾਮੋਂ ਭੱਜਿਆ ਇਹ ਬਾਜ਼ਾਰ ਫਿਰੇ,
ਸੱਜਣੋ, ਆਪੋ ਆਪਣੀ ਚਾਦਰ ਸਾਂਭ ਲਵੋ!

ਉਹ ਵੀ ਜਿਓਂਦੇ ਜਾਗਦਿਆਂ ਵਿੱਚ ਹੋ ਜਾਊ,
'ਲੋਚੀ' ਦੇ ਬਸ ਚੰਦ ਕੁ ਅੱਖਰ ਸਾਂਭ ਲਵੋ!

**ਤੇ ਆਖ਼ਰ ਵਿੱਚ ਮਨਜਿੰਦਰ ਧਨੋਆ ਦੀ ਬਾਤ ਨਿਰਾਲੀ ਪੜ੍ਹੋ। ਦੋਵੇਂ ਗ਼ਜ਼ਲਾਂ ਬਾ-ਕਮਾਲ:**

*(1)*

ਕਿੱਦਾਂ ਦਾ ਮਿਹਰਵਾਨ ਹੈਂ ਸਭ ਕੁਝ ਵਿਸਾਰ ਕੇ।
ਖ਼ੁਦ ਹੀ ਤੂੰ ਢਾਹੀ ਜਾ ਰਿਹੈ ਸੁਪਨੇ ਉਸਾਰ ਕੇ।

ਪੱਥਰ ਦੀ ਅੱਖ ਨੂੰ ਭਲਾ ਇਸ ਗੱਲ ਦੀ ਕੀ ਖ਼ਬਰ,
ਕਿੰਨੇ ਹੀ ਖ਼ਾਬ ਜੀ ਰਹੇ ਨੇ ਦਿਲ ਨੂੰ ਮਾਰ ਕੇ।

ਦੁਨੀਆਂ ਦੇ ਸਾਰੇ ਰੰਗ ਹੀ ਨਜ਼ਰਾਂ 'ਚ ਆ ਗਏ,
ਤੱਕਿਆ ਸੀ ਇਸ ਨੂੰ ਮੈਂ ਜਦੋਂ ਗੌਗਲ ਉਤਾਰ ਕੇ।

ਪੱਕਦੇ ਨੇ ਕੁੱਝ ਘਰਾਂ 'ਚ ਵੀ ਪਕਵਾਨ ਇਸ ਤਰ੍ਹਾਂ,
ਵੱਸਦੇ ਘਰਾਂ ਦੇ ਬਲ ਰਹੇ ਚੁੱਲ੍ਹਿਆਂ ਨੂੰ ਠਾਰ ਕੇ।

ਵਣਜਾਰਿਆਂ ਦੇ ਵਾਂਗ ਨੇ ਦੁੱਖਾਂ ਦੇ ਕਾਫ਼ਲੇ,
ਤੁਰ ਜਾਣਗੇ ਇਹ ਆਪ ਹੀ ਦੋ ਦਿਨ ਗੁਜ਼ਾਰ ਕੇ।

ਇਹ ਕੌਣ ਨੇ ਜੋ ਰਾਤ ਦੇ ਪਰਦੇ 'ਚ ਨਿਕਲਦੇ,
ਜਿਸਮਾਂ ਦੀ ਕੱਕੀ ਰੇਤ 'ਤੇ ਚਾਨਣ ਖਿਲਾਰ ਕੇ।

ਚੰਨ ਤਾਰਿਆਂ ਤੋਂ ਵੱਖਰੇ ਸੂਰਜ ਉਹ ਹੋਰ ਨੇ,
ਦਿੰਦੇ ਨੇ ਜਿਹੜੇ ਰੌਸ਼ਨੀ ਆਪੇ ਨੂੰ ਵਾਰ।

*(2)*

ਮਸਨੂਈ ਸਾਹਾਂ 'ਤੇ ਬੇਗਾਨੀ ਹਵਾ ਉੱਤੇ।
ਕਦ ਤੱਕ ਇਹ ਦਿਲ ਤੇਰਾ ਧੜਕੇਗਾ ਦਵਾ ਉੱਤੇ।

ਚਿਹਰੇ ਪਹਿਚਾਣ ਜ਼ਰਾ, ਸੱਚ ਨੂੰ ਵੀ ਜਾਣ ਜ਼ਰਾ,
ਐਵੇਂ ਨਾ ਡੁੱਲ੍ਹਦਾ ਜਾ ਰੰਗਾਂ ਦੀ ਅਦਾ ਉੱਤੇ।

ਇਹ ਕੈਸੀ ਅਦਾਲਤ ਹੈ, ਇਹ ਕੈਸੀ ਵਕਾਲਤ ਹੈ,
ਇਨਸਾਫ਼ ਦਾ ਸੱਚ ਟਿਕਿਆ ਇੱਕ ਝੂਠੇ ਗਵਾਹ ਉੱਤੇ।

ਨਾ ਅਗਨ ਗਵਾਹੀ ਤੇ, ਨਾ ਸ਼ਬਦ ਸਿਆਹੀ ਤੇ,
ਰਿਸ਼ਤੇ ਦੀ ਨੀਂਹ ਬੱਝਦੀ ਰੂਹਾਂ ਦੀ ਵਫ਼ਾ ਉੱਤੇ।

ਲਹਿਰਾਂ ਦੇ ਖਿਡੌਣੇ ਲੈ, ਦਰਿਆ ਤੂੰ ਸਾਗਰ ਵੱਲ,
ਦਮ ਰੱਖ ਕੇ ਤੁਰਿਆ ਚੱਲ ਰੇਤੇ ਦੀ ਸਤ੍ਹਾ ਉੱਤੇ।

ਬੋਲਦੇ ਪੰਨੇ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ:+91-9781646008



# ਗੁਰੂ ਗ੍ਰੰਥ ਸਾਹਿਬ ਅਤੇ ਪੰਜਾਬੀ ਸੱਭਿਆਚਾਰ ਨੂੰ ਸਮਰਪਿਤ ਆਈਸਲੈਂਡ ਵੱਸਦੇ ਪੰਜਾਬੀ

***ਪੰਜਾਬੀ ਜਿੱਥੇ ਵੀ ਗਏ, ਪੰਜਾਬੀਅਤ ਦੇ ਝੰਡੇ ਬੁਲੰਦ ਕਰਨ ਤੇ ਬੁਲੰਦ ਰੱਖਣ ਵਿੱਚ ਕੋਈ ਕਸਰ ਨਹੀਂ ਛੱਡੀ ਹੈ। ਯੂਰਪੀ ਦੇਸ ਆਈਸਲੈਂਡ ਵਿੱਚ ਵੱਸਦੇ ਪੰਜਾਬੀ ਬੇਸ਼ੱਕ ਘੱਟ ਗਿਣਤੀ ਵਿੱਚ ਹਨ, ਪਰ ਉਹ ਗੁਰੂ ਗ੍ਰੰਥ ਸਾਹਿਬ ਅਤੇ ਪੰਜਾਬੀ ਸੱਭਿਆਚਾਰ ਨੂੰ ਸਮਰਪਿਤ ਹਨ। ਉਂਜ ਉੱਥੋਂ ਦੇ ਕਾਨੂੰਨੀ ਦਾਇਰੇ ਮੁਤਾਬਕ ਉਨ੍ਹਾਂ ਨੂੰ ਆਪਣੇ ਨਾਂ ਸਥਾਨਕ ਭਾਸ਼ਾ ਮੁਤਾਬਕ ਤਬਦੀਲ ਕਰਨਾ ਪੈਂਦਾ ਹੈ। ਜ਼ਿਆਦਾਤਰ ਪੰਜਾਬੀ ਪਰਿਵਾਰ ਆਈਸਲੈਂਡ ਦੀ ਰਾਜਧਾਨੀ ਰੇਕਜੈਵਿਕ ਵਿਖੇ ਹੀ ਵੱਸਦੇ ਹਨ ਤੇ ਜ਼ਿਆਦਾਤਰ ਸੂਚਨਾ ਤਕਨਾਲੋਜੀ, ਯੋਗਾ ਅਤੇ ਪ੍ਰਾਹੁਣਾਚਾਰੀ ਆਦਿ ਨਾਲ ਜੁੜੇ ਕਾਰਜਾਂ ਵਿੱਚ ਸਰਗਰਮ ਹਨ। ਪੇਸ਼ ਹੈ, ਇਸ ਬਾਰੇ ਸੰਖੇਪ ਜ਼ਿਕਰ...***

ਯੂਰਪੀ ਮਹਾਂਦੀਪ ਵਿੱਚ ਸ਼ਾਮਿਲ ਆਈਸਲੈਂਡ ਕਈ ਪੱਖਾਂ ਤੋਂ ਇੱਕ ਮਹੱਤਵਪੂਰਨ ਦੇਸ਼ ਹੈ। ਇਹ ਆਇਰਲੈਂਡ ਤੋਂ ਥੋੜ੍ਹਾ ਛੋਟਾ ਹੈ ਤੇ ਇਥੇ ਜਵਾਲਾਮੁਖੀਆਂ ਅਤੇ ਗਲੇਸ਼ੀਅਰਾਂ ਦਾ ਕਾਫੀ ਬੋਲਬਾਲਾ ਹੈ। ਇਸ ਦੇਸ਼ ਦਾ 97.33 ਫ਼ੀਸਦੀ ਹਿੱਸਾ ਜ਼ਮੀਨੀ ਹੈ, ਜਦੋਂ ਕਿ 2.67 ਫ਼ੀਸਦੀ ਹਿੱਸਾ ਪਾਣੀ ਹੈ। ਇਹ ਅਸਲ ਵਿੱਚ ਗ੍ਰੀਨਲੈਂਡ ਅਤੇ ਨਾਰਵੇ ਦੇ ਵਿਚਕਾਰ ਸਥਿਤ ਹੈ। ਇਸਦਾ ਕੁੱਲ ਖੇਤਰਫ਼ਲ 39,769 ਵਰਗ ਮੀਲ ਤੇ ਇੱਥੋਂ ਦੀ ਕੁੱਲ ਆਬਾਦੀ ਚਾਰ ਲੱਖ ਦੇ ਕਰੀਬ ਹੈ; ਜਦੋਂ ਕਿ ਇਸਦੀ ਰਾਜਧਾਨੀ ਦਾ ਨਾਂ ਰੈਕਜੈਵਿਕ ਹੈ। ਆਈਸਲੈਂਡ ਦੁਨੀਆਂ ਦਾ ਇੱਕ ਅਜਿਹਾ ਮੁਲਕ ਹੈ, ਜੋ ਆਪਣੀ ਕੁਦਰਤੀ ਖ਼ੂਬਸੂਰਤੀ, ਅਮੀਰ ਸੱਭਿਆਚਾਰ, ਪ੍ਰਤਿਭਾਵਾਨ ਫ਼ਨਕਾਰਾਂ ਅਤੇ ਸ਼ਾਨਦਾਰ ਖਿਡਾਰੀਆਂ ਲਈ ਜਾਣਿਆ ਜਾਂਦਾ ਹੈ। ਇਸਨੂੰ ਬਹੁਤ ਹੱਦ ਤੱਕ ਦੁਨੀਆਂ ਦਾ ਇੱਕ ਸ਼ਾਂਤ ਅਤੇ ਜੁਰਮ ਰਹਿਤ ਮੁਲਕ ਕਿਹਾ ਜਾ ਸਕਦਾ ਹੈ, ਕਿਉਂਕਿ ਇੱਥੇ ਅਸ਼ਾਂਤੀ ਅਤੇ ਜੁਰਮ ਨਾਲ ਸਬੰਧਿਤ ਘਟਨਾਵਾਂ ਨਾਮਾਤਰ ਹੀ ਵਾਪਰਦੀਆਂ ਹਨ। ਹੈਰਾਨੀ ਦੀ ਗੱਲ ਹੈ ਕਿ ਇਸ ਮੁਲਕ ਕੋਲ ਕੋਈ ਫ਼ੌਜ ਨਹੀਂ ਹੈ ਤੇ ਇੱਥੋਂ ਦੇ ਪੁਲਿਸਕਰਮੀ ਆਪਣੇ ਕੋਲ ਬੰਦੂਕ ਨਹੀਂ ਰੱਖਦੇ ਹਨ। ਇਹ ਇੱਕ ਮਜਬੂਤ ਅਰਥ-ਵਿਵਸਥਾ ਵਾਲਾ ਅਮੀਰ ਮੁਲਕ ਹੈ। ਇੱਥੇ ਸੈਰ-ਸਪਾਟਾ, ਮੱਛੀ ਪਾਲਣ ਅਤੇ ਮੁੜਵਰਤੋ ਯੋਗ ਊਰਜਾ ਨਾਲ ਸਬੰਧਿਤ ਖੇਤਰ ਆਦਿ ਤੱਤ ਇਸ ਮੁਲਕ ਦੀ ਤਰੱਕੀ ਵਿੱਚ ਵੱਡਾ ਯੋਗਦਾਨ ਪਾਉਂਦੇ ਹਨ, ਜਿਸ ਕਰਕੇ ਇੱਥੋਂ ਦੀ ਜੀ.ਡੀ.ਪੀ, ਪ੍ਰਤੀ ਵਿਅਕਤੀ ਆਮਦਨ ਅਤੇ ਮਨੁੱਖੀ ਵਿਕਾਸ ਸੂਚਕ ਅੰਕ ਦੀਆਂ ਦਰਾਂ ਕਾਫ਼ੀ ਉੱਚੀਆਂ ਹਨ। ਇਹ ਮੁਲਕ ਸੰਨ 1944 ਵਿੱਚ ਡੈਨਮਾਰਕ ਤੋਂ ਆਜ਼ਾਦੀ ਹਾਸਿਲ ਕਰਕੇ ਇੱਕ ਗਣਤੰਤਰ ਬਣਿਆ ਸੀ।

ਆਈਸਲੈਂਡ ਵਿੱਚ ਵੱਸਦੇ ਭਾਰਤੀਆਂ ਦੀ ਜੇ ਗੱਲ ਕਰੀਏ ਤਾਂ ਪਤਾ ਲੱਗਦਾ ਹੈ ਕਿ ਭਾਰਤੀਆਂ ਦੀ ਗਿਣਤੀ ਇੱਥੇ ਬਹੁਤ ਘੱਟ ਹੈ, ਪਰ ਹੌਲ਼ੀ-ਹੌਲ਼ੀ ਇਸ ਵਿੱਚ ਵਾਧਾ ਹੋ ਰਿਹਾ ਹੈ। ਇੱਥੇ ਆਉਣ ਵਾਲੇ ਜ਼ਿਆਦਾਤਰ ਵਿਦਿਆਰਥੀ ਸੂਚਨਾ-ਤਕਨਾਲੋਜੀ, ਹੈਲਥ ਕੇਅਰ, ਪ੍ਰਾਹੁਣਚਾਰੀ ਅਤੇ ਵਿੱਦਿਆ ਦੇ ਖੇਤਰ ਨਾਲ ਸਬੰਧਿਤ ਹਨ। ਇੱਥੇ ਰਹਿ ਰਹੇ ਭਾਰਤੀ ਲੋਕ ਦੀਵਾਲੀ ਅਤੇ ਹੋਲੀ ਸਣੇ ਵੱਖ-ਵੱਖ ਤਿਉਹਾਰ ਪੂਰੇ ਪ੍ਰੇਮ ਅਤੇ ਸ਼ਰਧਾ ਭਾਵਨਾ ਸਹਿਤ ਮਨਾਉਂਦੇ ਹਨ। ਇੱਥੇ ਪੱਕੇ ਹੋਣ ਦੀਆਂ ਦੋ ਮੁੱਖ ਸ਼ਰਤਾਂ ਹਨ। ਪਹਿਲੀ ਸ਼ਰਤ ਹੈ ਕਿ ਚਾਰ ਸਾਲ ਤੱਕ ਇੱਥੇ ਰਹਿਣਾ ਜ਼ਰੂਰੀ ਹੈ ਅਤੇ ਦੂਜੀ ਸ਼ਰਤ ਹੈ ਕਿ ਸਥਾਨਕ ਭਾਸ਼ਾ ਬੋਲਣ, ਲਿਖਣ ਤੇ ਸਮਝਣ ਵਿੱਚ ਮੁਹਾਰਤ ਹੋਣੀ ਚਾਹੀਦੀ ਹੈ। ਸਾਲ 2006 ਤੋਂ ਇੱਥੇ ਭਾਰਤੀ ਦੂਤਾਵਾਸ ਵੀ ਸਥਿਤ ਹੈ।

ਸਾਲ 2025 ਦੇ ਪ੍ਰਾਪਤ ਅੰਕੜਿਆਂ ਅਨੁਸਾਰ ਆਈਸਲੈਂਡ ਵਿਖੇ ਵੱਸਣ ਵਾਲੇ ਪੰਜਾਬੀਆਂ ਦੀ ਗਿਣਤੀ ਕੇਵਲ ਸੌ ਕੁ ਦੇ ਆਸ-ਪਾਸ ਹੈ ਤੇ ਭਾਵੇਂ ਇੱਥੇ ਕੋਈ ਵੀ ਸਥਾਈ ਗੁਰਦੁਆਰਾ ਸਾਹਿਬ ਮੌਜੂਦ ਨਹੀਂ ਹੈ, ਪਰ ਫਿਰ ਵੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਰਧਾ ਤੇ ਵਿਸ਼ਵਾਸ ਰੱਖਣ ਵਾਲੇ ਸ਼ਰਧਾਲੂ ਸਿੱਖ ਇੱਥੇ ਕਿਸੇ ਸ਼ਰਧਾਲੂ ਦੇ ਘਰ ਅੰਦਰ ਜਾਂ ਕਿਸੇ ਯੋਗਾ ਕੇਂਦਰ ਅੰਦਰ ਅਸਥਾਈ ਤੌਰ 'ਤੇ ਬਣਾਏ ਗਏ ਗੁਰਦੁਆਰਾ ਸਾਹਿਬ ਵਿੱਚ ਸ਼ਰਧਾ ਤੇ ਮਰਿਆਦਾ ਅਨੁਸਾਰ ਪਾਠ-ਕੀਰਤਨ ਜ਼ਰੂਰ ਕਰਦੇ ਹਨ। ਇੱਥੇ ਅਖੰਡ ਪਾਠ ਸਾਹਿਬ ਰੱਖਣ, ਭੋਗ ਪਾਉਣ ਅਤੇ ਲੰਗਰ ਵਰਤਾਉਣ ਆਦਿ ਜਿਹੇ ਧਾਰਮਿਕ ਕਰਮ ਸ਼ਰਧਾਲੂਆਂ ਵੱਲੋਂ ਪੂਰੇ ਅਕੀਦੇ ਸਹਿਤ ਕੀਤੇ ਜਾਂਦੇ ਹਨ। ਨਾਨਕ ਨਾਮ ਲੇਵਾ ਪ੍ਰੇਮੀਆਂ ਅੰਦਰ ਇਹ ਖਿੱਚ ਹੈ ਕਿ ਛੇਤੀ ਤੋਂ ਛੇਤੀ ਆਈਸਲੈਂਡ ਵਿਖੇ ਇੱਕ ਸੁੰਦਰ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੋਵੇ ਤੇ ਇਸ ਸਬੰਧ ਵਿਚ ਨਿਰੰਤਰ ਵਿਚਾਰਾਂ ਚਲਦੀਆਂ ਰਹਿੰਦੀਆਂ ਹਨ। ਉਂਜ ਇੱਥੇ ਜ਼ਿਕਰਯੋਗ ਹੈ ਕਿ ਸੰਨ 2013 ਵਿੱਚ ਆਈਸਲੈਂਡ ਵਿਖੇ ਪਹਿਲੀ ਵਾਰ ਗੁਰੂ ਗ੍ਰੰਥ ਸਾਹਿਬ ਦਾ ਆਗਮਨ ਹੋਇਆ ਸੀ ਤੇ 5 ਅਗਸਤ 2013 ਨੂੰ ਪੂਰਨ ਗੁਰ ਮਰਿਆਦਾ ਸਹਿਤ ਇਥੇ ਉਨ੍ਹਾਂ ਦਾ ਪ੍ਰਕਾਸ਼ ਕੀਤਾ ਗਿਆ ਸੀ। 12 ਅਗਸਤ 2013 ਨੂੰ ਇਸ ਮੁਲਕ ਦੀ ਧਰਤੀ 'ਤੇ ਪਹਿਲੀ ਵਾਰ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਸਨ। ਕਿੰਨੀ ਦਿਲਚਸਪ ਗੱਲ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਚਰਨ ਆਈਸਲੈਂਡ ਵਿਖੇ ਪੁਆਉਣ ਵਾਲੀ ਸਿੱਖ ਹਸਤੀ ਦਾ ਨਾਂ ਗੁਰਸੂਰਜ ਕੌਰ ਸੀ ਤੇ ਉਹ ਆਈਸਲੈਂਡ ਦੀ ਨਾਗਰਿਕ ਸੀ। ਉਹ ਦਰਅਸਲ ਸਿੱਖ ਧਰਮ ਤੋਂ ਪ੍ਰਭਾਵਿਤ ਹੋ ਕੇ ਆਪਣਾ ਧਰਮ ਤਬਦੀਲ ਕਰਨ ਉਪਰੰਤ ਸਿੱਖ ਬਣੀ ਸੀ। ਇਹ ਪੂਰੀ ਤਰ੍ਹਾਂ ਸੱਚ ਹੈ ਕਿ ਇਸ ਮੁਲਕ ਦੇ ਕਾਨੂੰਨ ਤਹਿਤ ਇੱਥੇ ਸ੍ਰੀ ਗੁਰਦੁਆਰਾ ਸਾਹਿਬ ਦੀ ਸਥਾਪਨਾ ਕਰਨ ਦੇ ਯਤਨ ਕਰਨਾ ਬੜਾ ਹੀ ਕਠਿਨ ਅਤੇ ਚੁਣੌਤੀਪੂਰਨ ਕਾਜ ਹੈ, ਪਰ ਸੰਗਤਾਂ ਨੂੰ ਪੂਰਨ ਭਰੋਸਾ ਹੈ ਕਿ ਗੁਰੂ ਨਾਨਕ ਪਾਤਸ਼ਾਹ ਆਪ ਸਹਾਈ ਹੋ ਕੇ ਸਭ ਰੁਕਾਵਟਾਂ ਦੂਰ ਕਰਨਗੇ ਅਤੇ ਸਭ ਚੁਣੌਤੀਆਂ ਪਾਰ ਕਰ ਕੇ ਇੱਥੇ ਇੱਕ ਦਿਨ ਸੁੰਦਰ ਗੁਰਦੁਆਰਾ ਸਾਹਿਬ ਸੁਸ਼ੋਭਿਤ ਜ਼ਰੂਰ ਹੋਵੇਗਾ।

ਆਈਸਲੈਂਡ ਵਿਖੇ ਪੰਜਾਬੀਆਂ ਵੱਲੋਂ ਆਪਣੀ ਸੰਖਿਆ ਅਤੇ ਤਾਕਤ ਵਧਾਉਣ ਦੇ ਯਤਨ ਨਿਰੰਤਰ ਕੀਤੇ ਜਾ ਰਹੇ ਹਨ। ਇੱਥੇ ਵੱਖ-ਵੱਖ ਇਲਾਕਿਆਂ ਵਿੱਚ ਵੱਸਦੇ ਤੇ ਵੱਖ-ਵੱਖ ਖੇਤਰਾਂ ਵਿੱਚ ਸਰਗਰਮ ਬਹੁਤ ਸਾਰੇ ਪੰਜਾਬੀ ਲੋਕ ਸੋਸ਼ਲ ਮੀਡੀਆ ਰਾਹੀਂ ਇੱਕ ਦੂਜੇ ਨਾਲ ਜੁੜੇ ਹੋਏ ਹਨ ਅਤੇ ਵੱਖ-ਵੱਖ ਤਿਉਹਾਰਾਂ ਤੇ ਗੁਰਪੁਰਬਾਂ ਮੌਕੇ ਨਿਰਧਾਰਿਤ ਥਾਵਾਂ 'ਤੇ ਇਕੱਤਰ ਹੋ ਜਾਂਦੇ ਹਨ ਅਤੇ ਸਥਾਨਕ ਵਾਸੀਆਂ ਨੂੰ ਕੀਰਤਨ ਤੇ ਲੰਗਰ ਰਾਹੀਂ ਆਪਣੀ ਪੰਜਾਬੀਅਤ ਦੀ ਝਲਕ ਵੀ ਵਿਖਾਉਂਦੇ ਹਨ। ਇਸੇ ਕਰਕੇ ਕੁਝ ਸਥਾਨਕ ਨਾਗਰਿਕਾਂ ਨੇ ਸਿੱਖ ਧਰਮ ਅਪਨਾਉਣ ਅਤੇ ਪੰਜਾਬੀ ਸਿੱਖ ਕੇ ਪਾਠ ਤੇ ਕੀਰਤਨ ਕਰਨ ਵਿੱਚ ਰੁਚੀ ਵਿਖਾਈ ਹੈ। ਪੰਜਾਬੀਆਂ ਨੇ ਇੱਥੋਂ ਦੇ ਸੱਭਿਆਚਾਰ ਅਤੇ ਲੋਕਾਂ ਨਾਲ ਸਾਂਝ ਪਾ ਕੇ ਆਪਣਾ ਦਾਇਰਾ ਵੱਡਾ ਕਰਨ ਅਤੇ ਪੰਜਾਬੀ ਬੋਲੀ ਤੇ ਸੱਭਿਆਚਾਰ ਤੋਂ ਸਥਾਨਕ ਨਾਗਰਿਕਾਂ ਨੂੰ ਜਾਣੂ ਕਰਵਾਉਣ ਦੀ ਮੁਹਿੰਮ ਪੂਰੀ ਸ਼ਿੱਦਤ ਨਾਲ ਚਲਾਈ ਹੋਈ ਹੈ। ਕੁਝ ਇੱਕ ਭਾਰਤੀ ਅਤੇ ਵਿਸ਼ੇਸ਼ ਕਰਕੇ ਪੰਜਾਬੀ ਜਾਂ ਸਿੱਖ ਜਥੇਬੰਦੀਆਂ ਵੀ ਇਸ ਮੁਹਿੰਮ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾ ਰਹੀਆਂ ਹਨ।

ਸੰਸਾਰ ਦੇ ਦੂਜੇ ਖਿੱਤਿਆਂ ਵਿੱਚ ਜਾ ਕੇ ਵੱਸਣ ਵਾਲੇ ਪੰਜਾਬੀਆਂ ਵਾਂਗ ਇੱਥੇ ਆ ਕੇ ਵੱਸਣ ਵਾਲੇ ਪੰਜਾਬੀਆਂ ਨੂੰ ਵੀ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਦਰਪੇਸ਼ ਹਨ। ਸਭ ਤੋਂ ਵੱਡੀ ਸਮੱਸਿਆ ਇੱਥੇ ਨਾਂਵਾਂ ਨੂੰ ਲੈ ਕੇ ਹੈ। ਇੱਥੋਂ ਦਾ ਕਾਨੂੰਨ ਗ਼ੈਰ-ਆਈਸਲੈਂਡੀ ਨਾਂਵਾਂ ਨੂੰ ਮਾਨਤਾ ਨਹੀਂ ਦਿੰਦਾ ਹੈ, ਜਿਸ ਕਰਕੇ ਇੱਥੇ ਵੱਸਦੇ ਪੰਜਾਬੀਆਂ ਨੂੰ ਆਪਣੇ ਨਾਂਵਾਂ ਵਿਚ ਪਰਿਵਰਤਨ ਕਰਨੇ ਪੈ ਰਹੇ ਹਨ ਜਿਵੇਂ ਕਿ 'ਮਨਜੀਤ ਸਿੰਘ' ਨੂੰ ਬਦਲ ਕੇ ਸਥਾਨਕ ਅਤੇ ਕਾਨੂੰਨੀ ਲੋੜ ਅਨੁਸਾਰ 'ਐਰੀ ਸਿੰਘ' ਕਰ ਦਿੱਤਾ ਗਿਆ ਹੈ, ਕਿਉਂਕਿ ਸਥਾਨਕ ਕਾਨੂੰਨ ਅਨੁਸਾਰ ਹਰੇਕ ਨਾਗਰਿਕ ਦੇ ਨਾਂ ਦਾ ਪਹਿਲਾ ਹਿੱਸਾ ਸਥਾਨਕ ਭਾਸ਼ਾ ਵਿੱਚ ਹੀ ਹੋਣਾ ਚਾਹੀਦਾ ਹੈ। ਸਥਾਨਕ ਭਾਸ਼ਾ ਸਿੱਖਣ ਦੇ ਬਾਵਜੂਦ ਜ਼ਿਆਦਾਤਰ ਪੰਜਾਬੀ ਜਾਂ ਭਾਰਤੀ ਲੋਕ ਇੱਥੇ ਆਪਣੀ ਮਾਂ ਬੋਲੀ 'ਚ ਗੱਲ ਕਰਨ ਨੂੰ ਤਰਜੀਹ ਦਿੰਦੇ ਹਨ ਤੇ ਸਥਾਨਕ ਨਾਗਰਿਕਾਂ ਨੂੰ ਪੰਜਾਬੀ, ਹਿੰਦੀ ਜਾਂ ਤਾਮਿਲ ਭਾਸ਼ਾਵਾਂ ਦੇ ਸ਼ਬਦ ਸਿਖਾਉਣ ਵਿੱਚ ਸਫ਼ਲ ਹੋ ਚੁੱਕੇ ਹਨ। ਇਸ ਕਰਕੇ ਪੰਜਾਬੀਆਂ ਜਾਂ ਭਾਰਤੀਆਂ ਦੀ ਵੱਸੋਂ ਵਾਲੇ ਖੇਤਰਾਂ ਵਿੱਚ ਇੱਕ ਤੋਂ ਵੱਧ ਸੱਭਿਆਚਾਰਾਂ ਅਤੇ ਬੋਲੀਆਂ ਦਾ ਮਿਸ਼ਰਣ ਵੇਖਣ ਨੂੰ ਮਿਲ ਰਿਹਾ ਹੈ।

ਇੱਥੇ ਇਹ ਦੱਸਣਾ ਬਣਦਾ ਹੈ ਕਿ ਜ਼ਿਆਦਾਤਰ ਪੰਜਾਬੀ ਪਰਿਵਾਰ ਆਈਸਲੈਂਡ ਦੀ ਰਾਜਧਾਨੀ ਰੇਕਜੈਵਿਕ ਵਿਖੇ ਹੀ ਵੱਸਦੇ ਹਨ ਤੇ ਜ਼ਿਆਦਾਤਰ ਸੂਚਨਾ ਤਕਨਾਲੋਜੀ, ਯੋਗਾ ਅਤੇ ਪ੍ਰਾਹੁਣਾਚਾਰੀ ਆਦਿ ਨਾਲ ਜੁੜੇ ਕਾਰਜਾਂ ਵਿੱਚ ਸਰਗਰਮ ਹਨ। ਇੱਥੇ ਵੱਸਦਾ ਹਰੇਕ ਪੰਜਾਬੀ ਸ਼ਖ਼ਸ, ਇੱਥੇ ਨਵੇਂ ਆਉਣ ਵਾਲੇ ਪੰਜਾਬੀ ਜਾਂ ਭਾਰਤੀ ਦੀ ਭਰਪੂਰ ਮਦਦ ਕਰਦਾ ਹੈ। ਸੋ ਇਸ ਤਰ੍ਹਾਂ ਇੱਥੇ ਵੱਸਦੇ ਸਮੂਹ ਪੰਜਾਬੀ ਲੋਕ ਆਪਣੀ ਬੋਲੀ, ਆਪਣਾ ਸੱਭਿਆਚਾਰ, ਆਪਣਾ ਵਿਰਸਾ ਅਤੇ ਆਪਣੇ ਧਾਰਮਿਕ ਅਕੀਦੇ ਬਚਾਉਣ ਲਈ ਪੂਰੀ ਤਰ੍ਹਾਂ ਤਤਪਰ ਹਨ ਤੇ ਆਈਸਲੈਂਡ ਦੇ ਸਮਾਜ ਰੂਪੀ ਫ਼ੁਲਕਾਰੀ ਵਿੱਚ ਆਪਣੇ ਦੱਖਣ-ਏਸ਼ੀਆਈ ਸੱਭਿਆਚਾਰ ਰੂਪੀ ਧਾਗੇ ਨੂੰ ਬੁਣਨ ਲਈ ਪੂਰੇ ਸਮਰਪਣ ਸਹਿਤ ਯਤਨਸ਼ੀਲ ਹਨ। ਉੱਘੇ ਸਿੱਖ ਪ੍ਰਚਾਰਕ ਯੋਗੀ ਹਰਭਜਨ ਸਿੰਘ ਦੇ ਯਤਨਾਂ ਸਦਕਾ ਕੁਝ ਸਥਾਨਕ ਨਾਗਰਿਕਾਂ ਨੇ ਸਿੱਖ ਧਰਮ ਅਪਣਾਇਆ ਵੀ ਹੈ ਤੇ ਅਕੀਦੇ ਨਾਲ ਨਿਭਾਅ ਵੀ ਰਹੇ ਹਨ।



■ **ਆਈਸਲੈਂਡ ਦੁਨੀਆਂ ਦਾ ਇੱਕ ਅਜਿਹਾ ਮੁਲਕ ਹੈ, ਜੋ ਆਪਣੀ ਕੁਦਰਤੀ ਖ਼ੂਬਸੂਰਤੀ, ਅਮੀਰ ਸੱਭਿਆਚਾਰ, ਪ੍ਰਤਿਭਾਵਾਨ ਫ਼ਨਕਾਰਾਂ ਅਤੇ ਸ਼ਾਨਦਾਰ ਖਿਡਾਰੀਆਂ ਲਈ ਜਾਣਿਆ ਜਾਂਦਾ ਹੈ। ਇਸਨੂੰ ਬਹੁਤ ਹੱਦ ਤੱਕ ਦੁਨੀਆਂ ਦਾ ਇੱਕ ਸ਼ਾਂਤ ਅਤੇ ਜੁਰਮ ਰਹਿਤ ਮੁਲਕ ਕਿਹਾ ਜਾ ਸਕਦਾ ਹੈ, ਕਿਉਂਕਿ ਇੱਥੇ ਅਸ਼ਾਂਤੀ ਤੇ ਜੁਰਮ ਨਾਲ ਸਬੰਧਿਤ ਘਟਨਾਵਾਂ ਨਾਮਾਤਰ ਹੀ ਵਾਪਰਦੀਆਂ ਹਨ।**

## ਰਾਜਧਾਨੀ ਰੈਕਜੈਵਿਕ

**ਰੈਕਜੈਵਿਕ ਦੇਸ਼ ਦੇ ਦੱਖਣ-ਪੱਛਮ ਵਿੱਚ ਫਾਕਸਾਫਲੋਈ ਖਾੜੀ ਦੇ ਦੱਖਣੀ ਹਿੱਸੇ ਵਿੱਚ ਸਥਿਤ ਹੈ। ਰੈਕਜੈਵਿਕ ਸ਼ਾਇਦ ਅਣਜਾਣ ਯੂਰਪੀਅਨ ਰਾਜਧਾਨੀਆਂ ਵਿੱਚੋਂ ਇੱਕ ਹੈ। ਅੱਜ ਇਹ ਬਿਨਾਂ ਸ਼ੱਕ ਆਈਸਲੈਂਡ ਦਾ ਆਰਥਿਕ, ਸੱਭਿਆਚਾਰਕ ਅਤੇ ਸਰਕਾਰੀ ਕੇਂਦਰ ਹੈ, ਪਰ ਸ਼ੁਰੂਆਤ ਕਦੇ ਵੀ ਆਸਾਨ ਨਹੀਂ ਹੁੰਦੀ। ਰੈਕਜੈਵਿਕ ਖੁਸ਼ਹਾਲ ਸਮੇਂ, ਸੰਕਟ ਦੇ ਸਮੇਂ ਅਤੇ ਵਿਦੇਸ਼ੀ ਦਬਦਬੇ ਵਿੱਚੋਂ ਲੰਘਿਆ।**

**ਹਾਲਾਂਕਿ, ਇਸ ਵਿੱਚ ਉਨ੍ਹਾਂ ਲੋਕਾਂ ਨੂੰ ਪੇਸ਼ਕਸ਼ ਕਰਨ ਲਈ ਬਹੁਤ ਕੁਝ ਹੈ, ਜੋ ਇਸਨੂੰ ਖੋਜਣ ਦੀ ਹਿੰਮਤ ਕਰਦੇ ਹਨ। ਦੇਸ਼ ਦੇ ਦੱਖਣ-ਪੂਰਬੀ ਹਿੱਸੇ ਵਿੱਚ ਸਥਿਤ, ਇਹ ਦੁਨੀਆ ਦੀ ਸਭ ਤੋਂ ਉੱਤਰੀ ਰਾਜਧਾਨੀ ਅਤੇ ਆਈਸਲੈਂਡ ਦਾ ਸਭ ਤੋਂ ਵੱਧ ਆਬਾਦੀ ਵਾਲਾ ਸ਼ਹਿਰ ਹੈ। ਆਈਸਲੈਂਡ ਦੀ ਲਗਭਗ 60% ਆਬਾਦੀ ਰਾਜਧਾਨੀ ਵਿੱਚ ਜਾਂ ਇਸਦੇ ਨੇੜੇ ਰਹਿੰਦੀ ਹੈ। ਆਕਾਰ ਵਿੱਚ ਛੋਟਾ ਹੋਣ ਦੇ ਬਾਵਜੂਦ ਇਹ ਸਾਹਸ, ਮਨੋਰੰਜਨ ਅਤੇ ਰੈਸਟੋਰੈਂਟ ਪੇਸ਼ਕਸ਼ਾਂ ਵਿੱਚ ਵੱਡਾ ਹੈ। ਆਈਸਲੈਂਡਿਕ ਵਿੱਚ ਰੈਕਜੈਵਿਕ ਦਾ ਅਰਥ ਹੈ- 'ਸਿਗਰਟਨੋਸ਼ੀ ਵਾਲੀ ਖਾੜੀ।' ਅਤੇ ਇਸਦਾ ਨਾਮ ਭੂ-ਤਾਪ ਊਰਜਾ ਦੇ ਕਾਰਨ ਜ਼ਮੀਨ ਤੋਂ ਨਿਕਲਣ ਵਾਲੇ ਭਾਫ਼ਾਂ ਦੇ ਕਾਰਨ ਪਿਆ ਹੈ।**

**ਅਜਿਹਾ ਲਗਦਾ ਹੈ ਕਿ ਇਸ ਖੇਤਰ ਵਿੱਚ ਹੀ ਨਾਰਵੇ ਤੋਂ ਵਾਈਕਿੰਗਜ਼ ਦੀ ਪਹਿਲੀ ਬਸਤੀ 870 ਦੇ ਆਸਪਾਸ ਸਥਾਪਿਤ ਕੀਤੀ ਗਈ ਸੀ। 18ਵੀਂ ਸਦੀ ਤੋਂ ਸ਼ੁਰੂ ਹੋ ਕੇ, ਟਾਪੂ ਦਾ ਉਦਯੋਗਿਕ ਵਿਕਾਸ ਸ਼ੁਰੂ ਹੋਇਆ। ਡੈਨਮਾਰਕ ਨੇ ਇਸਨੂੰ ਮੁੱਖ ਤੌਰ 'ਤੇ ਕਪਾਹ ਉਦਯੋਗ ਦੇ ਸਥਾਨ ਵਜੋਂ ਵਰਤਿਆ। 1786 ਵਿੱਚ ਸ਼ਹਿਰ ਨੂੰ ਨਗਰਪਾਲਿਕਾ ਦਾ ਦਰਜਾ ਦਿੱਤਾ ਗਿਆ ਸੀ। 1843 ਵਿੱਚ ਇਹ ਸੰਸਦ ਦੀ ਸੀਟ ਬਣ ਗਿਆ ਅਤੇ 1918 ਵਿੱਚ ਇਹ ਆਈਸਲੈਂਡ ਦੀ ਰਾਜਧਾਨੀ ਬਣ ਗਿਆ। ਅੰਤ ਵਿੱਚ 1944 ਵਿੱਚ ਆਈਸਲੈਂਡ ਨੂੰ ਡੈਨਮਾਰਕ ਤੋਂ ਪੂਰਨ ਆਜ਼ਾਦੀ ਮਿਲੀ।**



ਰੈਕਜੈਵਿਕ ਵਿੱਚ ਹਾਲਗ੍ਰੀਮਸਕਿਰਕਜਾ ਚਰਚ

# ਜੰਗਾਂ ’ਤੇ ਬਣੀਆਂ ਫ਼ਿਲਮਾਂ ਅਤੇ ਇਨਸਾਨੀ ਜਜ਼ਬਾਤ

## ਫਿਲਮ ‘ਬਾਰਡਰ’ ਤੋਂ ‘ਇੱਕੀਸ’ ਤੱਕ

**ਵੰਦਨਾ**

ਜੰਗ ‘ਤੇ ਬਣੀਆਂ ਹਿੰਦੀ ਫ਼ਿਲਮਾਂ ਦੀ ਸੂਚੀ ਵਿੱਚ ਪਿਛਲੇ ਕੁਝ ਮਹੀਨਿਆਂ ਦੌਰਾਨ ਕਈ ਨਵੀਆਂ ਫ਼ਿਲਮਾਂ ਸ਼ਾਮਲ ਹੋਈਆਂ ਹਨ। ਜਿਵੇਂ ਫਿਲਮ ‘ਬਾਰਡਰ-2’, ਜਿਸ ਵਿੱਚ ਸਨੀ ਦਿਓਲ ਨੇ ਮੇਜਰ ਜਨਰਲ ਹਰਦੇਵ ਸਿੰਘ ਕਲੇਰ, ਵਰੁਣ ਧਵਨ ਨੇ ਮੇਜਰ ਹੋਸ਼ਿਆਰ ਸਿੰਘ ਦਾਹੀਆ ਅਤੇ ਦਿਲਜੀਤ ਦੋਸਾਂਝ ਨੇ ਨਿਰਮਲਜੀਤ ਸਿੰਘ ਸੇਖੋਂ ਦਾ ਕਿਰਦਾਰ ਨਿਭਾਇਆ ਹੈ। ਇਸੇ ਦੌਰਾਨ 1971 ਦੀ ਜੰਗ ‘ਤੇ ਬਣੀ ਫ਼ਿਲਮ ‘ਇੱਕੀਸ’ ਵੀ ਰਿਲੀਜ਼ ਹੋਈ ਹੈ।

ਫਲਾਇੰਗ ਅਫ਼ਸਰ ਨਿਰਮਲਜੀਤ ਸਿੰਘ ਸੇਖੋਂ ਭਾਰਤੀ ਹਵਾਈ ਫੌਜ ਦੇ ਇਕੱਲੇ ਪਰਮਵੀਰ ਚੱਕਰ ਜੇਤੂ ਸਨ। ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਦੇ ਈਸੇਵਾਲ ਪਿੰਡ ਵਿੱਚ ਨਿਰਮਲਜੀਤ ਸਿੰਘ ਸੇਖੋਂ ਦਾ ਜਨਮ ਹੋਇਆ ਸੀ। ਉਹ 1971 ਦੀ ਜੰਗ ਦੌਰਾਨ ਸ੍ਰੀਨਗਰ ਵਿੱਚ ਤਾਇਨਾਤ ਸਨ। ਭਾਰਤੀ ਰੱਖਿਆ ਮੰਤਰਾਲੇ ਦੀ ਵੈਬਸਾਈਟ ਮੁਤਾਬਕ “ਜਦੋਂ 14 ਦਸੰਬਰ 1971 ਨੂੰ ਪਾਕਿਸਤਾਨ ਤੋਂ ਹਵਾਈ ਹਮਲਾ ਹੋਇਆ ਤਾਂ ਪਾਕਿਸਤਾਨ ਦੇ ਛੇ ਜਹਾਜ਼ ਘੁੰਮ ਰਹੇ ਸਨ। ਇਸੀ ਦੌਰਾਨ ਫਲਾਇੰਗ ਅਫ਼ਸਰ ਸੇਖੋਂ ਨੇ ਉਡਾਣ ਭਰੀ। ਮੁਕਾਬਲੇ ਤੋਂ ਬਾਅਦ ਪਾਕਿਸਤਾਨੀ ਜਹਾਜ਼ਾਂ ਨੂੰ ਪਿੱਛੇ ਹੱਟਣਾ ਪਿਆ ਅਤੇ ਬੇਸ ’ਤੇ ਹਮਲੇ ਦੀ ਯੋਜਨਾ ਛੱਡਣੀ ਪਈ; ਪਰ ਫਲਾਇੰਗ ਅਫ਼ਸਰ ਸੇਖੋਂ ਦਾ ਜਹਾਜ਼ ਕਰੈਸ਼ ਹੋ ਗਿਆ, ਜਿਸ ਵਿੱਚ ਉਨ੍ਹਾਂ ਦੀ ਮੌਤ ਹੋ ਗਈ।”

ਡਾਇਰੈਕਟਰ ਅਨੁਰਾਗ ਸਿੰਘ ਦੀ ਫ਼ਿਲਮ ‘ਬਾਰਡਰ-2’ ਵਿੱਚ ਲੁਧਿਆਣਾ ਦੇ ਫਲਾਇੰਗ ਅਫ਼ਸਰ ਸੇਖੋਂ ਦੀ ਕਹਾਣੀ ਹੈ ਤਾਂ ਉਥੇ ਹੀ 1997 ’ਚ ਆਈ ਸੁਪਰਹਿੱਟ ਫ਼ਿਲਮ ‘ਬਾਰਡਰ’ ਵਿੱਚ ਵੀ ਲੁਧਿਆਣਾ ਦੇ ਹੀ ਇੱਕ ਪਿੰਡ ਦੇ ਕਰਨਲ ਧਰਮਵੀਰ ਸਿੰਘ ਦਾ ਜ਼ਿਕਰ ਸੀ, ਜਿਨ੍ਹਾਂ ਦਾ ਕਿਰਦਾਰ ਅਕਸ਼ੇ ਖੰਨਾ ਨੇ ਨਿਭਾਇਆ ਸੀ।

‘ਬਾਰਡਰ’ ਫ਼ਿਲਮ ਵਿੱਚ ਅਕਸ਼ੇ ਖੰਨਾ ਅਤੇ ਸੁਨੀਲ ਸ਼ੈੱਟੀ ਵੱਲੋਂ ਨਿਭਾਏ ਗਏ ਅਸਲੀ ਕਿਰਦਾਰ ਜੰਗ ਦੇ ਮੈਦਾਨ ਵਿੱਚ ਸ਼ਹੀਦ ਹੋ ਗਏ ਸਨ। ਪਰ ਹਕੀਕਤ ਵਿੱਚ ਲੁਧਿਆਣਾ ਦੇ ਘੁਡਾਣੀ ਕਲਾਂ ਪਿੰਡ ਵਿੱਚ ਜੰਮੇ ਧਰਮਵੀਰ ਸਿੰਘ (ਜਿਨ੍ਹਾਂ ਦਾ ਕਿਰਦਾਰ ਅਕਸ਼ੇ ਖੰਨਾ ਨੇ ਨਿਭਾਇਆ) 1971 ਦੀ ਜੰਗ ਤੋਂ ਬਾਅਦ ਕਰਨਲ ਦੇ ਰੈਂਕ ਤੱਕ ਪਹੁੰਚੇ ਸਨ। ਉਨ੍ਹਾਂ ਦੀ ਮੌਤ 16 ਮਈ 2022 ਨੂੰ ਹੋਈ ਸੀ।

ਕਰਨਲ ਧਰਮਵੀਰ ਸਿੰਘ ਨੇ 2017 ਵਿੱਚ ਅਖਬਾਰ ‘ਹਿੰਦੁਸਤਾਨ ਟਾਈਮਜ਼’ ਨੂੰ ਦਿੱਤੇ ਇੰਟਰਵਿਊ ’ਚ ਦਸਿਆ ਸੀ, “ਜਦੋਂ ਫਿਲਮ ‘ਬਾਰਡਰ’ ਰਿਲੀਜ਼ ਹੋਣ ਵਾਲੀ ਸੀ ਤਾਂ ਨਿਰਦੇਸ਼ਕ ਜੇ.ਪੀ. ਦੱਤਾ ਨੇ ਕਿਹਾ ਕਿ ਸੈਂਸਰ ਬੋਰਡ ਫ਼ਿਲਮ ਰਿਲੀਜ਼ ਨਹੀਂ ਕਰ ਰਿਹਾ, ਕਿਉਂਕਿ ਉਸ ਵਿਚ ਮੇਰੇ ਕਿਰਦਾਰ ਨੂੰ ਸ਼ਹੀਦ ਹੁੰਦੇ ਦਿਖਾਇਆ ਹੈ।... ਜੇਪੀ ਦੱਤਾ ਨੇ ਕਿਹਾ ਕਿ ਉਨ੍ਹਾਂ ਨੂੰ ਫੈਕਸ ਕਰਨਾ ਪਵੇਗਾ ਕਿ ਮੈਨੂੰ ਕੋਈ ਇਤਰਾਜ਼ ਨਹੀਂ ਹੈ। ਕਈ ਲੋਕਾਂ ਨੇ ਮੈਨੂੰ ਕਾਰਵਾਈ ਕਰਨ ਨੂੰ ਕਿਹਾ, ਪਰ ਮੈਂ ਸਭ ਨੂੰ ਇਹ ਕਿਹਾ ਕਿ ਇਹ ਜੈਂਟਲਮੈਨ ਵਰਗਾ ਵਰਤਾਰਾ ਨਹੀਂ ਹੋਵੇਗਾ।”

1971 ਦੀ ਭਾਰਤ-ਪਾਕਿਸਤਾਨ ਜੰਗ ਵਿੱਚ ਬੀ.ਐੱਸ.ਐੱਫ. ਦੇ ਹੀਰੋ, ਰਿਟਾਇਰਡ ਨਾਇਕ ਭੈਰੋਂ ਸਿੰਘ ਰਾਠੌੜ ਦਾ ਕਿਰਦਾਰ ਬਾਰਡਰ ਵਿੱਚ ਸੁਨੀਲ ਸ਼ੈੱਟੀ ਨੇ ਨਿਭਾਇਆ ਸੀ। ਅਸਲ ਜ਼ਿੰਦਗੀ ਵਿੱਚ ਉਨ੍ਹਾਂ ਦੀ ਮੌਤ 19 ਦਸੰਬਰ 2022 ਨੂੰ ਹੋਈ। ਉਨ੍ਹਾਂ ਨੂੰ 1972 ਵਿੱਚ ਸੈਨਾ ਮੈਡਲ ਨਾਲ ਸਨਮਾਨਿਤ ਕੀਤਾ ਗਿਆ ਸੀ। ‘ਬਾਰਡਰ-2’ ਵਿੱਚ ਸੁਨੀਲ ਸ਼ੈੱਟੀ ਦੇ ਪੁੱਤਰ ਅਹਾਨ ਸ਼ੈੱਟੀ ਨੇ ਅਦਾਕਾਰੀ ਕੀਤੀ ਹੈ।

ਇਸੇ ਦੌਰਾਨ 1971 ਦੀ ਜੰਗ ‘ਤੇ ਬਣੀ ਫ਼ਿਲਮ ‘ਇੱਕੀਸ’ ਦੇ ਨਿਰਦੇਸ਼ਕ ਸ਼੍ਰੀਰਾਮ ਰਾਘਵਨ ਨੇ ਪੱਤਰਕਾਰ ਬਰਦਵਾਜ ਰੰਗਨ ਨਾਲ ਗੱਲਬਾਤ ਦੌਰਾਨ ਕਿਹਾ ਸੀ ਕਿ



ਫਲਾਇੰਗ ਅਫ਼ਸਰ ਨਿਰਮਲਜੀਤ ਸਿੰਘ ਸੇਖੋਂ

ਜੰਗ ‘ਤੇ ਬਣੀ ਹਰ ਚੰਗੀ ਫ਼ਿਲਮ ਅਸਲ ਵਿੱਚ ‘ਐਂਟੀ ਵਾਰ’ ਫ਼ਿਲਮ ਹੁੰਦੀ ਹੈ।

29 ਸਾਲ ਪਹਿਲੇ ਨਿਰਦੇਸ਼ਕ ਜੇ.ਪੀ. ਦੱਤਾ ਦੀ ਫ਼ਿਲਮ ‘ਬਾਰਡਰ’ ਦਾ ਇੱਕ ਦ੍ਰਿਸ਼ ਹੈ, ਜਿਸ ਵਿੱਚ ਸੁਨੀਲ ਸ਼ੈੱਟੀ (ਭੈਰੋਂ ਸਿੰਘ) ਪੁੱਛਦੇ ਹਨ, “ਤੂੰ ਫ਼ੌਜ ਕਿਉਂ ਜੁਆਇਨ ਕੀਤੀ?” ਅਕਸ਼ੇ ਖੰਨਾ ਜਵਾਬ ਦਿੰਦੇ ਹਨ, “ਪਿਤਾ ਜੀ ਨੇ ਆਪਣੇ ਪਿਆਰ ਦੀ ਕਸਮ ਦੇ ਕੇ ਵਚਨ ਲਿਆ ਸੀ ਕਿ ਮੈਂ ਫੌਜ ਹੀ ਜੁਆਇਨ ਕਰਾਂਗਾ। ਹੱਥ ਵਿੱਚ ਬੰਦੂਕ ਫੜਾ ਕੇ ਕਿਹਾ ਕਿ ਸਾਹਮਣੇ ਵਾਲੇ ਫੌਜੀ ਨੂੰ ਗੋਲੀ ਮਾਰ ਦੇ। ਉਹ ਫੌਜੀ ਜੋ ਮੇਰੀ ਤਰ੍ਹਾਂ ਕਿਸੇ ਮਾਂ ਦਾ ਪੁੱਤਰ ਹੈ, ਜਿਸ ਨੂੰ ਮੈਂ ਕਦੇ ਜ਼ਿੰਦਗੀ ਵਿੱਚ ਕਦੇ ਨਹੀਂ ਵੇਖਿਆ; ਜਿਸ ਨੇ ਮੇਰਾ ਕੁਝ ਵੀ ਨਹੀਂ ਵਿਗਾੜਿਆ; ਜਿਸਦਾ ਨਾਂ ਤੱਕ ਮੈਂ ਨਹੀਂ ਜਾਣਦਾ। ਆਖ਼ਿਰ ਕਿਉਂ? ਕਿਸ ਲਈ?” ਸੁਨੀਲ ਸ਼ੈੱਟੀ ਨੇ ਕਿਹਾ, “ਕਿਉਂਕਿ ਜੇ ਤੂੰ ਉਸਨੂੰ ਨਹੀਂ ਮਾਰੇਗਾ ਤਾਂ ਉਹ ਤੈਨੂੰ ਜਾਨ ਤੋਂ ਮਾਰ ਦੇਵੇਗਾ।”

ਹਾਲਾਂਕਿ ਆਪਣੇ ਸਵਾਲਾਂ ਦੇ ਬਾਵਜੂਦ ਫ਼ਿਲਮ ਵਿੱਚ ਅਕਸ਼ੇ ਖੰਨਾ ਜੰਗ ਲੜਦੇ ਹਨ ਅਤੇ ਜੰਗ ਦੇ ਮੈਦਾਨ ਵਿੱਚ ਸ਼ਹੀਦ ਹੋ ਜਾਂਦੇ ਹਨ। ਇਹੀ ਅਕਸ਼ੇ ਖੰਨਾ ਅੱਜ-ਕੱਲ੍ਹ ਫ਼ਿਲਮ ‘ਧੁਰੰਧਰ’ ਵਿੱਚ ਰਹਿਮਾਨ ਡਾਕੂ ਦੇ ਕਿਰਦਾਰ ਨਾਲ ਚਰਚਾ ਵਿੱਚ ਹਨ।

ਖ਼ੈਰ! ਫਿਲਮ ‘ਬਾਰਡਰ’ ਵਿੱਚ ਵੱਡੇ ਜੰਗੀ ਦ੍ਰਿਸ਼ ਦਿਖਾਏ ਗਏ ਸਨ। ਫ਼ਿਲਮ ਵਿੱਚ, ਜਿੱਥੇ ਦੇਸ਼ ਲਈ ਕੁਰਬਾਨੀ ਦਾ ਜਜ਼ਬਾ ਨਜ਼ਰ ਆਉਂਦਾ ਹੈ, ਉਨ੍ਹਾਂ ਡਾਇਲਾਗਾਂ ’ਤੇ ਥੀਏਟਰਾਂ ਵਿੱਚ ਖ਼ੂਬ ਤਾੜੀਆਂ ਵੱਜੀਆਂ। ਜਦੋਂ ਮੇਜਰ ਕੁਲਦੀਪ ਸਿੰਘ ਚਾਂਦਪੁਰੀ ਬਣੇ ਸਨੀ ਦਿਓਲ ਨੂੰ ਜੰਗ ’ਤੇ ਜਾਣ ਅਤੇ ਆਪਣੇ ਬੱਚੇ ਲਈ ਟ੍ਰਾਂਸਫ਼ਰ ਰੁਕਵਾਉਣ ਵਿੱਚੋਂ ਇੱਕ ਚੁਣਨਾ ਪਿਆ, ਤਾਂ ਉਹ ਆਪਣੀ ਪਤਨੀ ਨੂੰ ਕਹਿੰਦੇ ਹਨ ਕਿ “ਤੇਰਾ ਕੁਲਦੀਪ ਆਪਣੇ ਬੱਚੇ ਨੂੰ ਵੀ ਦੇਸ਼ ਤੋਂ ਕੁਰਬਾਨ ਕਰ ਸਕਦਾ ਹੈ।”

ਜਾਂ ਜਦੋਂ ਧਰਮਵੀਰ ਸਿੰਘ (ਅਕਸ਼ੇ ਖੰਨਾ) ਨੇ ਜੰਗ



ਮੇਜਰ ਕੁਲਦੀਪ ਸਿੰਘ ਚਾਂਦਪੁਰੀ

ਦੇ ਮੈਦਾਨ ਵਿੱਚ ਦਮ ਤੋੜਿਆ ਅਤੇ ਉਨ੍ਹਾਂ ਨੂੰ ਆਪਣੀ ਅੰਨੀ ਮਾਂ ਦਾ ਚਿਹਰਾ ਦਿੱਸਿਆ, ਜੋ ਉਸ ਲਈ ਸਿਹਰਾ ਬੁਣ ਰਹੀ ਹੁੰਦੀ ਹੈ ਤਾਂ ਉਸ ਸਮੇਂ ਦਰਸ਼ਕਾਂ ਦੀਆਂ ਅੱਖਾਂ ਭਰ ਆਈਆਂ ਸਨ। ਪਰ ਫ਼ਿਲਮ ਦੇ ਅਖ਼ੀਰ ਵਿੱਚ ਜਦੋਂ ਗੀਤ ਵੱਜਿਆ, “ਮੇਰੇ ਦੁਸ਼ਮਨ ਮੇਰੇ ਹਮਸਾਏ... ਹਮ ਅਪਨੇ ਅਪਨੇ ਖੇਤੋਂ ਮੇਂ, ਗੇਹੂੰ ਕੀ ਜਗ੍ਹਾ ਚਾਵਲ ਕੀ ਜਗ੍ਹਾ ਯੇ ਬੰਦੂਕੇ ਕਿਉਂ ਬੋਤੇ ਹੈਂ, ਜਬ ਦੋਨੋਂ ਹੀ ਕੀ ਗਲੀਓਂ ਮੇਂ, ਕੁਛ ਭੂਖੇ ਬੱਚੇ ਰੋਤੇ ਹੈਂ। ਆ ਖਾਏਂ ਕਸਮ ਅਬ ਜੰਗ ਨਹੀਂ ਹੋਨੇ ਪਾਏ...“ ਤਾਂ ਹਰੇਕ ਦੀ ਅੱਖ ਨਮ ਹੋਈ। ਹਾਲਾਂਕਿ ਫਿਲਮ ‘ਬਾਰਡਰ’ ਤੋਂ ਦੋ ਸਾਲ ਬਾਅਦ ਹੀ ਭਾਰਤ ਅਤੇ ਪਾਕਿਸਤਾਨ ਵਿਚਕਾਰ ਕਾਰਗਿਲ ਦਾ ਯੁੱਧ ਹੋਇਆ, ਜਿਸ ’ਤੇ ਸ਼ੇਰਸ਼ਾਹ ਫ਼ਿਲਮ ਬਣਾਈ ਗਈ ਸੀ।

ਜੰਗ ਜਾਂ ਜਾਸੂਸੀ ‘ਤੇ ਬਣੀਆਂ ਫ਼ਿਲਮਾਂ ਵਿੱਚ ਹੀਰੋਇਜ਼ਮ ਇੱਕ ਮਹੱਤਵਪੂਰਨ ਹਿੱਸਾ ਹੁੰਦਾ ਹੈ। ਫਿਲਮ ‘ਧੁਰੰਧਰ’ ਨੇ ਬਾਕਸ ਆਫ਼ਿਸ ‘ਤੇ ਰਿਕਾਰਡ ਤੋੜ ਕਮਾਈ ਕੀਤੀ ਹੈ, ਜਦਕਿ ਫਿਲਮ ‘ਇੱਕੀਸ’ ਨੂੰ ਆਲੋਚਕਾਂ ਦੀ ਕਾਫ਼ੀ ਪ੍ਰਸ਼ੰਸਾ ਮਿਲੀ। ਸੀਨੀਅਰ ਫ਼ਿਲਮ ਪੱਤਰਕਾਰ ਪੰਕਜ ਸ਼ੁਕਲਾ ਮੰਨਦੇ ਹਨ ਕਿ ਸਿਨੇਮਾ ਉਹ ਹੁੰਦਾ ਹੈ, ਜੋ ਕੁਝ ਵੱਖਰਾ ਕਹੇ ਅਤੇ ਇਨਸਾਨੀਅਤ ਨੂੰ ਬਚਾਉਣ ਵਾਲਾ ਨੈਰੇਟਿਵ ਲਿਆਵੇ।

ਦੂਜੇ ਪਾਸੇ, ਭਾਰਤੀ ਫੌਜ ਵਿੱਚ ਕਰਨਲ ਰਹੇ ਅਨੁਰਾਗ ਅਵਸਥੀ ਐਕਸ ‘ਤੇ ਲਿਖਦੇ ਹਨ ਕਿ “ਇੱਕੀਸ ਸੈਕੰਡ ਲੈਫ਼ਟਿਨੈਂਟ ਅਰੁਣ ਖੇਤਰਪਾਲ ਦੀ ਸ਼ਹਾਦਤ ਅਤੇ ਵਿਰਾਸਤ ਨੂੰ ਕੇਂਦਰ ਵਿੱਚ ਰੱਖਣ ਦੀ ਬਜਾਏ ਗ਼ੈਰ-ਜ਼ਰੂਰੀ ‘ਪੈਸੀਫ਼ਿਸਟ ਸੋਚ’ ‘ਤੇ ਜ਼ਿਆਦਾ ਧਿਆਨ ਦਿੰਦੀ ਹੈ।” ਸੀਨੀਅਰ ਫ਼ਿਲਮ ਪੱਤਰਕਾਰ ਅਜੇ ਬ੍ਰਹਮਾਤਜ ਕਹਿੰਦੇ ਹਨ, “ਇੱਕੀਸ ਅਰੁਣ ਖੇਤਰਪਾਲ ਦੀ ਸ਼ਹਾਦਤ ਦੀ ਕਹਾਣੀ ਤਾਂ ਹੈ ਹੀ, ਪਰ ਨਾਲ ਹੀ ਜੰਗ ਦੀ ਤਬਾਹੀ, ਮਨੁੱਖਤਾ ਅਤੇ ਮਾਫ਼ੀ ਦੀ ਕਹਾਣੀ ਵੀ ਹੈ। ਆਖ਼ਰਕਾਰ ਇਹ ਫ਼ਿਲਮ ਜੰਗ ਦੇ ਖ਼ਿਲਾਫ਼ ਹੀ ਖੜ੍ਹੀ ਹੁੰਦੀ ਹੈ।”

ਇੱਥੇ ਫ਼ਿਲਮ ‘ਰਾਜ਼ੀ’ ਵੀ ਯਾਦ ਆਉਂਦੀ ਹੈ, ਜਿਸ ਵਿੱਚ ਭਾਰਤ ਦੀ ਸਹਿਮਤ (ਆਲੀਆ ਭੱਟ) ਪਾਕਿਸਤਾਨੀ ਫੌਜੀ ਨਾਲ ਵਿਆਹ ਕਰਕੇ ਭਾਰਤ ਲਈ ਜਾਸੂਸੀ ਕਰਦੀ ਹੈ। ਉਹ ਕਹਿੰਦੀ ਹੈ, “ਮੁਲਕ ਤੋਂ ਅੱਗੇ ਕੁਝ ਨਹੀਂ, ਆਪ ਵੀ ਨਹੀਂ।” ਇਹ ਹਰਿੰਦਰ ਸਿੱਕਾ ਦੀ ਕਿਤਾਬ ‘ਤੇ ਆਧਾਰਿਤ ਇੱਕ ਅਸਲ ਭਾਰਤੀ ਅੰਡਰਕਵਰ ਮਹਿਲਾ ਏਜੰਟ ਦੀ ਕਹਾਣੀ ਸੀ। ਫਿਲਮ ‘ਰਾਜ਼ੀ’ ਦਾ ਇੱਕ ਦ੍ਰਿਸ਼ ਦਰਸ਼ਕਾਂ ਨੂੰ ਬੇਅਰਾਮ ਕਰ ਦਿੰਦਾ ਹੈ, ਜਦੋਂ ਸਭ ਕੁਝ ਗਵਾ ਕੇ ਸਹਿਮਤ ਸਵਾਲ ਚੁੱਕਦੀ ਹੈ, “ਨਹੀਂ ਸਮਝ ਆਤੀ ਆਪਕੀ ਯੇ ਦੁਨੀਆ, ਨਾ ਰਿਸ਼ਤੋਂ ਕੀ ਕਦਰ ਹੈ ਨਾ ਜਾਨ ਕੀ, ਇਸ ਸੇ ਪਹਿਲੇ ਮੈਂ ਪੂਰੀ ਤਰਹ ਆਪ ਜੈਸੀ ਬਣ ਜਾਊਂ ਮੁਝੇ ਇਸ ਸਬ ਸੇ ਨਿਕਲਨਾ ਹੈ, ਮੁਝੇ ਅਪਨੇ ਘਰ ਜਾਨਾ ਹੈ।”

ਫ਼ਿਲਮ ‘ਬਾਰਡਰ’ ਜੰਗ ਅਤੇ ਸਿਪਾਹੀਆਂ ਦੀ ਕਹਾਣੀ ਹੋਣ ਦੇ ਬਾਵਜੂਦ ਉਨ੍ਹਾਂ ਦੇ ਸੁਪਨਿਆਂ, ਬੈਰਕਾਂ ਵਿਚਕਾਰ ਬਣਦੀਆਂ ਦੋਸਤੀਆਂ ਅਤੇ ਅਧੂਰੀਆਂ ਖ਼ਾਹਿਸ਼ਾਂ ਲਈ ਵੀ ਥਾਂ ਬਣਾਉਂਦੀ ਹੈ। ਮਾਰੂਥਲ ਵਿੱਚ ਜਦੋਂ ਸਿਪਾਹੀਆਂ ਦੀ ਚਿੱਠੀ ਆਉਂਦੀ ਹੈ, ਤਾਂ ਨੌਂ ਮਿੰਟ ਲੰਬਾ ਗੀਤ ‘ਸੰਦੇਸੇ ਆਤੇ ਹੈਂ’ ਹਰ ਫੌਜੀ ਦੀ ਕਹਾਣੀ ਬੁਣ ਦਿੰਦਾ ਹੈ। ਇੱਥੇ ‘ਬਾਰਡਰ’ ਦਾ ਉਹ ਦ੍ਰਿਸ਼ ਯਾਦ ਆਉਂਦਾ ਹੈ, ਜੋ ਲੰਬਾ ਹੋਣ ਕਾਰਨ ਫ਼ਿਲਮ ਤੋਂ ਕੱਟ ਦਿੱਤਾ ਗਿਆ ਸੀ। ਸਨੀ ਦਿਓਲ ਨੇ ਰਣਬੀਰ ਅਲਾਹਾਬਾਦੀਆ ਦੇ ਪੌਡਕਾਸਟ ਵਿੱਚ ਦੱਸਿਆ ਸੀ, “ਜੰਗ ਖ਼ਤਮ ਹੋਣ ਤੋਂ ਬਾਅਦ ਮੈਂ ਉੱਥੇ ਬਣੇ ਮੰਦਰ ਵਿੱਚ ਜਾਂਦਾ ਹਾਂ। ਪਿੱਛੇ ਟੁੱਟਿਆ ਹੋਇਆ ਟੈਂਕ ਹੁੰਦਾ ਹੈ। ਮੈਨੂੰ ਉਹ ਸਾਰੇ ਸਿਪਾਹੀ ਬੈਠੇ ਦਿੱਸਦੇ ਹਨ, ਜੋ ਮਾਰੇ ਗਏ ਸਨ। ਮੈਂ ਉਨ੍ਹਾਂ ਨੂੰ ਕਹਿੰਦਾ ਹਾਂ- ਤੁਸੀਂ ਹੁਣ ਜਿਸ ਦੁਨੀਆ ਵਿੱਚ ਹੋ, ਉਹ ਜੰਨਤ ਹੈ, ਉੱਥੇ ਕੋਈ ਜੰਗ ਨਹੀਂ ਹੁੰਦੀ।”

ਸੋਸ਼ਲ ਮੀਡੀਆ ‘ਤੇ ਇਸ ਤਰ੍ਹਾਂ ਦੀਆਂ ਫ਼ਿਲਮਾਂ ਨੂੰ ਲੈ ਕੇ ਚੱਲ ਰਹੀ ਬਹਿਸ ਬਾਰੇ ਸੀਨੀਅਰ ਪੱਤਰਕਾਰ ਪੰਕਜ ਸ਼ੁਕਲਾ ਕਹਿੰਦੇ ਹਨ, “”ਧੁਰੰਧਰ ਜੀਓ ਸਟੂਡੀਓਜ਼ ਨੇ ਬਣਾਈ ਹੈ ਅਤੇ ‘ਇੱਕੀਸ’ ਨੂੰ ਵੀ ਜੀਓ ਸਟੂਡੀਓਜ਼ ਨੇ ਹੀ ਡਿਸਟ੍ਰਿਬਿਊਟ ਕੀਤਾ ਹੈ। ਦੋਹਾਂ ਦਾ ਨਫ਼ਾ-ਨੁਕਸਾਨ ਇੱਕੋ ਕੰਪਨੀ ਦਾ ਹੈ। ਇਸ ਲਈ ਦੋਹਾਂ ਫ਼ਿਲਮਾਂ ਦੀ ਤੁਲਨਾ ਕਰਕੇ ਸੋਸ਼ਲ ਮੀਡੀਆ ‘ਤੇ ਆਪਸ ਵਿੱਚ ਨਾ ਲੜੋ।”

# ਕੀ ਹੈ ChatGPT ਦੀ ਨਕਲ ਕਰਦੀ ‘Sikh GPT’?


## ‘Sikh GPT’ ਦੀ ਜਾਣਕਾਰੀ ਝੂਠੀ ਤੇ ਗਲਤ: ਯੂਨਾਈਟਿਡ ਸਿੱਖਸ (ਯੂ.ਕੇ.)

**ਮਨਧੀਰ ਸਿੰਘ ਦਿਓਲ**

ਆਧੁਨਿਕ ਤਕਨੀਕ ਨੇ ਹਰ ਕੰਮ ਨੂੰ ਸੁਖਾਲਾ ਕਰ ਦਿੱਤਾ ਹੈ। ਗੱਲ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਦੀ ਕਰੀਏ ਤਾਂ ਇਸ ਦੀ ਵਰਤੋਂ ਵੀ ਹੋ ਰਹੀ ਹੈ ਤੇ ਦੁਰਵਰਤੋਂ ਵੀ ਹੋ ਰਹੀ ਹੈ। ਹੁਣ ਹਰ ਸਵਾਲ ਦਾ ਜਵਾਬ ਏ.ਆਈ. ਤੋਂ ਲੱਭ ਲਿਆ ਜਾਂਦਾ ਹੈ, ਪਰ ਜਦੋਂ ਧਾਰਮਿਕ ਮਾਮਲਿਆਂ ਵਿੱਚ ਇਸ ਤਕਨੀਕ ਦੀ ਸ਼ਮੂਲੀਅਤ ਹੁੰਦੀ ਹੈ ਤਾਂ ਗਲਤੀਆਂ ਦੀ ਗੁੰਜਾਇਸ਼ ਤੇ ਦੁਰਵਤਰੋਂ ਦਾ ਖਦਸ਼ਾ ਵੀ ਵੱਧ ਜਾਂਦਾ ਹੈ। ਅਜਿਹਾ ਹੀ ਇੱਕ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ‘ChatGPT’ ਦੀ ਨਕਲ ਕਰਦੀ ‘Sikh GPT’ ਨਾਮਕ ਏ.ਆਈ. ਪਲੈਟਫਾਰਮ ਨੇ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰ ਦਿੱਤੇ ਹਨ। ਜਾਣਕਾਰੀ ਅਨੁਸਾਰ ‘Sikh GPT’ ਦੀ ਸਮੱਗਰੀ ਵਿੱਚ ਗੰਭੀਰ ਗਲਤੀਆਂ ਅਤੇ ਅੰਤਰਵਿਰੋਧ ਦਿਖਾਈ ਦਿੱਤੇ ਹਨ। ਇਸ ਮਾਮਲੇ ਦੀ ਸੰਜੀਦਗੀ ਨਾਲ ਜਾਂਚ ਕਰਦਿਆਂ ਯੂਨਾਈਟਿਡ ਸਿੱਖਸ (ਯੂ.ਕੇ.) ਨੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਰਸਮੀ ਤੌਰ ’ਤੇ ਦਖ਼ਲ ਦੇਣ ਦੀ ਮੰਗ ਕੀਤੀ ਹੈ।

### ਕੀ ਹੈ ‘Sikh GPT’?

ਐਪ ਸਟੋਰ ਅਤੇ ਗੂਗਲ ਪਲੇਅ ’ਤੇ ਉਪਲੱਬਧ ‘Sikh GPT’ ਇੱਕ ਏ.ਆਈ. ਆਧਾਰਿਤ ਟੂਲ ਹੈ, ਜੋ ਆਪਣੇ ਆਪ ਨੂੰ ਸਿੱਖੀ, ਗੁਰਬਾਣੀ, ਇਤਿਹਾਸ ਅਤੇ ਰਹਿਤ-ਮਰਿਆਦਾ ਨਾਲ ਸਬੰਧਤ ਸਵਾਲਾਂ ਦੇ ਜਵਾਬ ਦੇਣ ਵਾਲਾ ਪਲੈਟਫਾਰਮ ਹੋਣ ਦਾ ਦਾਅਵਾ ਕਰਦਾ ਹੈ, ਉਹ ਵੀ ਡਿਸਕਲੇਮਰਾਂ ਸਮੇਤ; ਪਰ ਯੂਨਾਈਟਿਡ ਸਿੱਖਸ (ਯੂ.ਕੇ.) ਅਨੁਸਾਰ ਇਸ ਪਲੈਟਫਾਰਮ ਵੱਲੋਂ ਦਿੱਤੇ ਜਾ ਰਹੇ ਕਈ ਜਵਾਬ ਬਾਣੀ ਨਾਲ ਮੇਲ ਨਹੀਂ ਖਾਂਦੇ, ਤੱਥਾਂ ਤੋਂ ਵੱਖ ਤੇ ਅਧੂਰੇ ਹਨ ਅਤੇ ਕਾਫੀ ਗਲਤ ਵੀ ਹਨ।









ਇਹ ਮਾਮਲਾ ਯੂਨਾਈਟਿਡ ਸਿੱਖਸ (ਯੂ.ਕੇ.) ਦੇ ਕਮਿਊਨੀਕੇਸ਼ਨਜ਼ ਅਤੇ ਐਡਵੋਕੇਸੀ ਡਾਇਰੈਕਟਰ ਹਰਮੀਤ ਸ਼ਾਹ ਸਿੰਘ, ਜੋ ਇੱਕ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਦੇ ਤਜਰਬੇਕਾਰ ਜਾਂਚ ਪੱਤਰਕਾਰ ਅਤੇ ਸੰਪਾਦਕ ਰਹੇ ਹਨ, ਨੇ ਚੁੱਕਿਆ ਹੈ। ਉਨ੍ਹਾਂ ਨੇ ‘Sikh GPT’ ’ਤੇ ਸੁਚੱਜੇ, ਤੱਥ-ਆਧਾਰਿਤ ਅਤੇ ਪਰਖਯੋਗ ਪ੍ਰੌਂਪਟਸ ਦੇ ਕੇ ਉਸ ਦੀ ਸਮੱਗਰੀ ਦੀ ਜਾਂਚ ਕੀਤੀ। ਇਨ੍ਹਾਂ ਪ੍ਰੌਂਪਟਸ ਰਾਹੀਂ ਦਿੱਤੇ ਗਏ ਜਵਾਬਾਂ ਵਿੱਚ ਗਲਤ ਪੰਕਤੀਆਂ ਨੂੰ ਗੁਰਬਾਣੀ ਵਜੋਂ ਦਰਸਾਇਆ ਗਿਆ ਅਤੇ ਬਾਣੀ ਦੇ ਅੱਖਰਾਂ, ਅੰਗਾਂ ਦੇ ਅੰਕਾਂ ਸਬੰਧੀ ਗੰਭੀਰ ਗਲਤੀਆਂ ਸਾਹਮਣੇ ਆਈਆਂ, ਜਿਸ ਨਾਲ ਇਹ ਸਪਸ਼ਟ ਹੋ ਗਿਆ ਕਿ ਪਲੈਟਫਾਰਮ ਭਰੋਸੇਯੋਗ ਧਾਰਮਿਕ ਸਰੋਤ ਵਜੋਂ ਕੰਮ ਕਰਨ ਦੇ ਯੋਗ ਨਹੀਂ ਹੈ।

**ਪੰਥਕ ਜਾਂਚ ਦੀ ਮੰਗ:** ਸੰਸਥਾ ਦਾ ਕਹਿਣਾ ਹੈ ਕਿ ਜੇ ਇਹ ਗਲਤੀਆਂ ਸਮੇਂ ’ਤੇ ਉਜਾਗਰ ਨਾ ਕੀਤੀਆਂ ਜਾਂਦੀਆਂ ਤਾਂ ‘Sikh GPT’ ਚੁੱਪਚਾਪ ਏ.ਆਈ. ਜਗਤ ਵਿੱਚ ਕੰਮ ਕਰਦਾ ਰਹਿੰਦਾ ਅਤੇ ਨਵੀਂ ਪੀੜ੍ਹੀ ਤੱਕ ਗਲਤ ਜਾਣਕਾਰੀ ਪਹੁੰਚਾਉਂਦਾ ਰਹਿੰਦਾ। ਇਹ ਪਲੈਟਫਾਰਮ ਬਿਨਾਂ ਕਿਸੇ ਪੰਥਕ ਨਿਗਰਾਨੀ ਦੇ ਇੱਕ ਅਣਉਪਚਾਰਿਕ ਧਾਰਮਿਕ ਅਥਾਰਟੀ ਵਾਂਗ ਵਰਤਿਆ ਜਾਣ ਲੱਗ ਪੈਂਦਾ।

ਯੂਨਾਈਟਿਡ ਸਿੱਖਸ (ਯੂ.ਕੇ.) ਅਨੁਸਾਰ ਇਹ ਮਾਮਲਾ ਸਾਫ਼ ਤੌਰ ’ਤੇ ਦੱਸਦਾ ਹੈ ਕਿ ਮੌਜੂਦਾ ਏ.ਆਈ. ਦੇ ਦੌਰ ਵਿੱਚ ਫੈਕਟ-ਚੈਕਿੰਗ ਸਭ ਤੋਂ ਮਹੱਤਵਪੂਰਨ ਜ਼ਿੰਮੇਵਾਰੀ ਬਣ ਚੁੱਕੀ ਹੈ। ਤਕਨੀਕੀ ਜਵਾਬ ਭਰੋਸੇਯੋਗ ਨਹੀਂ ਹੁੰਦੇ, ਖ਼ਾਸ ਕਰਕੇ ਜਦੋਂ ਮਾਮਲਾ ਧਾਰਮਿਕ, ਇਤਿਹਾਸਕ ਅਤੇ ਆਤਮਿਕ ਸੱਚਾਈ ਨਾਲ ਜੁੜਿਆ ਹੋਵੇ।

ਲੰਘ 24 ਜਨਵਰੀ 2026 ਨੂੰ ਭੇਜੇ ਗਏ ਇੱਕ ਵਿਸਥਾਰਤ ਪੱਤਰ ਰਾਹੀਂ ਯੂਨਾਈਟਿਡ ਸਿੱਖਸ (ਯੂ.ਕੇ.) ਵੱਲੋਂ ਹਰਮੀਤ ਸ਼ਾਹ ਸਿੰਘ ਨੇ ਅਕਾਲ ਤਖ਼ਤ ਸਾਹਿਬ ਤੋਂ ਮੰਗ ਕੀਤੀ ਹੈ ਕਿ ‘Sikh GPT’ ਵਰਗੇ ਏ.ਆਈ. ਪਲੈਟਫਾਰਮਾਂ ਦੀ ਪੰਥਕ ਜਾਂਚ ਕੀਤੀ ਜਾਵੇ, ਸਿੱਖੀ ਨਾਲ ਸਬੰਧਤ ਏ.ਆਈ. ਵਰਤੋਂ ਲਈ ਦਿਸ਼ਾ-ਨਿਰਦੇਸ਼ ਨਿਰਧਾਰਤ ਕੀਤੇ ਜਾਣ ਅਤੇ ਲੋੜ ਪੈਣ ’ਤੇ ਸਬੰਧਤ ਪੱਖ ਨੂੰ ਕਾਰਨ-ਦੱਸੋ ਨੋਟਿਸ ਜਾਰੀ ਕੀਤਾ ਜਾਵੇ। ਇਹ ਪੱਤਰ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੱਕ ਭੇਜਿਆ ਗਿਆ ਹੈ।

Prepare for Tomorrow Now With Comprehensive Retirement Planning

■Annuities ■Life Insurance ■Long-Term Care
■Medicare Planning ■Disability Income



Call Gurpreet Singh
*Retirement and Insurance Advisor*
Cell: 630-677-6144
Email: Preetisingh@ffig.com

FUTURITY FIRST
Retirement | Life | Health

Futurity First Insurance Group



Hiring Local & Midwest Drivers and Dedicated Lanes & Owner Operators



NT corp
4800 Vernon Ave,
Ste. C,
McCook, IL 60525
Ph: 847-562-5860 ext. 1003
Fax: 847-897-2660

Premium Truck & Trailer Tires
We also provide installation services
ਅਸੀਂ ਇੰਸਟਾਲੇਸ਼ਨ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ

HT
HAMPSHIRE TIRES

ਟਰੱਕਾਂ ਅਤੇ ਟਰਾਲਿਆਂ ਲਈ
ਵਧੀਆ ਕਿਸਮ ਦੇ ਟਾਇਰ
ਲੈਣ ਲਈ ਸੰਪਰਕ ਕਰੋ



*ਹੈਂਪਸ਼ਾਇਰ ਟਾਇਰਜ਼* *ਭਰੋਸੇਮੰਦ ਅਤੇ ਹੰਢਣਸਾਰ*

Hampshire Tires
235 Industrial Dr., Hampshire, IL 60140
Ph: 847-556-9996
Email: info@hampshiretires.com www.hampshiretires.com



SAKHI ATTIRE



*Bridal Lehenga
*Party Lehenga
*Punjabi Suit
*Co Ord Sets
*Kallire *Chuda
*Punjabi Jutti
*Jewellery

*ਦੁਲਹਨ ਦਾ ਲਹਿੰਗਾ
*ਪਾਰਟੀ ਲਹਿੰਗਾ
*ਪੰਜਾਬੀ ਸੂਟ
*ਕਲੀਰੇ
*ਪੰਜਾਬੀ ਜੁੱਤੀ
*ਗਹਿਣੇ *ਚੂੜਾ
...ਅਤੇ ਹੋਰ ਬੜਾ ਕੁਝ

Rupi Sidhu
sakhi.attire
Ph: 630-415-7389
rupisidhu30@gmail.com